ਕਲਾਸਕੀ ਸਾਹਿਤ ਪੁਸਤਕ ਲੜੀ

ਦਸਮ ਗ੍ਰੰਥ ਦੀ ਚੋਣਵੀਂ ਬਾਣੀ

ਸੰਪਾਦਕ

ਡਾ. ਸੇਵਾ ਸਿੰਘ

ਨੈਸ਼ਨਲ ਬੁਕ ਟਰੱਸਟ, ਇੰਡੀਆ

ISBN 81 - 237 - 2280 - x

1998 (ਸ਼ੱਕ ਸੰਮਤ 1918)

Dasam Granth Di Chonveen Bani *(Original Punjabi)*

ਮੁੱਲ : 60.00

ਨਿਰਦੇਸ਼ਕ, ਨੈਸ਼ਨਲ ਬੁਕ ਟਰੱਸਟ, ਇੰਡੀਆ, ਏ-5 ਗਰੀਨ ਪਾਰਕ
ਨਵੀਂ ਦਿੱਲੀ - 110006 ਵਲੋਂ ਪ੍ਰਕਾਸ਼ਿਤ

ਤਤਕਰਾ

ਦੋ ਸ਼ਬਦ

ਗੁਰੂ ਗੋਬਿੰਦ ਸਿੰਘ ਜੀ ਨੇ ਵਿਸ਼ਾਲ ਸਾਹਿਤ ਦੀ ਸਿਰਜਣਾ ਕੀਤੀ। ਕਿਹਾ ਜਾਂਦਾ ਹੈ ਕਿ ਇਹ ਸਾਹਿਤ ਅਨੰਦਪੁਰ ਦਾ ਕਿਲ੍ਹਾ ਛੱਡਣ ਸਮੇਂ ਸਰਸਾ ਨਦੀ ਦੇ ਤੇਜ਼ ਵਹਾਅ ਵਿਚ ਰੁੜ੍ਹ ਗਿਆ ਸੀ। ਸਿੱਖਾਂ ਪਾਸ ਵਿਕੋਲਿਤਰੀਆਂ ਰਚਨਾਵਾਂ ਪਈਆਂ ਸਨ। 1711 ਤੋਂ 1726 ਈਸਵੀ ਦੇ ਸਮੇਂ ਵਿਚ ਮਾਤਾ ਸੁੰਦਰੀ ਜੀ ਦੀ ਨਿਗਰਾਨੀ ਹੇਠ ਭਾਈ ਮਨੀ ਸਿੰਘ ਦੁਆਰਾ ਇਹਨਾਂ ਨੂੰ ਲੱਭ ਕੇ ਬੀੜ ਦੇ ਰੂਪ ਵਿਚ ਸੰਕਲਿਤ ਕੀਤਾ ਗਿਆ। ਇਸ ਬੀੜ ਨੂੰ ਪਹਿਲਾਂ 'ਦਸਮ ਪਾਤਸ਼ਾਹ ਕਾ ਗ੍ਰੰਥ' ਕਿਹਾ ਗਿਆ ਜੋ ਬਾਅਦ ਵਿਚ 'ਦਸਮ ਗ੍ਰੰਥ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਭਾਈ ਮਨੀ ਸਿੰਘ ਜੀ ਦਮਦਮਾ ਸਾਹਿਬ ਵਿਖੇ ਪਹਿਲਾਂ ਹੀ ਗੁਰੂ ਸਾਹਿਬ ਦੀ ਅਗਵਾਈ ਵਿਚ 'ਆਦਿ ਗ੍ਰੰਥ' ਦੇ ਲਿਖਾਰੀ ਦਾ ਕਾਰਜ ਕਰ ਚੁੱਕੇ ਹਨ।

ਇਸ ਗ੍ਰੰਥ ਵਿਚ 17195 ਛੰਦ ਹਨ, ਪੰਨਿਆਂ ਦੀ ਸੰਖਿਆ 1428 ਹੈ ਅਤੇ ਇਸ ਵਿਚ 16 ਨਿਮਨਲਿਖਤ ਰਚਨਾਵਾਂ ਹਨ: ਜਾਪੁ, ਅਕਾਲ ਉਸਤਤਿ, ਬਿਚਿਤ੍ਰ ਨਾਟਕ, ਚੰਡੀ ਚਰਿਤ੍ਰ (ਉਕਤਿ ਬਿਲਾਸ), ਚੰਡੀ ਚਰਿਤ੍ਰ (ਦੂਜਾ), ਵਾਰ ਸ੍ਰੀ ਭਗਉਤੀ ਜੀ ਕੀ, ਗਿਆਨ ਪ੍ਰਬੋਧ, ਚਉਬੀਸ ਅਵਤਾਰ, ਬ੍ਰਹਮਾ ਅਵਤਾਰ, ਰੁਦ੍ਰਾਵਤਾਰ, ਸ਼ਬਦ ਹਜ਼ਾਰੇ, ਸਵੱਯੇ, ਖਾਲਸਾ ਮਹਿਮਾ, ਸ਼ਸਤ੍ਰ ਨਾਮ ਮਾਲਾ ਚਰਿਤ੍ਰੋਪਾਖ਼ਿਆਨ ਤੇ ਜ਼ਫ਼ਰ ਨਾਮਹ।

ਗੁਰੂ ਜੀ ਦੇ ਇਸ ਵਿਸ਼ਾਲ ਸਾਹਿਤ ਖਜ਼ਾਨੇ ਤੋਂ ਚੋਣਵੀਂ ਬਾਣੀ ਦਾ ਨਿਰਧਾਰਨ ਕਰਨਾ ਤੇ ਸੰਖੇਪ ਸੰਕਲਨ ਤਿਆਰ ਕਰਨਾ ਔਖਾ ਕਾਰਜ ਹੈ। ਇਸ ਮੁਸ਼ਕਲ ਕਾਰਜ ਲਈ ਉਹਨਾਂ ਰਚਨਾਵਾਂ ਦੇ ਚੋਣਵੇਂ ਅੰਸ਼ ਹਥਲੇ ਸੰਕਲਨ ਵਿਚ ਸ਼ਾਮਿਲ ਕੀਤੇ ਗਏ ਹਨ ਜਿਨ੍ਹਾਂ ਦੇ ਆਧਾਰ ਤੇ ਗੁਰੂ ਜੀ ਦੇ ਜੀਵਨ ਅਤੇ ਚਿੰਤਨ ਨੂੰ ਵਧੇਰੇ ਸਪਸ਼ਟਤਾ ਨਾਲ ਸਮਝਿਆ ਜਾ ਸਕੇ।

ਗੁਰੂ ਗੋਬਿੰਦ ਸਿੰਘ ਦਾ ਸਾਹਿਤ ਰਹਸਮਈ ਅਤੇ ਜਟਿਲ ਪੌਰਾਣਿਕ ਸੰਦਰਭਾਂ ਅਤੇ ਪ੍ਰਤੀਕਾਂ ਰਾਹੀਂ ਪਾਰਗਾਮੀ ਅਤੇ ਦੂਰਗਾਮੀ ਪ੍ਰਭਾਵਾਂ ਦਾ ਲਖਾਇਕ ਹੈ। ਗੁਰੂ ਸਾਹਿਬ ਨੇ 'ਅਕਾਲ ਪੁਰਖ' ਪ੍ਰਤੀ ਵਿਵੇਕਮੂਲਕ ਭਗਤੀ ਦੀ ਬੁਨਿਆਦ ਉਤੇ ਬ੍ਰਹਿਮੰਡੀ ਵਰਤਾਰੇ ਦੇ ਦ੍ਵੰਦ ਨੂੰ ਧਰਮ ਯੁੱਧ ਦੇ ਸੰਕਲਪ ਵਿਚ ਉਜਾਗਰ ਕਰਦਿਆਂ ਹੋਇਆਂ ਸੰਭਾਵੀ ਮਨੁੱਖੀ ਚੇਤਨਾ ਨੂੰ ਇਕ ਵਿਰਾਟ ਅਤੇ ਸਦੀਵੀ ਦਾਰਸ਼ਨਿਕ ਆਧਾਰ ਪ੍ਰਦਾਨ ਕੀਤਾ ਹੈ। ਗੁਰੂ ਜੀ ਦਾ ਇਹ ਚਿੰਤਨ 'ਜਾਪੁ' ਸਾਹਿਬ ਤੋਂ ਲੈ ਕੇ 'ਜ਼ਫ਼ਰਨਾਮਹ' ਤਕ ਸਾਰੀਆਂ ਰਚਨਾਵਾਂ ਵਿਚ ਲੜੀ ਵਾਂਗ ਪਰੋਇਆ ਹੋਇਆ ਹੈ। ਇਸ ਤਰ੍ਹਾਂ ਚੋਣਵੀਂ ਬਾਣੀ ਦਾ ਪ੍ਰਸਤੁਤ ਸੰਕਲਨ ਤਿਆਰ ਕਰਦੇ ਸਮੇਂ ਇਹ ਉਦੇਸ਼ ਵੀ ਮੱਦੇਨਜ਼ਰ ਰਿਹਾ ਹੈ ਕਿ ਗੁਰੂ ਜੀ ਦੇ ਚਿੰਤਨ ਦੀ ਇਹ ਨਿਰੰਤਰਤਾ ਬਣਾਈ ਰਖੀ ਜਾ ਸਕੇ। ਨਾਲ ਹੀ ਬਾਣੀ ਨੂੰ ਵਧੇਰੇ ਬੋਧ ਯੋਗ ਬਨਾਉਣ ਲਈ ਅਰਥ ਵੀ ਦਿਤੇ ਗਏ ਹਨ ਤੇ ਹਰ ਬਾਣੀ ਬਾਰੇ ਸੰਖੇਪ ਜਾਣਕਾਰੀ ਵੀ ਦਿੱਤੀ ਗਈ ਹੈ।

ਅਧਿਕਾਰੀ ਵਿਦਵਾਨਾਂ, ਉਨ੍ਹਾਂ ਦੇ ਗ੍ਰੰਥਾਂ ਅਤੇ ਵਿਦਵਾਨ ਮਿਤਰਾਂ ਤੋਂ ਨਿੱਜੀ ਤੌਰ ਤੇ ਲਏ ਗਏ ਭਰਪੂਰ ਸਹਿਯੋਗ ਦਾ ਮੈਂ ਬਹੁਤ ਧੰਨਵਾਦੀ ਹਾਂ ਕਿਉਂਕਿ ਪ੍ਰਸਤੁਤ ਜਤਨ ਉਹਨਾਂ ਦੇ ਯੋਗਦਾਨ ਦਾ ਸਿੱਟਾ ਹੈ। ਰਚਨਾ ਵਿਚਲੀਆਂ ਊਣਤਾਈਆਂ ਦਾ ਜ਼ਿੰਮੇਵਾਰ ਮੈਂ ਆਪ ਹਾਂ।

ਨੈਸ਼ਨਲ ਬੁਕ ਟਰੱਸਟ, ਇੰਡੀਆ ਦੇ ਪ੍ਰਬੰਧਕਾਂ ਨੇ ਇਹ ਕੰਮ ਸੌਂਪ ਕੇ ਮੈਨੂੰ ਪਾਰਗਾਮੀ ਅਤੇ ਅਲੌਕਿਕ ਅਨੁਭਵ ਦੀ ਛੁਹ ਨਾਲ ਇਕ ਨਵੇਂ ਸਮਾਜਿਕ ਰੂਪਾਂਤਰਣ ਦੀ ਪ੍ਰਕਿਰਿਆ ਨੂੰ ਸਮਝਣ ਤੇ ਮਾਨਣ ਦਾ ਜੋ ਅਵਸਰ ਪ੍ਰਦਾਨ ਕੀਤਾ ਉਸ ਲਈ ਮੈ ਆਭਾਰੀ ਹਾਂ। ਟਰੱਸਟ ਦੇ ਸੰਪਾਦਕ ਡਾ. ਬਲਦੇਵ ਸਿੰਘ 'ਬੱਦਨ' ਵੀ ਮੈਨੂੰ ਨਿਰੰਤਰ ਸਾਰੇ ਕਾਰਜ ਵਿਚ ਪ੍ਰੇਰਿਤ ਕਰਦੇ ਰਹੇ ਹਨ, ਜਿਸ ਲਈ ਮੈਂ ਉਹਨਾਂ ਦਾ ਵੀ ਤਹਿ ਦਿਲੋਂ ਆਭਾਰੀ ਹਾਂ।

– **ਡਾ. ਸੇਵਾ ਸਿੰਘ**

ਗੁਰੂ ਗੋਬਿੰਦ ਸਿੰਘ

(1666–1708 ਈਸਵੀ)

ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਦਾ ਜੀਵਨ ਅਤੇ ਸਾਹਿਤ ਮਨੁੱਖਤਾ ਨੂੰ ਸਦੀਵੀ ਸੇਧ ਪ੍ਰਦਾਨ ਕਰਨ ਦੀ ਸਮਰਥਾ ਰੱਖਦਾ ਹੈ। ਮਨੁੱਖੀ ਇਤਿਹਾਸ ਦੇ ਪੰਨਿਆਂ ਉਤੇ ਉਹਨਾਂ ਦੇ ਵਿਅਕਤਿਤਵ ਦੀ ਅਮਿਟ ਛਾਪ ਹੈ। ਗੁਰੂ ਜੀ ਨੇ ਗੁਰਮਤਿ ਦੇ ਸਿੱਧਾਂਤ ਤੇ ਸਾਧਨਾ ਨੂੰ ਵਧੇਰੇ ਪਾਸਾਰ ਦਿੱਤਾ ਤੇ ਭਗਤੀ ਅਤੇ ਸ਼ਕਤੀ ਦਾ ਸੁਮੇਲ ਕਰਦਿਆਂ ਹੋਇਆਂ ਨਵੀਆਂ ਸਦੀਵੀ ਕਦਰਾਂ ਕੀਮਤਾਂ ਦੀ ਉਸਾਰੀ ਕੀਤੀ। ਉਹਨਾਂ ਦੀ ਸੰਗਠਨਾਤਮਕ ਦੂਰਦਰਸਿਤਾ, ਤਿਆਗ ਤੇ ਬਲਿਦਾਨ ਬੇਮਿਸਾਲ ਸੀ।

ਇਸ ਅਲੌਕਿਕ ਸ਼ਖ਼ਸੀਅਤ ਵਾਲੇ ਮਹਾਨ ਆਗੂ ਦਾ ਜਨਮ ਬਿਹਾਰ ਪ੍ਰਾਂਤ ਦੇ ਪਟਨਾ ਸ਼ਹਿਰ ਵਿਖੇ 22 ਦਸੰਬਰ, 1666 ਈਸਵੀ ਨੂੰ ਉਸ ਸਮੇਂ ਹੋਇਆ ਜਦੋਂ ਭਾਰਤੀ ਇਤਿਹਾਸ ਸੰਕਟ ਭਰਪੂਰ ਦੌਰ ਵਿਚੋਂ ਲੰਘ ਰਿਹਾ ਸੀ। ਇਹ ਸਮਾਂ ਮੁਗਲ ਰਾਜ ਦੇ ਪਤਨ ਦਾ ਸੀ। ਹੌਲੀ ਹੌਲੀ ਦੇਸ਼ ਦੇ ਵਿੱਤੀ ਸਾਧਨ ਖੇਰੂੰ ਖੇਰੂੰ ਹੋ ਰਹੇ ਸਨ। ਨਿਰਾਸ਼ ਹੋ ਕੇ ਬਾਦਸ਼ਾਹ ਔਰੰਗਜ਼ੇਬ ਇਸ ਸਥਿਤੀ ਨੂੰ ਠੱਲ ਪਾਉਣ ਦੇ ਜਤਨ ਵਿਚ ਹਰ ਤਰ੍ਹਾਂ ਦੇ ਹੜਬੇ ਵਰਤਣ ਲਈ ਮਜਬੂਰ ਹੋ ਗਿਆ ਸੀ। ਮੁਗਲ ਰਾਜ ਦੀ ਆਰਥਿਕਤਾ ਦਾ ਮੁਖ ਸ੍ਰੋਤ ਖੇਤੀ ਤੋਂ ਪ੍ਰਾਪਤ ਆਮਦਨ ਸੀ। ਪਰ ਕਿਸਾਨਾਂ ਦੀ ਹੁੰਦੀ ਲੁੱਟ ਵਿਚ ਲਗਾਤਾਰ ਵਾਧਾ ਹੋਣ ਕਰਕੇ ਸੰਕਟ ਦੀ ਸਥਿਤੀ ਪੈਦਾ ਹੋ ਗਈ ਸੀ। ਨਤੀਜੇ ਵਜੋਂ ਇਹ ਸਥਿਤੀ ਕਿਸਾਨ ਵਿਦ੍ਰੋਹਾਂ ਨੂੰ ਜਨਮ ਦੇ ਰਹੀ ਸੀ। ਇਨ੍ਹਾਂ ਵਿਦ੍ਰੋਹਾਂ ਨੂੰ ਕੁਚਲਣ ਵਿਚ ਧਾਰਮਿਕ ਉਤਪੀੜਨ ਸਭ ਤੋਂ ਕਾਰਗਰ ਸਾਧਨ ਸਮਝਿਆ ਜਾ ਰਿਹਾ ਸੀ। ਇਸ ਸਥਿਤੀ ਵਿਚ ਹਰ ਤਰ੍ਹਾਂ ਦੇ ਅਨਿਆਂ ਦੇ ਖਿਲਾਫ਼ ਕੁਰਬਾਨੀਆਂ ਸਦਕਾ 'ਗੁਰੂ ਘਰ' ਪ੍ਰਤੀ ਲੋਕ ਚੇਤਨਾ ਨੇ ਮਜਬੂਤ ਆਤਮ ਵਿਸ਼ਵਾਸ ਪੈਦਾ ਕਰ ਲਿਆ ਸੀ। ਖਾਸ ਕਰ ਉਦੋਂ ਜਦੋਂ 'ਗੁਰੂ ਘਰ' ਤੋਂ ਛੁੱਟ ਹੋਰ ਕਿਸੇ ਪਾਸਿਓਂ ਵੀ ਆਸ ਦੀ ਕੋਈ ਕਿਰਨ ਨਜ਼ਰ ਨਹੀਂ ਆ ਰਹੀ ਸੀ।

ਜਿਵੇਂ ਕਿ ਗੁਰੂ ਤੇਗ ਬਹਾਦਰ ਨੇ 'ਅਕਾਲ' ਦੇ ਨਿਸਚੈ ਨਾਲ ਕਾਲ ਤੋਂ ਨਿਰਭੈ ਹੋ ਕੇ ਨਿਰਭੈ ਦਾ ਸੰਦੇਸ਼ ਦਿੰਦਿਆਂ ਮਨੁੱਖਤਾ ਲਈ ਜ਼ੁਲਮ ਦੇ ਖਿਲਾਫ਼ ਮਹਾਨ ਸ਼ਹਾਦਤ ਦਿੱਤੀ। ਮਨੁੱਖੀ ਸੁਤੰਤਰਤਾ ਦੀ ਜੋਤ ਨੂੰ ਬਲਦਿਆਂ ਰੱਖਣ ਤੇ ਪ੍ਰਕਾਸ਼ਮਾਨ ਕਰਨ ਲਈ ਆਪਣਾ ਜੀਵਨ ਵਾਰ ਦਿੱਤਾ। ਇਹ ਘਟਨਾ 1675 ਈਸਵੀ ਦੀ ਸੀ। ਗੁਰੂ ਜੀ ਦੀ ਸ਼ਹਾਦਤ ਦੀ ਮਹਾਨਤਾ ਨੂੰ ਉਜਾਗਰ ਕਰਦਿਆਂ ਗੁਰੂ ਗੋਬਿੰਦ ਸਿੰਘ ਨੇ ਆਪਣੀ ਰਚਨਾ 'ਬਚਿਤ੍ਰ ਨਾਟਕ' ਵਿਚ ਇਸ ਸਾਕੇ ਦਾ ਚਿਤ੍ਰਣ ਕਰਦਿਆਂ ਲਿਖਿਆ ਹੈ:

ਤਿਲਕ-ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੇਤਿ ਇਤੀ ਜਿਨਿ ਕਰੀ।
ਸੀਸੁ ਦੀਯਾ ਪਰੁ ਸੀ ਨ ਉਚਰੀ।੧੩।

ਧਰਮ ਹੇਤ ਸਾਕਾ ਜਿਨਿ ਕੀਆ।
ਸੀਸੁ ਦੀਆ ਪਰੁ ਸਿਰਰੁ ਨ ਦੀਆ।

ਦੋਹਰਾ

ਠੀਕਰ ਫੋਰਿ ਦਿਲੀਸ ਸਿਰਿ
ਪ੍ਰਭਪੁਰਿ ਕੀਯਾ ਪਯਾਨ।
ਤੇਗਬਹਾਦਰ ਸੀ ਕ੍ਰਿਆ
ਕਰੀ ਨਾ ਕਿਨਹੂੰ ਆਨਿ।੧੫।
ਤੇਗ ਬਹਾਦੁਰ ਕੇ ਚਲਤ,
ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕਿ।

(ਬਿਚਿਤ੍ਰ ਨਾਟਕ)

ਪਿਤਾ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਸਮੇਂ ਆਪ ਦੀ ਆਯੂ ਕੇਵਲ ਨੌਂ ਵਰ੍ਹੇ ਸੀ। ਇਸ ਛੋਟੀ ਉਮਰ ਵਿਚ ਗੁਰਿਆਈ ਦੀ ਜ਼ਿੰਮੇਵਾਰੀ ਗ੍ਰਹਿਣ ਕਰਦਿਆਂ ਗੁਰੂ ਜੀ ਨੇ ਆਉਣ ਵਾਲੇ ਸਮੇਂ ਦੀਆਂ ਚੁਨੌਤੀਆਂ ਨੂੰ ਮੁੱਖ ਰੱਖ ਕੇ ਤਿਆਰੀਆਂ ਆਰੰਭ ਦਿੱਤੀਆਂ। ਉਹ ਪਹਿਲਾਂ ਤੋਂ ਹੀ ਆਤਮ-ਗਿਆਨ ਪ੍ਰਾਪਤ ਕਰਦੇ ਆ ਰਹੇ ਸਨ ਅਤੇ ਨਾਲ ਹੀ ਫ਼ਾਰਸੀ, ਸੰਸਕ੍ਰਿਤ ਮਹਾਂਕਾਵਿ, ਮਿਥਿਹਾਸ ਤੇ ਇਤਿਹਾਸ ਦੀ ਸਿੱਖਿਆ ਵੀ ਗ੍ਰਹਿਣ ਕਰਦੇ ਰਹੇ ਸਨ। ਉਹ ਨਾ ਕੇਵਲ ਆਪ ਸਗੋਂ ਸਿੱਖਾਂ ਨੂੰ ਵੀ ਸ਼ਸਤਰ ਵਿਦਿਆ ਵਿਚ ਨਿਪੁੰਨ ਕਰ ਰਹੇ ਸਨ। ਉਹਨਾਂ ਬੀਰਰਸੀ ਸਾਹਿਤ ਦੀ ਰਚਨਾ ਵੱਲ ਵਿਸ਼ੇਸ਼ ਧਿਆਨ ਦਿੱਤਾ।

'ਰਣਜੀਤ' ਨਾਂ ਦਾ ਇਕ ਨਗਾਰਾ ਵਜਾਇਆ ਜਾਣ ਲੱਗਾ। ਪ੍ਰਸ਼ਾਸਨ ਦੇ ਸਤਾਏ ਹੋਏ ਲੋਕ ਦੂਰ ਦੁਰਾਡਿਉਂ ਸ਼ਸਤਰਾਂ, ਘੋੜਿਆਂ ਆਦਿ ਦੀਆਂ ਭੇਟਾਂ ਲੈ ਕੇ ਗੁਰੂ ਜੀ ਦੀ ਸ਼ਰਣ ਵਿਚ ਆਉਣ ਲੱਗ ਪਏ। ਇਸ ਤਰ੍ਹਾਂ ਅਨੰਦਪੁਰ ਇਕ ਜਥੇਬੰਦਕ ਵਿਉਂਤ ਦੇ ਅਧੀਨ ਤਿਆਰ ਹੋ ਰਿਹਾ ਸੀ। ਗੁਰੂ ਜੀ ਦੀ ਦੂਰਦਰਸਿਤਾ ਇਸ ਗੱਲ ਵਿਚ ਹੈ ਕਿ ਆਉਣ ਵਾਲੇ ਸਮੇਂ ਦੀਆਂ ਮੁਸ਼ਕਲਾਂ ਦਾ ਅਨੁਮਾਨ ਲਗਾ ਕੇ ਇਸ ਲਈ ਤਿਆਰੀ ਸ਼ੁਰੂ ਕਰ ਦਿੱਤੀ ਸੀ। ਉਹਨਾਂ ਦੇ ਹੱਥਿਆਰਬੰਦ ਸੰਗਠਨ ਦੀਆਂ ਤਿਆਰੀਆਂ ਮੁਗਲ ਰਾਜ ਦੇ ਸੰਭਾਵੀ ਟਕਰਾਅ ਦੇ ਮੱਦੇਨਜ਼ਰ ਸਨ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਸੀ ਕਿ ਅੰਤਮ ਟਾਕਰੇ ਦੀ ਸਥਿਤੀ ਵਿਚ ਸਿੱਖਾਂ ਨੂੰ ਵਧੇਰੇ ਬਲਿਦਾਨ ਦੇਣੇ ਪੈਣ। ਬਦਲੀ ਹੋਈ ਸਥਿਤੀ ਵਿਚ ਸ਼ਾਂਤੀਪੂਰਨ ਪ੍ਰਤੀਕਾਰ ਦੀ ਥਾਂ ਤੇ ਜੁਝਾਰੂ ਸੰਘਰਸ਼ ਅਤਿ ਜ਼ਰੂਰੀ ਹੋ ਗਿਆ ਸੀ। ਔਰੰਗਜ਼ੇਬ ਨੂੰ ਲਿਖੇ 'ਜ਼ਫ਼ਰ ਨਾਮਹ' ਵਿਚ ਸੰਘਰਸ਼ ਦੀ ਇਹੋ ਭਾਵਨਾ ਨੂੰ ਪ੍ਰਗਟਾਉਂਦਿਆਂ ਕਿਹਾ ਗਿਆ ਹੈ ਕਿ ਜਦੋਂ ਕੋਈ ਕੰਮ ਸਾਰੇ ਹੀਲੇ, ਉਪਾਵਾਂ ਤੋਂ ਲੰਘ ਜਾਵੇ, ਤਾਂ ਹੱਥ ਵਿਚ ਤਲਵਾਰ ਲੈਣਾ ਜਾਇਜ਼ ਹੈ:

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।
ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ।੨੨।

(ਜ਼ਫ਼ਰ ਨਾਮਹ)

ਇਸ ਵਿਚਾਰਧਾਰਕ ਆਧਾਰ ਤੇ ਗੁਰੂ ਜੀ ਸਿੱਖ ਲਹਿਰ ਨੂੰ ਜਥੇਬੰਦ ਕਰਕੇ ਅਨਿਆਂ ਦੇ ਖਿਲਾਫ਼ ਮਨੁੱਖੀ ਸੁਤੰਤਰਤਾ ਲਈ ਟਕਰਾਉਣ ਦੇ ਸਮਰੱਥ ਬਣਾ ਰਹੇ ਸਨ। ਇਹ ਧਰਮ-ਯੁੱਧ ਦਾ ਸੰਕਲਪ ਸੀ, ਜਿਸ ਨੂੰ ਉਨ੍ਹਾਂ ਆਪਣੀਆਂ ਸਾਰੀਆਂ ਰਚਨਾਵਾਂ ਵਿਚ ਬੜੇ ਵਿਸਤਾਰ ਨਾਲ ਪੇਸ਼ ਕੀਤਾ ਹੈ। 'ਬਿਚਿਤ੍ਰ ਨਾਟਕ' ਗੁਰੂ ਜੀ ਦੀ ਇਕ ਤਰ੍ਹਾਂ ਨਾਲ ਸਵੈ-ਜੀਵਨੀ ਹੈ। ਇਸ ਵਿਚ ਉਨ੍ਹਾਂ ਜਗਤ ਉਤੇ ਆਉਣ ਦੇ ਆਪਣੇ ਇਸ ਉਦੇਸ਼ ਨੂੰ ਸਪਸ਼ਟ ਕਰਦਿਆਂ ਲਿਖਿਆ ਹੈ:

ਹਮ ਇਹ ਕਾਜ ਜਗਤ ਮੋ ਆਏ।।
ਧਰਮ ਹੇਤ ਗੁਰਦੇਵਿ ਪਠਾਏ।।
ਜਹਾਂ ਤਹਾਂ ਤੁਮ ਧਰਮ ਬਿਥਾਰੋ।।
ਦੁਸਟ ਦੋਖੀਯਨਿ ਪਕਰਿ ਪਛਾਰੋ।।੪੨।।
ਯਾਹੀ ਕਾਜ ਧਰਾ ਹਮ ਜਨਮੰ।।
ਸਮਝ ਲੇਹੁ ਸਾਧੂ ਸਭ ਮਨਮੰ।।
ਧਰਮ ਚਲਾਵਨ ਸੰਤ ਉਬਾਰਨ।।
ਦੁਸਟ ਸਭਨ ਕੋ ਮੂਲ ਉਪਾਰਿਨ।। ੪੩।।

ਇਸ ਤਰ੍ਹਾਂ ਧਰਮ-ਯੁੱਧ ਦੀ ਬੁਨਿਆਦ ਉਤੇ ਉਨ੍ਹਾਂ ਦੇ ਸਮੁੱਚੇ ਜੀਵਨ ਦੀਆਂ ਘਟਨਾਵਾਂ ਅਤੇ ਸਾਹਿਤ ਦਾ ਉਸਾਰ ਹੋਇਆ ਹੈ। 'ਕ੍ਰਿਸ਼ਨਾਵਤਾਰ' ਅਨੁਸਾਰ ਗੁਰੂ ਜੀ ਦਾ ਉਦੇਸ਼ 'ਅਵਰ ਵਾਸਨਾ ਨਹੀਂ ਕਿਛੁ ਧਰਮ ਜੁੱਧ ਕਾ ਚਾਇ' ਹੈ। ਆਪਣੇ ਇਸ ਉਦੇਸ਼ ਦੀ ਪ੍ਰਾਪਤੀ ਲਈ ਅਕਾਲ ਪੁਰਖ ਪਾਸੋਂ ਵਾਰ ਵਾਰ ਇਹ ਬੇਨਤੀ ਕਰਦੇ ਹਨ:

ਦੇਹ ਸਿਵਾ ਬਰੁ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ।।
ਨ ਡਰੋ ਅਰਿ ਸੋ ਜਬ ਜਾਇ ਲਰੋ
ਨਿਸਚੈ ਕਰ ਅਪੁਨੀ ਜੀਤ ਕਰੋਂ।।
ਅਰੁ ਸਿਖਹੋਂ ਆਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ।।
ਜਬ ਆਵ ਕੀ ਅਉਧ ਨਿਦਾਨ ਬਨੈ
ਅਤ ਹੀ ਰਨ ਮੇ ਤਬ ਜੂਝ ਮਰੋਂ।।

ਇਸ ਜੀਵਨ ਫ਼ਲਸਫ਼ੇ ਨੂੰ ਮੁੱਖ ਰੱਖਦਿਆਂ ਗੁਰੂ ਜੀ ਦੇ ਜੀਵਨ ਦੀਆਂ ਸਾਰੀਆਂ ਘਟਨਾਵਾਂ ਤੇ ਜੇਕਰ ਝਾਤ ਮਾਰੀਏ ਤਾਂ ਸਪਸ਼ਟ ਪ੍ਰਤੀਤ ਹੁੰਦਾ ਹੈ ਕਿ ਉਹ ਨਿਰੰਤਰ ਆਪਣੀ 'ਕਥਨੀ' ਨੂੰ 'ਕਰਨੀ' ਦਾ ਮਜ਼ਬੂਤ ਆਧਾਰ ਪ੍ਰਦਾਨ ਕਰਦੇ ਰਹੇ। ਉਨ੍ਹਾਂ ਦੀ ਸਾਰੀ ਸੈਨਿਕ ਤਿਆਰੀ ਸਾਰੇ ਯੁੱਧ ਕਿਸੇ ਨਿੱਜੀ ਵੈਰ-ਵਿਰੋਧ ਦੇ ਕਾਰਣ ਨਹੀਂ ਸਨ। ਬਲਕਿ ਇਹ ਅਕਾਲ ਪੁਰਖ ਦੇ 'ਜਗਤ ਤਮਾਸੇ' ਦੇ ਰੂਪ ਵਿਚ ਚੰਗਿਆਈ ਅਤੇ ਬੁਰਾਈ ਦਾ ਸਦੀਵੀ ਦਵੰਦ ਸੀ, ਜਿਸ ਦਾ ਨਿਰੰਤਰ ਸੁਚੇਤ ਹੋ ਕੇ ਟਾਕਰਾ ਕਰਦੇ ਰਹਿਣਾ ਹੀ ਧਰਮ-ਯੁੱਧ ਸੀ। ਉਹ 'ਬਿਚਿਤ੍ਰ ਨਾਟਕ' ਵਿਚ ਲਿਖਦੇ ਹਨ:

ਮੈ ਹੋ ਪਰਮ ਪੁਰਖ ਕੋ ਦਾਸਾ।
ਦੇਖਨਿ ਆਯੋ ਜਗਤ ਤਮਾਸਾ।

ਇਸ ਆਤਮ ਕਥਾਪਰਕ 'ਬਿਚਿਤ੍ਰ ਨਾਟਕ' ਰਚਨਾ ਵਿਚ ਗੁਰੂ ਜੀ ਨੇ ਆਪਣੇ ਲੌਕਿਕ ਜੀਵਨ ਦੀਆਂ ਅਨੇਕਾਂ ਘਟਨਾਵਾਂ ਦਾ ਬ੍ਰਿਤਾਂਤ ਵਰਣਨ ਕੀਤਾ ਹੈ। 1685 ਈਸਵੀ ਦੇ ਕਰੀਬ ਨਾਹਨ ਦੇ ਰਾਜਾ ਮੈਦਿਨੀ ਪ੍ਰਕਾਸ਼ ਦੇ ਸੱਦੇ ਉਤੇ ਗੁਰੂ ਜੀ ਅਨੰਦਪੁਰ ਤੋਂ ਪਰਿਵਾਰ ਸਮੇਤ ਆਪਣੇ ਸਿੱਖਾਂ ਤੇ ਸੈਨਾ ਨਾਲ ਨਾਹਨ ਵੱਲ ਚਲੇ ਗਏ। ਉਹਨਾਂ ਜਮਨਾ ਦੇ ਕੰਢੇ ਉਤੇ ਰਮਣੀਕ ਥਾਂ ਵੇਖ ਕੇ 12 ਦਿਨਾਂ ਵਿਚ ਹੀ ਇਕ ਕਿਲ੍ਹਾ ਤਿਆਰ ਕਰਵਾਇਆ। ਇਸ ਦਾ ਨਾਂ 'ਪਾਉਂਟਾ' ਰੱਖਿਆ ਤੇ ਇਥੇ ਗੁਰੂ ਜੀ ਲਗਭਗ ਤਿੰਨ ਸਾਲ ਰਹੇ।

ਪਾਉਂਟਾ ਸਾਹਿਬ ਵਿਚ ਰਹਿੰਦਿਆਂ ਸਭ ਤੋਂ ਵੱਡੀ ਘਟਨਾ ਭੰਗਾਣੀ ਦਾ ਯੁੱਧ ਸੀ। ਇਸ ਦਾ ਉਲੇਖ ਗੁਰੂ ਜੀ ਨੇ 'ਬਿਚਿਤ੍ਰ ਨਾਟਕ' ਵਿਚ ਕੀਤਾ ਹੈ। 1688 ਈਸਵੀ ਵਿਚ ਗੁਰੂ ਜੀ ਨੇ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਰਾਜਾ ਭੀਮ ਚੰਦ ਤੇ ਉਸ ਦੇ ਸਾਥੀਆਂ ਦਾ ਹੰਕਾਰ ਤੋੜਿਆ। ਪਾਉਂਟਾ ਸਾਹਿਬ ਵਿਖੇ ਹੀ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦਾ ਜਨਮ ਹੋਇਆ ਸੀ। ਪ੍ਰਚਲਿੱਤ ਪਰੰਪਰਾ ਅਨੁਸਾਰ ਦਰਬਾਰੀ ਕਵੀਆਂ ਦੇ ਬੀਰ ਰਸੀ ਸਾਹਿਤ ਦੇ ਨਾਲ ਨਾਲ ਗੁਰੂ ਸਾਹਿਬ ਨੇ ਆਪ ਵੀ 'ਜਾਪੁ', 'ਸਵੱਯੇ' ਅਤੇ 'ਅਕਾਲ ਉਸਤਤਿ' ਆਦਿ ਬਾਣੀਆਂ ਦੀ ਇਥੇ ਹੀ ਰਚਨਾ ਕੀਤੀ। ਗੁਰੂ ਜੀ 1688 ਈਸਵੀ ਵਿਚ ਅਨੰਦਪੁਰ ਪਰਤ ਆਏ।

1688 ਤੋਂ 1699 ਈਸਵੀ ਤਕ ਦਾ ਸਮਾਂ ਸਿੱਖ ਲਹਿਰ ਦੇ ਸੰਗਠਨ ਅਤੇ ਸੈਨਿਕ ਤਿਆਰੀ ਦਾ ਸੀ। ਸਭ ਤੋਂ ਪਹਿਲਾਂ ਸੁਰੱਖਿਆ ਦੀ ਦ੍ਰਿਸ਼ਟੀ ਨਾਲ ਉਹਨਾਂ ਨੇ ਉਥੇ 'ਅਨੰਦਗੜ੍ਹ' 'ਲੋਹਗੜ੍ਹ', 'ਕੇਸਗੜ੍ਹ' ਅਤੇ 'ਫਤਿਹਗੜ੍ਹ' ਚਾਰ ਕਿਲ੍ਹੇ ਤਿਆਰ ਕਰਵਾਏ। 1689 ਈਸਵੀ ਵਿਚ ਸੂਬੇਦਾਰ ਮੀਆਂ ਖ਼ਾਂ ਨੇ ਪਹਾੜੀ ਰਾਜਿਆਂ ਤੋਂ ਮਾਲੀਆ ਵਸੂਲ ਕਰਨ ਲਈ ਆਪਣੇ ਜਰਨੈਲ ਅਲਫ ਖ਼ਾਂ ਨੂੰ ਭੇਜਿਆ। ਭੀਮ ਚੰਦ ਪਹਾੜੀ ਰਾਜਿਆਂ ਦਾ ਮੁਖੀ ਸੀ। ਉਸ ਨੇ ਗੁਰੂ ਜੀ ਤੋਂ ਸਹਾਇਤਾ ਮੰਗੀ। ਗੁਰੂ ਜੀ ਨੇ ਇਸ ਸਾਂਝੀ ਲੜਾਈ ਦੀ ਕਮਾਨ ਸੰਭਾਲੀ। ਭਾਵੇਂ ਕਈ ਰਾਜੇ ਅਲਫ ਖ਼ਾਂ ਦੇ ਨਾਲ ਸ਼ਾਮਿਲ ਹੋ ਗਏ ਪਰ ਅਲਫ ਖ਼ਾਂ ਵੱਲੋਂ ਪਹਾੜੀ ਰਾਜਿਆਂ ਉਤੇ ਕੀਤੇ ਗਏ ਹਮਲੇ ਨੂੰ ਪਛਾੜ ਦਿੱਤਾ ਗਿਆ।

ਜੰਮੂ ਦੇ ਸੂਬੇਦਾਰ ਦੀ ਹਾਰ ਤੋਂ ਪੰਜਾਬ ਦਾ ਸੂਬੇਦਾਰ ਦਿਲਾਵਰ ਖ਼ਾਂ ਵੀ ਸੁਚੇਤ ਹੋ ਗਿਆ। ਆਪਣੇ ਪੁੱਤਰ ਰੁਸਤਮ ਖ਼ਾਂ ਦੀ ਕਮਾਨ ਹੇਠ ਭਾਰੀ ਫੌਜ ਅਨੰਦਪੁਰ ਵੱਲ ਰਵਾਨਾ ਕੀਤੀ। ਸਤਲੁਜ ਦੇ ਕੰਢੇ ਉਤੇ ਲੜਾਈ ਹੋਈ, ਜਿਸ ਵਿਚ ਗੁਰੂ ਜੀ ਨੂੰ ਸ਼ਾਨਦਾਰ ਜਿੱਤ ਪ੍ਰਾਪਤ ਹੋਈ।

ਦਿਲਾਵਰ ਖ਼ਾਂ ਨੇ ਫਿਰ ਆਪਣਾ ਜਰਨੈਲ ਹੁਸੈਨ ਖ਼ਾਂ ਚੋਣਵੀਂ ਫੌਜ ਦੇ ਕੇ ਭੇਜਿਆ। ਉਸ ਨੇ ਰਾਹ ਵਿਚ ਪੈਂਦੇ ਪਿੰਡਾਂ ਨੂੰ ਬੇਰਹਿਮੀ ਨਾਲ ਲੁੱਟਿਆ। ਰਾਜਾ ਭੀਮ ਚੰਦ ਨੇ ਡਰ ਕੇ ਗੁਰੂ ਜੀ ਦਾ ਸਾਥ ਛੱਡ ਦਿੱਤਾ ਤੇ ਨਾ ਕੇਵਲ ਖ਼ੁਦ ਸਗੋਂ ਕਈ ਰਾਜਿਆਂ ਸਮੇਤ ਮੁਗਲ ਜਰਨੈਲ ਨਾਲ ਮਿਲ ਕੇ ਗੁਰੂ ਜੀ ਦੇ ਵਿਰੁੱਧ ਹੋ ਗਿਆ। ਕੇਵਲ ਰਾਜਾ ਗੋਪਾਲ ਗੁਲੇਰੀਆ ਨੇ ਗੁਰੂ ਜੀ ਦਾ ਸਾਥ ਦਿੱਤਾ। ਪਰ ਫੇਰ ਵੀ ਲੜਾਈ ਵਿਚ ਦੁਸ਼ਮਣ ਨੂੰ ਮੂੰਹ ਦੀ ਖਾਣੀ ਪਈ ਤੇ ਮੁਗਲ ਜਰਨੈਲ ਮਾਰਿਆ ਗਿਆ।

1694 ਈਸਵੀ ਵਿਚ ਸ਼ਹਿਜਾਦਾ ਮਅੱਜ਼ਮ ਨੂੰ ਭਾਰੀ ਫੌਜ ਨਾਲ ਪੰਜਾਬ ਭੇਜਿਆ ਗਿਆ। ਕਿਹਾ ਜਾਂਦਾ ਹੈ ਕਿ ਭਾਈ ਨੰਦ ਲਾਲ ਜੀ ਦੇ ਸਮਝਾਣ ਉਤੇ ਉਸਨੇ ਗੁਰੂ ਜੀ ਦੇ ਵਿਰੁੱਧ ਕੋਈ ਸੈਨਿਕ ਕਾਰਵਾਈ ਨਾ ਕੀਤੀ। ਔਰੰਗਜ਼ੇਬ ਨੇ ਨਾਰਾਜ਼ ਹੋ ਕੇ ਆਪਣੇ ਚਾਰ ਜਰਨੈਲਾਂ ਨੂੰ ਭੇਜਿਆ ਪਰ ਉਹਨਾਂ ਨੇ ਵੀ ਕੋਈ ਸੈਨਿਕ ਕਾਰਵਾਈ ਨਾ ਕੀਤੀ।

ਨਿਤ ਪ੍ਰਤੀ ਦੀਆਂ ਇਹ ਘਟਨਾਵਾਂ ਕਿਸੇ ਵੱਡੇ ਸੰਘਰਸ਼ ਦੀਆਂ ਸੂਚਕ ਸਨ। ਗੁਰੂ ਜੀ ਪਹਿਲਾਂ ਤੋਂ ਹੀ ਭਾਵੀ ਖਤਰੇ ਪ੍ਰਤੀ ਸੁਚੇਤ ਸਨ। ਭਵਿੱਖ ਵਿਚ ਹੋਣ ਵਾਲੇ ਧਰਮ-ਯੁੱਧ ਲਈ ਇਕ ਅਜਿਹੇ ਸੰਗਠਨ ਦੀ ਲੋੜ ਸੀ ਜੋ ਸਿੱਖਾਂ ਦੀ ਸੂਰਬੀਰਤਾ ਦੇ ਵਿਕਾਸ ਲਈ ਮਹੱਤਵਪੂਰਨ ਹੋਵੇ। ਇਸੇ ਉਦੇਸ਼ ਨੂੰ 1699 ਈਸਵੀ ਦੇ ਵੈਸਾਖੀ ਵਾਲੇ ਦਿਨ ਗੁਰੂ ਜੀ ਨੇ ਅਮਲੀ ਰੂਪ ਦਿੱਤਾ। ਉਸ ਦਿਨ ਭਾਰਤ ਦੇ ਕੋਨੇ ਕੋਨੇ ਤੋਂ ਇਕੱਤਰ ਸਿੱਖ ਸੰਗਤਾਂ ਨੂੰ 'ਅੰਮ੍ਰਿਤ' ਛਕਾ ਕੇ ਗੁਰੂ ਜੀ ਨੇ ਖਾਲਸਾ ਦਾ ਰੂਪ ਪ੍ਰਦਾਨ ਕੀਤਾ। ਸਭ ਤੋਂ ਪਹਿਲਾਂ ਇਹ ਪੰਜ ਸਿੰਘ ਸਨ: ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮੁਹਕਮ ਸਿੰਘ, ਭਾਈ ਸਾਹਿਬ ਸਿੰਘ ਤੇ ਭਾਈ ਹਿੰਮਤ ਸਿੰਘ।

ਜਿਹਨਾਂ ਪੰਜ ਸਿੱਖਾਂ ਨੇ ਅੰਮ੍ਰਿਤ ਛਕ ਕੇ ਖਾਲਸਾ ਰੂਪ ਧਾਰਨ ਕੀਤਾ, ਉਹ ਪੰਜ ਪਿਆਰਿਆਂ ਦੇ ਨਾਂ ਨਾਲ ਜਾਣੇ ਜਾਂਦੇ ਹਨ। ਇਹ 'ਖਾਲਸਾ' ਭਗਤੀ ਦੀ ਬੁਨਿਆਦ ਉਤੇ ਉਸਰਿਆ। ਸੰਤ ਸਿਪਾਹੀ ਦਾ ਇਕ ਅਦਭੁਤ ਸਰੂਪ ਸੀ। ਇਹ ਸਰੂਪ ਭਗਤੀ ਤੇ ਸ਼ਕਤੀ ਦਾ ਸੁਮੇਲ ਸੀ ਜੋ ਧਰਮ ਯੁੱਧ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲਾ ਸੀ। ਇਸ ਤਰ੍ਹਾਂ ਗੁਰੂ ਜੀ ਨੇ ਸ਼ਾਂਤਮਈ ਸਿੱਖ ਲਹਿਰ ਨੂੰ ਜੁਝਾਰੂ ਲਹਿਰ ਵਿਚ ਰੂਪਾਂਤਰਿਤ ਕੀਤਾ। ਮਨੁੱਖੀ ਇਤਿਹਾਸ ਵਿਚ ਇਹ ਸਾਂਝੀਵਾਲਤਾ ਦੇ ਆਦਰਸ਼ ਨੂੰ ਪੂਰਾ ਕਰਦਾ ਸੀ। 'ਖਾਲਸਾ' ਪੰਥ ਵਿਚ ਖੱਤਰੀ, ਜੱਟ, ਛੀਂਬੇ, ਨਾਈ, ਝੀਊਰ ਆਦਿ ਸਭ ਜਾਤਾਂ ਦੇ ਸਾਧਾਰਨ ਲੋਕ ਸਨ ਜੋ ਖਾਲਸਾ ਸੱਜ ਕੇ ਗੁਰੂ ਰੂਪ ਹੋ ਗਏ ਸਨ। ਗੁਰੂ ਜੀ ਆਪ ਉਹਨਾਂ ਦੇ ਹੱਥੋਂ ਅੰਮ੍ਰਿਤ ਛਕ ਕੇ 'ਆਪੇ ਗੁਰ ਚੇਲਾ' ਬਣੇ। ਇਸ 'ਆਪੇ ਗੁਰ ਚੇਲਾ' ਵਾਲੀ ਚੇਤਨਾ ਦਾ ਬੜੇ ਸਪਸ਼ਟ ਸ਼ਬਦਾਂ ਵਿਚ ਚਿਤ੍ਰਣ 'ਖਾਲਸਾ ਨਾਮਾ' ਵਿਚ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ 'ਖਾਲਸਾ' ਨੂੰ ਹੀ ਆਪਣੀਆਂ ਸਾਰੀਆਂ ਸ਼ਕਤੀਆਂ ਦਾ ਕੇਂਦਰ ਅਤੇ ਸੋਮਾ ਸਵੀਕਾਰ ਕਰਦੇ ਹੋਏ ਗੁਰਮਤਿ ਦੇ 'ਸਭੈ ਸਾਂਝੀਵਾਲ' ਸੰਕਲਪ ਨੂੰ ਹੀ ਮੂਰਤੀਮਾਨ ਕਰਦੇ ਹਨ।

ਹੇਠਲੀਆਂ ਸਤਰਾਂ 'ਖਾਲਸਾ' ਦੇ ਮਹੱਤਵ ਨੂੰ ਪੇਸ਼ ਕਰਦੀਆਂ ਹਨ:

ਯੁਧ ਜਿਤੇ ਇਨ ਹੀ ਕੇ ਪ੍ਰਸਾਦਿ
ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ।
ਅਘ ਉਘ ਟਰੇ ਇਨ ਹੀ ਕੇ ਪ੍ਰਸਾਦਿ।
ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ।
ਇਨਹੀ ਕੇ ਪ੍ਰਸਾਦਿ ਸੁਵਿਦਿਯਾ ਲਈ।
ਇਨਹੀ ਕੀ ਕ੍ਰਿਪਾ ਸਭ ਸੱਤਰੂ ਮਰੇ।
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ।
ਨਹੀ ਮੋ ਸੋ ਗਰੀਬ ਕਰੋਰ ਪਰੇ।

(ਖਾਲਸਾ ਮਹਿਮਾ)

ਖਾਲਸਾ ਸਾਜਣ ਦੀ ਪਿੱਠਭੂਮੀ ਵਿਚ ਘਟਨਾ ਚੱਕ੍ਰ ਬੜੀ ਤੇਜ਼ੀ ਨਾਲ ਗਤੀਮਾਨ ਸੀ। ਪਹਾੜੀ ਰਾਜੇ ਕਈ ਵੇਰ ਗੁਰੂ ਜੀ ਤੋਂ ਭਾਂਜ ਖਾ ਚੁੱਕੇ ਸਨ। ਉਹਨਾਂ ਨੇ ਗੁਰੂ ਜੀ ਵਿਰੱਧ ਔਰੰਗਜ਼ੇਬ ਨੂੰ ਇਕ ਬੇਨਤੀ ਪੱਤਰ ਭੇਜਿਆ, ਜੋ ਸ਼ਾਹੀ ਫਰਮਾਨ ਦੇ ਰੂਪ ਵਿਚ ਵਜ਼ੀਰ ਖ਼ਾਨ ਸੂਬਾ ਸਰਹੰਦ ਵਲ ਭੇਜਿਆ ਗਿਆ। ਉਸ ਵਿਚ ਰਾਜਿਆਂ ਪਾਸੋਂ ਖਰਚਾ ਲੈ ਕੇ ਫੌਜੀ ਮਦਦ ਦੇ ਆਦੇਸ਼ ਸਨ।

ਸੂਬਾ ਸਰਹਿੰਦ ਨੇ 10,000 ਫੌਜ ਸਮੇਤ ਜਰਨੈਲ ਆਦੀਨਾ ਬੇਗ ਅਤੇ ਪੈਂਦਾ ਖ਼ਾਂ ਨੂੰ ਅਨੰਦਪੁਰ 'ਤੇ ਹਮਲਾ ਕਰਨ ਲਈ ਭੇਜਿਆ। ਪਹਾੜੀ ਰਾਜੇ ਵੀ ਆਪਣੀ ਫੌਜ ਸਮੇਤ ਮੁਗਲ ਫੌਜ ਨਾਲ ਜਾ ਮਿਲੇ। ਪਰ ਇਸ ਯੁੱਧ ਵਿਚ ਵੀ ਗੁਰੂ ਜੀ ਦੀ ਸ਼ਾਨਦਾਰ ਜਿੱਤ ਹੋਈ। ਪੈਂਦਾ ਖਾਂ ਮਾਰਿਆ ਗਿਆ ਤੇ ਅਦੀਨਾ ਬੇਗ ਜ਼ਖਮੀ ਹੋ ਗਿਆ।

1704 ਈਸਵੀ ਦੇ ਕਰੀਬ ਪਹਾੜੀ ਰਾਜਿਆਂ, ਸੂਬਾ ਸਰਹਿੰਦ ਅਤੇ ਮੁਗਲਾਂ ਦੀ ਸਾਂਝੀ ਫੌਜ ਨੇ ਅਨੰਦਪੁਰ ਨੂੰ ਘੇਰਾ ਪਾ ਲਿਆ। ਇਹ ਘੇਰਾ ਸੱਤ ਮਹੀਨੇ ਰਿਹਾ ਪਰ ਮੁਗਲਾਂ ਦੀ ਕੋਈ ਪੇਸ਼ ਨਾ ਗਈ। ਰਸਦ ਦੀ ਥੁੜ੍ਹ ਨਾਲ ਹਜ਼ਾਰਾਂ ਸਿੰਘ ਭੁੱਖੇ ਮਰਦੇ ਹੋਏ ਵੀ ਮੁਕਾਬਲਾ ਕਰਦੇ ਰਹੇ। ਲੰਮੇ ਘੇਰੇ ਤੋਂ ਪਹਾੜੀ ਰਾਜੇ ਵੀ ਤੰਗ ਆ ਗਏ ਸਨ। ਉਹਨਾਂ ਨੇ ਗੁਰੂ ਸਾਹਿਬ ਨੂੰ ਸੰਦੇਸ਼ ਭੇਜਿਆ ਕਿ ਜੇ ਉਹ ਥੋੜ੍ਹੇ ਸਮੇਂ ਲਈ ਕਿਲ੍ਹਾ ਖਾਲੀ ਕਰ ਦੇਣ ਤਾਂ ਘੇਰਾ ਉਠਾ ਕੇ ਸਿੰਘਾਂ ਨੂੰ ਅਮਨ-ਅਮਾਨ ਨਾਲ ਜਾਣ ਦੇ ਦਿੱਤਾ ਜਾਵੇਗਾ। ਸਿੰਘਾਂ ਨੇ ਤੇ ਮਾਤਾ ਗੁਜਰੀ ਜੀ ਨੇ ਗੁਰੂ ਜੀ ਨੂੰ ਕਿਲ੍ਹਾ ਛੱਡਣ ਲਈ ਮਜ਼ਬੂਰ ਕਰ ਦਿੱਤਾ। ਕਿਲ੍ਹਾ ਛੱਡ ਕੇ ਗੁਰੂ ਜੀ ਕੁਝ ਦੂਰ ਹੀ ਗਏ ਸਨ ਕਿ ਪਹਾੜੀ ਰਾਜਿਆਂ ਨੇ ਹਮਲਾ ਕਰ ਦਿੱਤਾ। ਇਸ ਲੜਾਈ ਨੇ ਸਾਰੇ ਪਰਿਵਾਰ ਨੂੰ ਖਿੰਡਾ ਦਿੱਤਾ। ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਸਿੱਖਾਂ ਦੀ ਸਹਾਇਤਾ ਨਾਲ ਕਈ ਔਕੜਾਂ ਸਹਿੰਦੇ ਹੋਏ ਦਿੱਲੀ ਵੱਲ ਚਲੇ ਗਏ। ਗੁਰੂ ਜੀ ਆਪ ਬਾਬਾ ਅਜੀਤ ਸਿੰਘ, ਜੁਝਾਰ ਸਿੰਘ ਅਤੇ ਚਾਲੀ ਕੁ ਸਿੱਖਾਂ ਸਮੇਤ ਚਮਕੌਰ ਵੱਲ ਚਲੇ ਗਏ। ਉਹਨਾਂ ਦੇ ਮਾਤਾ ਗੁਜਰੀ ਜੀ ਛੋਟੇ ਦੋਹਾਂ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਸਮੇਤ ਰੋਪੜ ਵੱਲ ਨੂੰ ਚਲੇ ਗਏ। ਪੁਰਾਣੇ ਨੌਕਰ ਗੰਗੂ ਬ੍ਰਾਹਮਣ ਨੇ ਪੈਸੇ ਦੇ ਲਾਲਚ ਵਿਚ ਮੁਰਿੰਡੇ ਦੇ ਚੌਧਰੀ ਨੂੰ ਖ਼ਬਰ ਕਰ ਦਿੱਤੀ। ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਦੇ ਹਵਾਲੇ ਕਰ ਦਿੱਤਾ। ਵਜ਼ੀਰ ਖ਼ਾਂ ਨੇ ਦੋਹਾਂ ਮਾਸੂਮ ਬੱਚਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਬੱਚਿਆਂ ਦਾ ਦੁੱਖ ਨਾ ਸਹਾਰ ਸਕਦੇ ਹੋਏ ਮਾਤਾ ਜੀ ਨੇ ਵੀ ਬੁਰਜ ਤੋਂ ਡਿੱਗ ਕੇ ਪ੍ਰਾਣ ਤਿਆਗ ਦਿੱਤੇ।

ਅਨੰਦਪੁਰੋਂ ਗੁਰੂ ਜੀ ਪਹਿਲਾਂ ਰੋਪੜ ਦੇ ਨੇੜੇ ਇਕ ਪਿੰਡ ਕੋਟਲਾ ਨਿਹੰਗਾਂ ਪਹੁੰਚੇ ਅਤੇ ਉਥੇ ਚਮਕੌਰ ਦੇ ਇਕ ਜਿਮੀਂਦਾਰ ਦੀ ਹਵੇਲੀ ਵਿਚ ਜਾ ਠਹਿਰੇ। ਚਮਕੌਰ ਦੀ ਗੜ੍ਹੀ ਵਿਚ ਉਹਨਾਂ ਤੇ ਘੇਰਾ ਪਾ ਲਿਆ ਗਿਆ। ਏਥੇ ਘਮਸਾਨ ਦਾ ਯੁੱਧ ਹੋਇਆ ਜਿਸ ਵਿਚ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਸ਼ਹੀਦ ਹੋ ਗਏ। ਬਾਕੀ ਬਚੇ ਪੰਜ ਸਿੱਖਾਂ ਵੱਲੋਂ ਬੇਨਤੀ ਕਰਨ 'ਤੇ ਗੁਰੂ ਜੀ ਹਨੇਰੀ ਰਾਤ ਵਿਚ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨਾਲ ਗੜ੍ਹੀ ਵਿਚੋਂ ਨਿਕਲ ਗਏ।

ਚਮਕੌਰ ਤੋਂ ਨਿਕਲਣ ਮਗਰੋਂ ਆਪਣੇ ਤਿੰਨ ਸਿੱਖਾਂ ਨਾਲੋਂ ਵਿਛੜ ਕੇ ਗੁਰੂ ਜੀ ਮਾਛੀਵਾੜੇ ਜਾ ਪੁੱਜੇ। ਪਿੱਛਾ ਕਰਦੀ ਮੁਗਲ ਫੌਜ ਉਨ੍ਹਾਂ ਨੂੰ ਫੜ ਨਾ ਸਕੀ। ਮਾਛੀਵਾੜੇ ਉਨ੍ਹਾਂ ਦੇ ਤਿੰਨ ਸਿੱਖ ਵੀ ਆ ਮਿਲੇ। ਇਥੇ ਹੀ ਗੁਰੂ ਜੀ ਨੂੰ ਉਨ੍ਹਾਂ ਦੇ ਸ਼ਰਧਾਲੂ ਪਠਾਨ ਨਬੀ ਖ਼ਾਂ ਤੇ ਗਨੀ ਖ਼ਾਂ ਮਿਲੇ। ਉਨ੍ਹਾਂ ਆਪਣੀ ਜਾਨ ਖ਼ਤਰੇ ਵਿਚ ਪਾ ਕੇ ਗੁਰੂ ਨੂੰ 'ਉਚ ਕਾ ਪੀਰ' ਬਣਾਇਆ ਅਤੇ ਨੀਲੀ ਪੁਸ਼ਾਕ ਪਹਿਨਾ ਕੇ ਤੇ ਪਾਲਕੀ ਵਿਚ ਸਵਾਰ ਕਰਕੇ, ਮੁਗਲ ਫੌਜਾਂ ਤੋਂ ਬਚ ਕੇ ਨਿਕਲ ਗਏ। ਇਸ ਤਰ੍ਹਾਂ ਜਗਰਾਉਂ, ਰਾਏਕੋਟ ਤੇ ਜੱਟਪੁਰੇ ਹੁੰਦੇ ਹੋਏ ਗੁਰੂ ਜੀ ਲੱਖੀ ਜੰਗਲ ਆ ਗਏ। ਇਥੇ ਬਹੁਤ ਸਾਰੇ ਸਿੱਖ ਗੁਰੂ ਜੀ ਨੂੰ ਆ ਮਿਲੇ। ਜਦ ਖਿਦਰਾਣੇ ਦੀ ਢਾਬ ਦੇ ਨੇੜੇ ਪੁੱਜੇ ਤਾਂ ਪਿੱਛਾ ਕਰ ਰਹੀਆਂ ਮੁਗਲ ਫੌਜਾਂ

ਨੇ ਉਨ੍ਹਾਂ ਉਤੇ ਹੱਲਾ ਕਰ ਦਿੱਤਾ। ਇਥੇ ਹੀ ਚਾਲੀ ਸਿੱਖ ਸ਼ਹੀਦ ਹੋ ਗਏ ਜਿਨ੍ਹਾਂ ਨੂੰ ਮੁਕਤ ਹੋਣ ਦਾ ਗੁਰੂ ਜੀ ਨੇ ਅਸ਼ੀਰਵਾਦ ਦਿੱਤਾ। ਇਨ੍ਹਾਂ ਨੂੰ ਚਾਲੀ ਮੁਕਤਿਆਂ ਦੇ ਤੌਰ ਤੇ ਯਾਦ ਕੀਤਾ ਜਾਂਦਾ ਹੈ। ਇਹ ਉਹ ਸਿੱਖ ਸਨ ਜੋ ਅਨੰਦਪੁਰ ਦੇ ਘੇਰੇ ਸਮੇਂ 'ਬੇਦਾਵਾ' ਲਿਖ ਕੇ ਗੁਰੂ ਜੀ ਨੂੰ ਦੇ ਆਏ ਸਨ ਤੇ ਬਾਅਦ ਵਿਚ ਪਛਤਾਉਂਦੇ ਆਪਣੀ ਭੁੱਲ ਬਖ਼ਸ਼ਾਉਣ ਲਈ ਆ ਗਏ ਸਨ। ਇੱਥੋਂ ਗੁਰੂ ਜੀ ਸਾਬੋ ਕੀ ਤਲਵੰਡੀ ਪੁੱਜੇ। ਉਹਨਾਂ ਇਸ ਸਥਾਨ 'ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਬੀੜ ਤਿਆਰ ਕਰਵਾਈ।

ਤਲਵੰਡੀ ਸਾਬੋ ਜਾਂਦਿਆਂ ਜਦ ਗੁਰੂ ਜੀ 'ਦੀਨੇ' ਠਹਿਰੇ ਹੋਏ ਸਨ ਤਾਂ ਔਰੰਗਜ਼ੇਬ ਵੱਲੋਂ ਉਨ੍ਹਾਂ ਨੂੰ ਇਕ ਸ਼ਾਹੀ ਪੱਤਰ ਮਿਲਿਆ। ਇਸ ਵਿਚ ਉਨ੍ਹਾਂ ਨੂੰ ਦੱਖਣ ਵਿਚ ਬਾਦਸ਼ਾਹ ਨੂੰ ਮਿਲਣ ਦਾ ਸੱਦਾ ਸੀ। ਸ਼ਾਹੀ ਪੱਤਰ ਦੇ ਉਤਰ ਵਿਚ ਗੁਰੂ ਜੀ ਨੇ ਫ਼ਾਰਸੀ ਕਵਿਤਾ ਵਿਚ ਇਕ ਲੰਮਾ ਪੱਤਰ ਲਿਖਿਆ ਤੇ ਜਿਸ ਦਾ ਨਾਂ 'ਜ਼ਫ਼ਰ ਨਾਮਹ' (ਜਿੱਤ ਦਾ ਪੱਤਰ) ਰੱਖਿਆ। ਦੱਸਿਆ ਜਾਂਦਾ ਹੈ ਕਿ ਕਵਿਤਾ ਵਿਚ ਲਿਖੀ ਇਸ ਰਚਨਾ ਦੇ 1400 ਸ਼ਿਅਰ ਸਨ, ਪਰ ਆਪਣੇ ਵਰਤਮਾਨ ਰੂਪ ਵਿਚ ਇਸ ਦੇ ਕੇਵਲ 111 ਸ਼ਿਅਰ ਮਿਲਦੇ ਹਨ। ਇਹ ਪੱਤਰ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਰਾਹੀਂ ਔਰੰਗਜ਼ੇਬ ਵਲ ਭੇਜਿਆ ਗਿਆ। ਸਫਰ ਦੀਆਂ ਔਕੜਾਂ ਦੇ ਕਾਰਣ ਪਹੁੰਚਣ ਵਿਚ ਕਾਫੀ ਸਮਾਂ ਲੱਗਾ। ਗੁਰੂ ਜੀ ਬਾਦਸ਼ਾਹ ਨੂੰ ਮਿਲਣ ਦੇ ਖਿਆਲ ਨਾਲ ਅਕਤੂਬਰ 1706 ਈਸਵੀ ਵਿਚ ਆਪ ਵੀ ਦੱਖਣ ਵੱਲ ਰਵਾਨਾ ਹੋ ਗਏ। ਜਦ ਗੁਰੂ ਜੀ ਬੀਕਾਨੇਰ ਅਤੇ ਰਾਜਪੂਤਾਨਾ ਦੇ ਰਸਤੇ ਬਘੋਰ ਨੇੜੇ ਪੁੱਜੇ ਤਾਂ ਉਹਨਾਂ ਨੂੰ ਬਾਦਸ਼ਾਹ ਦੇ ਦੇਹਾਂਤ (ਫਰਵਰੀ 1707 ਈਸਵੀ) ਦੀ ਖ਼ਬਰ ਮਿਲੀ।

ਔਰੰਗਜ਼ੇਬ ਤੋਂ ਬਾਅਦ ਬਹਾਦਰ ਸ਼ਾਹ ਦਿੱਲੀ ਦਾ ਬਾਦਸ਼ਾਹ ਬਣਿਆ। ਆਗਰੇ ਵਿਚ ਗੁਰੂ ਜੀ ਦੀ ਭੇਂਟ ਬਹਾਦਰ ਸ਼ਾਹ ਨਾਲ ਹੋਈ। ਇਸ ਸਮੇਂ ਬਾਦਸ਼ਾਹ ਆਪਣੇ ਭਰਾ ਕਾਮਬਖ਼ਸ਼ ਦੀ ਬਗ਼ਾਵਤ ਨੂੰ ਕੁਚਲਣ ਲਈ ਦੱਖਣ ਵੱਲ ਜਾ ਰਿਹਾ ਸੀ। ਗੁਰੂ ਜੀ ਬਾਦਸ਼ਾਹ ਨਾਲ ਸਫਰ ਕਰਦੇ ਹੋਏ ਰਾਹ ਵਿਚ ਗੋਦਾਵਰੀ ਦੇ ਕੰਢੇ ਨਾਂਦੇੜ (ਹੈਦਰਾਬਾਦ) ਵਿਖੇ ਰੁਕ ਗਏ।

ਇਥੇ ਹੀ ਗੁਰੂ ਜੀ ਦਾ ਮੇਲ ਮਾਧੋਦਾਸ ਬੈਰਾਗੀ ਨਾਲ ਹੋਇਆ ਜੋ 'ਅੰਮ੍ਰਿਤ' ਛਕ ਕੇ ਸਿੰਘ ਸਜ ਗਿਆ। ਉਸ ਦਾ ਨਾਂ ਬੰਦਾ ਸਿੰਘ ਰੱਖਿਆ ਗਿਆ। ਗੁਰੂ ਜੀ ਨੇ ਸੰਘਰਸ਼ ਜਾਰੀ ਰੱਖਣ ਲਈ ਪੰਜ ਸਿੰਘਾਂ ਨਾਲ ਬੰਦਾ ਸਿੰਘ ਨੂੰ ਪੰਜਾਬ ਵੱਲ ਭੇਜ ਦਿੱਤਾ।

1708 ਈਸਵੀ ਵਿਚ ਬਹਾਦਰ ਸ਼ਾਹ ਤਾਂ ਦਿੱਲੀ ਆ ਗਿਆ ਪਰ ਗੁਰੂ ਜੀ ਨਾਂਦੇੜ ਹੀ ਠਹਿਰੇ ਰਹੇ। ਇਥੇ ਵਜ਼ੀਰ ਖ਼ਾਂ ਦੇ ਭੇਜੇ ਇਕ ਪਠਾਨ ਨੇ ਗੁਰੂ ਜੀ ਉਤੇ ਛੁਰੇ ਨਾਲ ਹਮਲਾ ਕਰ ਦਿੱਤਾ। ਜ਼ਖਮ ਡੂੰਘੇ ਸਨ। ਗੁਰੂ ਜੀ ਨੇ ਸਰੀਰਕ ਅੰਤ ਨੇੜੇ ਜਾਣ ਕੇ ਕੱਤਕ ਸੁਦੀ 5, 1765 ਬਿਕ੍ਰਮੀ (7 ਅਕਤੂਬਰ 1708 ਈਸਵੀ) ਦੀ ਰਾਤ ਦੇ ਤੀਜੇ ਪਹਿਰ ਸਿੰਘਾਂ ਨੂੰ ਇਕੱਤਰ ਕੀਤਾ ਅਤੇ 'ਗੁਰੂ ਗ੍ਰੰਥ ਸਾਹਿਬ' ਨੂੰ ਸਦਾ ਲਈ ਖਾਲਸੇ ਦਾ ਆਤਮਿਕ ਆਗੂ ਥਾਪ ਕੇ ਆਪ ਜੋਤੀ ਜੋਤ ਸਮਾਅ ਗਏ।

ਦਰਅਸਲ ਗੁਰੂ ਗੋਬਿੰਦ ਸਿੰਘ ਜੀ ਦਾ ਸੰਘਰਸ਼ਮਈ ਜੀਵਨ, ਧਰਮ ਚਲਾਉਣ, ਸੰਤ ਉਬਾਰਨ, ਧਰਮ ਯੁੱਧ ਵਿਚ ਜੂਝਣ, ਸਰਬੰਸ ਵਾਰਨ ਦਾ ਆਦਰਸ਼ ਪੇਸ਼ ਕਰਦਾ ਹੈ ਇਸ ਲਈ ਲੋਕ ਚੇਤਨਾ ਉਨ੍ਹਾਂ ਦੀ 'ਸੰਤ ਸਿਪਾਹੀ' ਦੇ ਰੂਪ ਵਿਚ ਅਕੀਦਤ ਕਰਦੀ ਹੈ। ਸੰਤ ਰੂਪ ਵਿਚ ਉਨ੍ਹਾਂ ਸਪਸ਼ਟ ਕਰ ਦਿੱਤਾ ਸੀ ਕਿ:

ਸਾਚੁ ਕਹੋਂ ਸੁਨ ਲੇਹੁ ਸਭੈ,
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ।।੨੯।।

(ਅਕਾਲਿ ਉਸਤਤਿ)

ਅਤੇ ਇਹ ਪ੍ਰਭੂ ਪ੍ਰੇਮ ਹੀ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਵਿਚ ਰੂਪਾਂਤਰਿਤ ਹੋ ਗਿਆ ਸੀ :

ਹਿੰਦੂ ਤੁਰਕ ਕੋਊ, ਰਾਫਿਜ਼ੀ ਇਮਾਮ ਸ਼ਾਫ਼ੀ
ਮਾਨਸ ਕੀ ਜਾਤ, ਸਬੈ ਏਕੈ ਪਹਿਚਾਨਬੋ।।
ਕਰਤਾ ਕਰੀਮ ਸੋਈ ਰਾਜਿਕ ਰਹੀਮ ਉਈ
ਦੂਸਰੋ ਨ ਭੇਦ ਕੋਈ, ਭੂਲਿ ਭ੍ਰਮ ਮਾਨਬੋ।।
ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ;
ਏਕ ਹੀ ਸਰੂਪ ਸਬੈ, ਏਕੈ ਜੋਤਿ ਜਾਨਬੋ।।

(ਅਕਾਲਿ ਉਸਤਤਿ)

ਗੁਰੂ ਜੀ ਦਾ ਇਹ ਜੀਵਨ ਫ਼ਲਸਫ਼ਾ ਉਨ੍ਹਾਂ ਦੇ ਸਾਰੇ ਸਾਹਿਤ ਵਿਚ ਵਿਸਤਾਰ ਨਾਲ ਪੇਸ਼ ਹੋਇਆ ਹੈ। ਅਗਾਂਹ ਵਖ-ਵਖ ਰਚਨਾਵਾਂ ਦੇ ਅਧਿਐਨ ਅਤੇ ਮੂਲ ਪਾਠ ਰਾਹੀਂ ਇਸੇ ਜੀਵਨ ਫ਼ਲਸਫ਼ੇ ਦੇ ਵੱਖੋ-ਵੱਖਰੇ ਪਾਸਾਰਾਂ ਨੂੰ ਪ੍ਰਸਤੁਤ ਕਰਨ ਦਾ ਜਤਨ ਕੀਤਾ ਗਿਆ ਹੈ।

1. ਜਾਪੁ

'ਜਾਪੁ' ਸਾਧਨਾ ਦੀ ਬਾਣੀ ਹੈ, ਨਾਮ ਸਿਮਰਨ ਦੀ ਬਾਣੀ ਹੈ, ਤਪ ਦੀ ਬਾਣੀ ਹੈ, ਅਕਾਲ ਪੁਰਖ ਦੇ ਚਰਨਾਂ ਵਿਚ ਲੀਨ ਹੋਣ ਅਤੇ ਉਸ ਪ੍ਰਤੀ ਸਮਰਪਣ ਦੀ ਬਾਣੀ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ 'ਸੰਤ ਸਿਪਾਹੀ' ਦਾ 'ਸੰਤ ਭਾਵ ਬੋਧ' ਅਗਰਭੂਮੀ ਵਿਚ ਪੇਸ਼ ਹੋਇਆ ਹੈ। 'ਖਾਲਸਾ' ਸਿਰਜਨ ਦੀ ਪ੍ਰਕ੍ਰਿਆ ਵਿਚ ਆਤਮਿਕ ਰੂਪਾਂਤਰਣ ਲਈ ਇਸ ਬਾਣੀ ਦਾ ਮਹੱਤਵਪੂਰਨ ਸਥਾਨ ਹੈ। 'ਅੰਮ੍ਰਿਤ' ਤਿਆਰ ਕਰਦੇ ਸਮੇਂ 'ਜਾਪੁ' ਬਾਣੀ ਦਾ ਪਾਠ ਕੀਤੇ ਜਾਣ ਦੀ ਪਰੰਪਰਾ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਮਾਰਚ 30, 1699 ਈਸਵੀ ਨੂੰ ਸਭ ਤੋਂ ਪਹਿਲੀ ਵੇਰ ਖੰਡੇ ਦਾ ਅੰਮ੍ਰਿਤ ਤਿਆਰ ਕਰਨ ਵੇਲੇ ਗੁਰੂ ਸਾਹਿਬ ਦੇ ਨਾਲ ਨਾਲ ਸੰਗਤਾਂ ਨੇ ਵੀ ਇਸ ਬਾਣੀ ਦਾ ਮੌਖਿਕ ਪਾਠ ਕੀਤਾ ਹੋਵੇ। ਇਹ ਤਾਂ ਹੀ ਸੰਭਵ ਹੋਇਆ ਹੋਵੇਗਾ ਜੇਕਰ ਇਸ ਬਾਣੀ ਦਾ ਪਾਠ ਪਹਿਲਾਂ ਤੋਂ ਹੀ ਬਹੁਤ ਪ੍ਰਚਲਿਤ ਰਿਹਾ ਹੋਵੇ। ਇਸ ਤਰ੍ਹਾਂ ਇਹ ਸੰਭਾਵਨਾ ਬਣਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਰਿਆਸਤ ਨਾਹਨ ਵਿਚ ਤਿੰਨ ਸਾਲ (1684-87 ਈਸਵੀ) ਦੇ ਪਰਵਾਸ ਦੌਰਾਨ ਪਉਂਟੇ ਵਿਖੇ, ਜਮਨਾ ਤਟ ਦੇ ਇਕਾਂਤ ਵਿਚ, 'ਜਾਪੁ', 'ਸਵੱਈਏ' ਅਤੇ 'ਅਕਾਲ ਉਸਤਤਿ' ਬਾਣੀਆਂ ਉਚਾਰੀਆਂ ਗਈਆਂ ਸਨ।

'ਜਾਪੁ' ਸਾਹਿਬ ਇਕ ਦਾਰਸ਼ਨਿਕ ਅਤੇ ਸੂਤਰਿਕ ਰਚਨਾ ਹੈ। ਪਰ ਮਹੱਤਵ ਦੀ ਗੱਲ ਇਹ ਹੈ ਕਿ ਸੂਤਰਿਕ ਹੋਣ ਦੇ ਬਾਵਜੂਦ ਇਸ ਰਚਨਾ ਵਿਚ 'ਮੂਲ ਮੰਤ੍ਰ' ਦੇ ਕੇਂਦਰੀ ਭਾਵ ਦਾ ਵਿਸਥਾਰ ਤੇ ਵਿਸ਼ਲੇਸ਼ਣ ਮੌਜੂਦ ਹੈ।

ਮੂਲ ਮੰਤ੍ਰ ਵਿਚਲੇ ਅਕਾਲ ਪੁਰਖ ਦੇ 'ਅਕਾਲ ਮੂਰਤਿ', 'ਅਜੂਨੀ' ਅਤੇ 'ਸੈਭੰ' ਸਰੂਪ ਦਾ 'ਜਾਪੁ' ਸਾਹਿਬ ਵਿਚ ਵਰਣਨ ਕਰਦਿਆਂ ਵਿਸ਼ੇਸ਼ਣਾਂ ਦਾ ਇਕ ਜਿਵੇਂ ਹੜ੍ਹ ਵਗਾ ਦਿੱਤਾ ਹੋਵੇ। 'ਅਕਾਲੇ', 'ਅਜਾਏ', 'ਅਰੂਪੇ, 'ਅਭੇਖੇ', 'ਅਲੇਖੇ', 'ਅਕਾਏ', 'ਅਜਾਏ', 'ਅਗੰਜੇ', 'ਅਭੰਜੇ', 'ਅਕਰਮੰ', 'ਅਭੀਤੇ, 'ਅਨੀਲੇ', 'ਅਨਾਦੇ', 'ਅਛੇਦੇ', 'ਅਗਾਧੇ'. 'ਅਭੂਤੇ', 'ਅਸੋਕੇ', 'ਤ੍ਰਿਤਾਪੇ', 'ਅਥਾਪੇ', 'ਅਗਾਹੇ', 'ਅਰੰਗੇ', 'ਅਭੰਗੇ', ਆਦਿ ਕਿੰਨੇ ਹੀ ਇਸ ਤਰ੍ਹਾਂ ਦੇ ਅਕਥਮਈ ਵਿਸ਼ੇਸ਼ਣਾਂ ਦਾ ਪ੍ਰਯੋਗ ਕਰਕੇ ਅਕਾਲ ਪੁਰਖ ਦੀ ਸਿਫਾਤੀ ਵਿਆਪਕਤਾ ਦਰਸਾਈ ਗਈ ਹੈ।

'ਜਾਪੁ' ਸਾਹਿਬ ਦੇ ਆਰੰਭ ਵਿਚ ਹੀ ਇਹ ਸਪਸ਼ਟ ਕਰਨ ਦਾ ਉਪਰਾਲਾ ਕੀਤਾ ਹੈ ਕਿ ਅਕਾਲ ਪੁਰਖ ਦਾ ਨਾ ਕੋਈ ਚਕ੍ਰ ਹੈ, ਨਾ ਕੋਈ ਰੰਗ ਹੈ ਤੇ ਨਾ ਕੋਈ ਜਾਤ ਤੇ ਨਾ ਕੋਈ ਕੁਲ ਹੈ। ਉਸਦਾ ਕਿਹੋ ਜਿਹਾ ਰੂਪ ਹੈ, ਕਿਸ ਤਰ੍ਹਾਂ ਦਾ ਰੰਗ ਹੈ, ਕਿਹੋ ਜਿਹੇ ਰੇਖ ਹਨ ਤੇ ਕਿਹੋ ਜਿਹਾ ਉਸਦਾ ਭੇਖ ਹੈ. ਇਸ ਬਾਰੇ ਕੋਈ ਮਨੁੱਖ ਕੁਝ ਨਹੀਂ ਦੱਸ ਸਕਦਾ:

ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ।
ਰੂਪ ਰੰਗ ਅਰ ਰੇਖ ਭੇਖ ਕੋਉ ਕਹਿ ਨ ਸਕਤ ਕਿਹ।

ਅਕਾਲ ਪੁਰਖ ਪ੍ਰਤਿ ਇਸ ਭਾਵ-ਚੇਤਨਾ ਨੂੰ ਵਰਣਨ ਵਿਧੀ ਦੀ ਸੂਤ੍ਰਾਤਮਕ ਸ਼ੈਲੀ ਵਿਚ ਬੜੇ ਅਦਭੁੱਤ ਢੰਗ ਨਾਲ ਦਰਸਾਇਆ ਗਿਆ ਹੈ। ਅੰਕਿਤ ਇਕ ਇਕ ਅੱਖਰ ਵਿਚ ਸੂਤ੍ਰਬੱਧ ਵਿਚਾਰ-ਪ੍ਰਵਾਹ ਦੇਖਣ ਯੋਗ ਹੈ:

ਅਜੈ। ਅਲੈ। ਅਭੈ। ਅਬੈ।।੧/੧੮੬
ਅਭੂ। ਅਜੂ। ਅਨਾਸ। ਅਕਾਸ ।।੨/੧੮੭
ਅਗੰਜ। ਅਭੰਜ। ਅਲੱਖ। ਅਭੱਖ।।੩/੧੮੮
ਅਕਾਲ। ਦਿਆਲ। ਅਲੇਖ। ਅਭੇਖ।।੪/੧੮੯
ਅਨਾਮ। ਅਕਾਮ। ਅਗਾਹ। ਅਢਾਹ।।੫/੧੯੦
ਅਨਾਥੇ। ਪ੍ਰਮਾਥੇ। ਅਜੋਨੀ। ਅਮੋਨੀ।।੬/੧੯੧
ਨਾ ਰਾਗੇ। ਨ ਰੰਗੇ। ਨ ਰੂਪੇ। ਨ ਰੇਖੇ।।੭/੧੯੨
ਅਕਰਮੰ। ਅਭਰਮੰ। ਅਗੰਜੇ। ਅਲੇਖੇ।।੮/੧੯੩

ਅਰਥਾਤ ਅਕਾਲ ਪੁਰਖ ਅਜਿੱਤ ਹੈ, ਨਾਸ ਰਹਿਤ ਹੈ, ਉਸ ਨੂੰ ਕਿਸੇ ਦਾ ਡਰ ਨਹੀਂ, ਉਹ ਨਾਸ ਰਹਿਤ ਹੈ, ਜਨਮ ਰਹਿਤ ਹੈ, ਅਚਲ ਹੈ, ਅਕਾਸ਼ ਵਾਂਗੂ ਸਰਬ ਵਿਆਪਕ ਹੈ, ਉਸ ਨੂੰ ਕੋਈ ਜਾਣ ਨਹੀਂ ਸਕਦਾ, ਉਹ ਕਾਲ ਤੋਂ ਰਹਿਤ ਹੈ। ਉਹ 'ਅਚਲ ਮੂਰਤਿ', 'ਅਨਭਉ ਪ੍ਰਕਾਸ', 'ਅਮਿਤੋਜ', 'ਸਾਹ ਸਾਹਾਣਿ' ਅਤੇ 'ਨੇਤ ਨੇਤ' ਭਾਵ ਕਥਨ ਦੀ ਸੀਮਾ ਤੋਂ ਬਾਹਰ ਹੈ:

ਅਚਲ ਮੂਰਤਿ ਅਨਭਉ ਪ੍ਰਕਾਸ ਅਮਿੱਤੋਜ ਕਹਿੱਜੈ।।
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿੱਜੈ।।
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ।।

ਇਸ ਤਰ੍ਹਾਂ ਬੇਸ਼ਕ ਅਦ੍ਰਿਸ਼ ਅਕਾਲ ਪੁਰਖ ਨੂੰ ਦ੍ਰਿਸ਼ਟਮਾਨ ਬ੍ਰਹਿਮੰਡ ਦਾ ਕੋਈ ਵੀ ਅਤੇ ਕਿਸੇ ਤਰ੍ਹਾਂ ਦਾ ਵੀ ਸੂਚਕ ਸੰਕੇਤ ਪ੍ਰਗਟਾਉਣ ਦੇ ਅਸਮਰਥ ਹੈ, ਪਰ ਇਸ ਦੇ ਬਾਵਜੂਦ ਇਸ ਸਾਰੀ ਵਿਰਾਟ ਕੁਦਰਤ ਦੇ ਪਾਸਾਰ ਦਾ ਇਕ ਇਕ ਕਣ, ਗੁਰਮਤਿ ਅਨੁਸਾਰ, ਉਸ ਅਕਾਲ ਪੁਰਖ ਦੀ ਹੋਂਦ ਅਤੇ ਉਸ ਦੀ ਕ੍ਰਿਪਾਲਤਾ ਦਾ ਪ੍ਰਮਾਣ ਪੇਸ਼ ਕਰ ਰਿਹਾ ਹੈ। ਮੂਲ ਮੰਤ੍ਰ ਵਿਚਲਾ 'ਗੁਰਪ੍ਰਸਾਦਿ' ਇਸੇ ਭਾਵ ਦਾ ਪ੍ਰਮਾਣ ਹੈ ਅਤੇ 'ਜਾਪੁ' ਸਾਹਿਬ ਵਿਚ ਅਕਾਲ ਪੁਰਖ ਦੇ ਕ੍ਰਿਪਾਲੂ, ਦਿਆਲੂ, ਬਿਸੰਭਰ, ਪੂਰਨ ਸਰੂਪ, ਸਰਬਾਤਮ, ਭਵ ਭੰਜਨ, ਅਰਿਗੰਜਨ, ਕਰੀਮੁਲ ਕਮਾਲ, ਜੁਰਅਤਿ ਜਮਾਲ, ਕਾਮਲ ਕਰੀਮ, ਰਾਜ਼ ਰਹੀਮ, ਸਾਹਿਬ ਦਿਮਾਗ਼, ਸਰਬ ਪੋਖੰ, ਸਰਬ ਕਰਤਾ, ਅਮੀਕ ਰਫ਼ੀਕ ਆਦਿ ਸੰਬੋਧਨਾਂ ਰਾਹੀਂ ਇਹ ਵਿਚਾਰ ਬੜੇ ਭਾਵਮਈ ਰੂਪ ਵਿਚ ਪੇਸ਼ ਹੋਇਆ ਹੈ। 'ਜਾਪੁ' ਬਾਣੀ ਨੇ ਇਸ ਤਰ੍ਹਾਂ ਅਕੱਥ ਅਕਾਲ ਪੁਰਖ ਦੇ ਉਸ ਰੂਪ ਨੂੰ ਦ੍ਰਿੜ੍ਹ ਕਰਨ ਦਾ ਜਤਨ ਕੀਤਾ ਹੈ ਜੋ 'ਚਤ੍ਰ ਚਕ੍ਰ ਵਰਤੀ' ਹੈ, 'ਚੌਹਾਂ ਚੱਕਾਂ' ਵਿਚ ਵਰਤ ਰਿਹਾ ਹੈ, 'ਚਤ੍ਰ ਚਕ੍ਰ ਭੁਗਤੇ' ਹੈ। ਉਹ 'ਸੁਯੰਭਵ' 'ਸੁਭੰ' ਹੈ ਅਰਥਾਤ ਆਪਣੇ ਆਪ ਤੋਂ ਹੀ ਪ੍ਰਕਾਸ਼ਮਾਨ ਹੋ ਕੇ ਹਰ ਪਾਸੇ ਹਰ ਹਿਰਦੇ ਵਿਚ ਸੋਭ ਰਿਹਾ ਹੈ। ਉਹ 'ਸਰਬ ਜੁਗਤੇ' ਹੈ। ਸਤਿ-ਚਿਤ ਆਨੰਦ 'ਸਦਾ ਸਚਿੱਦਾਨੰਦ' ਸਰੂਪ ਵਾਲਾ ਹੈ। ਅਕਾਲ ਪੁਰਖ ਦਾ ਪ੍ਰਕਾਸ਼ ਹਰ ਥਾਂ ਪਰਤੱਖ ਦਿਖਾਈ ਦੇ ਰਿਹਾ ਹੈ। ਉਹ ਸਰਬ ਵਿਆਪਕ ਹੈ। ਸਦਾ ਕਾਇਮ ਰਹਿਣ ਵਾਲਾ ਹੈ। ਪ੍ਰਚੰਡ ਬੁੱਧੀ ਦਾ ਮਾਲਕ ਹੈ, ਸੁੰਦਰਤਾ ਦਾ ਚਰਾਗ ਹੈ। ਸਭ ਜੀਵਾਂ 'ਤੇ ਪੂਰਨ ਬਖਸ਼ਿਸ਼ਾਂ ਕਰਨ ਵਾਲਾ ਹੈ, ਸਭ ਨੂੰ ਰਿਜ਼ਕ ਪਹੁੰਚਾਉਣ ਵਾਲਾ ਹੈ:

ਕਿ ਜ਼ਾਹਿਰ ਜ਼ਹੂਰ ਹੈਂ। ਕਿ ਹਾਜ਼ਰ ਹਜ਼ੂਰ ਹੈਂ।
ਹਮੇਸ਼ੁਲ ਸਲਾਮ ਹੈਂ। ਸਮਸਤੁਲ ਕਲਾਮ ਹੈਂ।੧/੧੪੬
ਕਿ ਸਾਹਿਬ ਦਿਮਾਗ਼ ਹੈਂ। ਕਿ ਹੁਸਨੁਲ ਚਰਾਗ਼ ਹੈਂ।
ਕਿ ਕਾਮਲ ਕਰੀਮ ਹੈਂ। ਕਿ ਰਾਜ਼ਕ ਰਹੀਮ ਹੈਂ।੨/੧੪੭
ਕਿ ਰੋਜ਼ੀ ਦਿਹਿੰਦ ਹੈਂ। ਕਿ ਰਾਜ਼ਕ ਰਹਿੰਦ ਹੈਂ।
ਕਰੀਮੁਲ ਕਮਾਲ ਹੈਂ। ਕਿ ਹੁਸਨੁਲ ਜਮਾਲ ਹੈਂ।੩/੧੪੮

ਵਡਿਆਈਆਂ ਅਤੇ ਰਹਿਮਤਾਂ ਦੀਆਂ ਇਨ੍ਹਾਂ ਕਾਵਿਮਈ ਅਭਿਵਿਅੰਜਨਾਂ ਨੇ ਅਕਾਲ ਪੁਰਖ ਪ੍ਰਤਿ 'ਨਮਸਤ੍ਵੰ', 'ਨਮਸਤੰ', 'ਨਮੋ' ਦੀ ਧੁਨਿ ਨਾਲ, 'ਜਾਪੁ' ਬਾਣੀ ਦਾ ਸਮੁੱਚਾ ਭਾਵ ਮੰਡਲ ਸਿਰਜਿਆ ਹੈ:

ਨਮਸਤ੍ਵੰ ਅਕਾਲੇ। ਨਮਸਤ੍ਵੰ ਕ੍ਰਿਪਾਲੇ।
ਨਮਸਤੰ ਅਰੂਪੇ। ਨਮਸਤੰ ਅਨੂਪੇ।੧/੨

ਨਮੋ ਸਰਬ ਕਾਲੇ। ਨਮੋ ਸਰਬ ਦਿਆਲੇ।
ਨਮੋ ਸਰਬ ਰੂਪੇ। ਨਮੋ ਸਰਬ ਭੂਪੇ।੧੮/੧੯

ਨਮੋ ਜੋਗ ਜੋਗੇ। ਨਮੋ ਭੋਗ ਭੋਗੇ।
ਨਮੋ ਸਰਬ ਦਿਆਲੇ। ਨਮੋ ਸਰਬ ਪਾਲੇ।੨੭/੨੮

ਇਸ ਤਰ੍ਹਾਂ 'ਜਾਪੁ' ਸਾਹਿਬ ਵਿਚ, ਹਰ ਵੰਨ-ਸੁਵੰਨੀ ਵਸਤੂ, ਵਣ-ਤ੍ਰਿਣ, ਪਹਾੜ ਤੇ ਸਮੁੰਦਰ, ਚਾਨਣ ਤੇ ਕਲੱਤਣ ਪਿੱਛੇ ਇਕੋ ਇਕ ਅਕਾਲ ਪੁਰਖ ਦੀ ਹੋਂਦ ਦਾ ਵਿਵੇਕ ਉਸ ਪ੍ਰਤੀ 'ਨਮਸਤੰ' 'ਨਮਸਤੰ' ਦੀ ਭਾਵਧਾਰਾ ਰਾਹੀਂ ਪ੍ਰਗਟ ਹੋ ਕੇ, ਮਨੁੱਖ ਦੇ ਆਤਮਿਕ ਰੂਪਾਂਤਰਣ ਲਈ ਪ੍ਰੇਰਨਾ ਦਾ ਸਦੀਵੀ ਸੋਮਾ ਬਣ ਗਿਆ ਹੈ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਮੱਧਕਾਲੀ ਨਿਰਗੁਣ ਭਗਤੀ ਕਾਵਿਧਾਰਾ ਵਿਚ ਅਕਾਲ ਪੁਰਖ ਲਈ ਜਿੰਨੇ ਵਿਸ਼ੇਸ਼ਣ ਇਸ ਇਕੱਲੀ ਬਾਣੀ ਵਿਚ ਵਰਤੇ ਗਏ ਹਨ, ਉਸ ਦੀ ਮਿਸਾਲ ਹੋਰ ਕਿਤੋਂ ਮਿਲਣੀ ਮੁਸ਼ਕਲ ਹੈ। ਇਹ ਵਿਸ਼ੇਸ਼ਣ ਜਿਥੇ ਰਚਨਾਕਾਰ ਦੀ ਭਾਸ਼ਾਈ ਸਮਰੱਥਾ ਦੇ ਸੂਚਕ ਹਨ, ਉਥੇ ਇਹ ਅਕਾਲ ਪੁਰਖ ਦੀਆਂ ਸਾਰੀਆਂ ਸੰਭਵ ਸਿਫ਼ਤਾਂ ਆਪਣੇ ਵਿਚ ਸਮੋਈ ਬੈਠੇ ਹਨ।

ਸਮੁੱਚੇ ਤੌਰ ਤੇ ਇਸ ਪੂਰੀ ਰਚਨਾ ਦਾ ਭਾਵ ਮੰਡਲ ਜਪ ਦੀ ਧੁਨੀ, ਰਾਗ ਅਤੇ ਲੈਅ ਨਾਲ ਭਰਪੂਰ ਹੈ। ਰਚਨਾਕਾਰ ਦੀ ਅਦੁੱਤੀ ਪ੍ਰਤਿਭਾ ਨੇ ਆਪਣੇ ਪਾਰਗਾਮੀ ਅਨੁਭਵ ਨੂੰ ਭਗਤੀ ਭਾਵ ਰਾਹੀਂ ਸੰਗੀਤਕ ਅਤੇ ਕਲਾਤਮਕ ਪੱਧਰ ਤੇ ਪੇਸ਼ ਕਰਕੇ ਜਪ ਦੀ ਸਾਧਨਾ ਨੂੰ ਸਾਕਾਰ ਕਰ ਦਿੱਤਾ ਹੈ। 'ਜਾਪੁ' ਬਾਣੀ ਦਾ ਹਰ ਅੱਖਰ, ਹਰ ਮਾਤ੍ਰਾ, ਹਰ ਛੰਦ ਅਤੇ ਹਰ ਬੰਦ 'ਵਾਹਿਗੁਰੂ' ਅਨੁਭਵ ਦੇ ਪ੍ਰਗਟਾਓ ਵਿਚ ਇਸ ਤਰ੍ਹਾਂ ਪਰੋਇਆ ਹੋਇਆ ਹੈ ਕਿ ਇਸ ਬਾਣੀ ਦਾ ਉਚਾਰ ਸਹਿਜੇ ਹੀ ਮਨੁੱਖ ਦੀ ਚੇਤਨਾ ਵਿਚ ਇਕ ਅੰਤਰੀਵ ਆਨੰਦ ਦਾ ਸੰਚਾਰ ਆਰੰਭ ਕਰ ਦਿੰਦਾ ਹੈ।

ਸਮੁੱਚੀ ਰਚਨਾ ਬਾਈ ਪਉੜੀਆਂ ਜਾਂ ਕਾਵਿ ਇਕਾਈਆਂ ਵਿਚ ਹੈ। ਹਰ ਇਕਾਈ (ਛੰਦ) ਸਮੁੱਚੇ ਮਜ਼ਮੂਨ ਦੀ ਉਸਾਰੀ ਵਿਚ ਇਕ ਲੜੀ ਹੈ। ਅਦ੍ਵੈਤ-ਸੱਚ ਦਾ ਸਰੂਪ ਬਾਈ

ਪੜਾਵਾਂ ਵਿਚ ਉੱਸਰਦਾ ਹੈ। ਬ੍ਰਜ ਅਤੇ ਅਵਧੀ ਭਾਸ਼ਾ ਵਿਚ ਰਚਿਤ ਇਸ ਬਾਣੀ ਵਿਚ ਸੰਸਕ੍ਰਿਤ, ਫ਼ਾਰਸੀ, ਅਤੇ ਅਰਬੀ ਤੇ ਪੰਜਾਬੀ ਦੇ ਸ਼ਬਦਾਂ ਦਾ ਖੁਲ੍ਹ ਕੇ ਪ੍ਰਯੋਗ ਹੋਇਆ ਹੈ। ਦਸ ਛੰਦ ਰੂਪਾਂ ਦੀ ਇਸ ਬਾਣੀ ਵਿਚ ਕੁਲ 199 ਛੰਦ ਹਨ। ਇਹ ਦਸ ਛੰਦ ਹਨ: ਛਪੈ, ਭੁਜੰਗ ਪ੍ਰਯਾਤ, ਚਾਚਰੀ, ਚਰਪਟ, ਰੂਆਲ, ਮਧੁਭਾਰ, ਭਗਵਤੀ, ਰਸਾਵਲ, ਹਰਿ ਬੋਲ ਮਨਾ ਅਤੇ ਏਕ ਅੱਛਰੀ। ਛੰਦ ਭੁਜੰਗ ਪ੍ਰਯਾਤ ਛੇ ਵਾਰੀ, ਚਾਚਰੀ ਪੰਜ ਵਾਰੀ, ਚਰਪਟ ਦੋ ਵਾਰੀ, ਮਧੁਭਾਰ ਦੋ ਵਾਰੀ, ਭਗਵਤੀ ਦੋ ਵਾਰੀ ਅਤੇ ਬਾਕੀ ਦੇ ਪੰਜ ਛੰਦ ਇਕ-ਇਕ ਵਾਰੀ ਆਏ ਹਨ।

'ਜਾਪੁ' ਦੇ ਹਰ ਛੰਦ ਰੂਪ ਵਿਚ ਬੰਦਾਂ ਦੀ ਗਿਣਤੀ ਸੰਪਾਦਕੀ ਕ੍ਰਮ ਅਨੁਸਾਰ ਇਸ ਤਰ੍ਹਾਂ ਹੈ -ਪਹਿਲਾ ਬੰਦ ਛਪੈ ਛੰਦ ਵਿਚ ਕੇਵਲ ਇਕ ਵਾਰੀ, ਬੰਦ 2 ਤੋਂ 28 ਤਕ ਭੁਜੰਗ ਪ੍ਰਯਾਤ ਸਤਾਈ ਵਾਰੀ, 29 ਤੋਂ 43 ਤਕ ਚਾਚਰੀ ਪੰਦਰਾਂ ਵਾਰੀ, 44 ਤੋਂ 61 ਤਕ ਭੁਜੰਗ ਪ੍ਰਯਾਤ ਅਠਾਰਾਂ ਵਾਰੀ, 62 ਤੋਂ 63 ਤਕ ਚਾਚਰੀ ਦੋ ਵਾਰੀ, 64 ਤੋਂ 73 ਤਕ ਭੁਜੰਗ ਪ੍ਰਯਾਤ ਦਸ ਵਾਰੀ, 74 ਤੋਂ 78 ਤਕ ਚਰਪਟ ਪੰਜ ਵਾਰੀ, 79 ਤੋਂ 86 ਤਕ ਰੂਆਲ ਅੱਠ ਵਾਰੀ, 87 ਤੋਂ 93 ਤੱਕ ਮਧੁਭਾਰ ਸੱਤ ਵਾਰੀ, 94 ਤੋਂ 95 ਤਕ ਚਾਚਰੀ ਦੋ ਵਾਰੀ, 96 ਤੋਂ 98 ਤਕ ਭੁਜੰਗ ਪ੍ਰਯਾਤ ਤਿੰਨ ਵਾਰੀ, 99 ਤੋਂ 102 ਤਕ ਚਾਚਰੀ ਚਾਰ ਵਾਰੀ, 103 ਤੋਂ 132 ਤਕ ਭਗਵਤੀ ਤੀਹ ਵਾਰੀ, 133 ਤੋਂ 141 ਤਕ ਚਾਚਰੀ ਨੌਂ ਵਾਰੀ, 142 ਤੋਂ 144 ਤਕ ਚਰਪਟ ਤਿੰਨ ਵਾਰੀ, 145 ਤੋਂ 149 ਤਕ ਰਸਾਵਲ ਪੰਜ ਵਾਰੀ, 150 ਤੋਂ 160 ਤਕ ਭਗਵਤੀ ਗਿਆਰਾਂ ਵਾਰੀ, 161 ਤੋਂ 170 ਤਕ ਮਧੁਭਾਰ ਦਸ ਵਾਰੀ, 171 ਤੋਂ 184 ਤਕ ਹਰਿ ਬੋਲਮਨਾ ਚੌਦ੍ਹਾਂ ਵਾਰੀ, 185 ਤੋਂ 188 ਤਕ ਭੁਜੰਗ ਪ੍ਰਯਾਤ ਚਾਰ ਵਾਰੀ, 189 ਤੋਂ 196 ਤਕ ਏਕ ਅੱਛਰੀ ਅੱਠ ਵਾਰੀ, 197 ਤੋਂ 199 ਤਕ ਭੁਜੰਗ ਪ੍ਰਯਾਤ ਤਿੰਨ ਵਾਰੀ ਵਰਤੇ ਗਏ ਹਨ।

ੴ[1] ਸਤਿਗੁਰ ਪ੍ਰਸਾਦਿ।
ਵਾਹਿਗੁਰੂ ਜੀ ਕੀ ਫਤਿਹ! ਸ੍ਰੀ ਅਕਾਲ ਪੁਰਖ ਜੀ ਤੇਰੀ ਸਰਣਿ!!

ਜਾਪੁ[2]

ਸ੍ਰੀ ਮੁਖਵਾਕ ਪਾਤਿਸਾਹੀ ੧੦[3]
ਤ੍ਵਪ੍ਰਸਾਦਿ[4]। ਛਪੈ[5] ਛੰਦ

ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ।
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ।
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ[6] ਕਹਿੱਜੈ।
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ[7] ਗਣਿੱਜੈ।
ਤ੍ਰਿਭਵਣ[8] ਮਹੀਪ ਸੁਰ ਨਰ ਅਸੁਰ[9] ਨੇਤਿ ਨੇਤਿ[10] ਬਨ ਤ੍ਰਿਣ ਕਹਤ।
ਤ੍ਵ ਸਰਬ ਨਾਮ ਕਥੈ ਕਵਨ ਕਰਮ-ਨਾਮ ਬਰਣਤ ਸੁਮਤਿ।।੧

ਭੁਜੰਗ ਪ੍ਰਯਾਤ ਛੰਦ

ਨਮਸਤ੍ਵੰ ਅਕਾਲੇ। ਨਮਸਤ੍ਵੰ ਕ੍ਰਿਪਾਲੇ।
ਨਮਸਤੰ ਅਰੂਪੇ। ਨਮਸਤੰ ਅਨੂਪੇ।।੧/੨
ਨਮਸਤੰ ਅਭੇਖੇ। ਨਮਸਤੰ ਅਲੇਖੇ[11]।
ਨਮਸਤੰ ਅਕਾਏ[12]। ਨਮਸਤੰ ਅਜਾਏ[13]।।੨/੩
ਨਮਸਤੰ ਅਗੰਜੇ[14]। ਨਮਸਤੰ ਅਭੰਜੇ[15]।
ਨਮਸਤੰ ਅਨਾਮੇ। ਨਮਸਤੰ ਅਠਾਮੇ[16]।।੩/੪
ਨਮਸਤੰ ਅਕਰਮੰ। ਨਮਸਤੰ ਅਧਰਮੰ।
ਨਮਸਤੰ ਅਨਾਮੰ। ਨਮਸਤੰ ਅਧਾਮੰ[17]।।੪/੫
ਨਮਸਤੰ ਅਜੀਤੇ। ਨਮਸਤੰ ਅਭੀਤੇ।
ਨਮਸਤੰ ਅਬਾਹੇ। ਨਮਸਤੰ ਅਢਾਹੇ।।੫/੬
ਨਮਸਤੰ ਅਨੀਲੇ[18]। ਨਮਸਤੰ ਅਨਾਦੇ[19]।
ਨਮਸਤੰ ਅਛੇਦੇ[20]। ਨਮਸਤੰ ਅਗਾਧੇ।।੬/੭
ਨਮਸਤੰ ਅਗੰਜੇ। ਨਮਸਤੰ ਅਭੰਜੇ।

---

1. ਅਕਾਲ ਪੁਰਖ ਇਕ ਹੈ, ਸਦਾ ਸਥਿਰ ਰਹਿਣ ਵਾਲਾ ਹੈ ਅਤੇ ਸੱਚੇ ਦੀ ਕ੍ਰਿਪਾ ਨਾਲ ਪਰਾਪਤ ਹੁੰਦਾ ਹੈ। 2. ਬਾਣੀ ਦਾ ਨਾਮ ਹੈ 3. ਮੁਖਾਰਬਿੰਦ ਦੇ ਬਚਨ 4. ਤੇਰੀ (ਅਕਾਲ ਪੁਰਖ ਦੀ) ਕ੍ਰਿਪਾ ਨਾਲ 5. ਇਕ ਛੰਦ ਦਾ ਨਾਮ 6. ਅਮਿੱਤੋਜ= ਅਮਿਤ+ਓਜ: ਨਾ ਮਿਣੇ ਜਾਣ ਵਾਲੇ ਬਲ ਵਾਲਾ 7. ਸ਼ਾਹਾਂ ਦਾ ਸ਼ਾਹ, ਸ਼ਹਿਨਸ਼ਾਹ 8. ਤਿੰਨ ਲੋਕ : ਆਕਾਸ਼, ਪਾਤਾਲ ਤੇ ਮਾਤ-ਲੋਕ 9. ਦੇਵਤੇ, ਮਨੁੱਖ ਤੇ ਰਾਖਸ਼ 10. ਨਾ-ਇਤਿ, ਨਾ-ਇਤਿ: ਬੇਅੰਤ 11. ਜਿਹੜਾ ਲਿਖਿਆ ਨਾ ਜਾ ਸਕੇ 12. ਕਾਇਆ (ਸਰੀਰ) ਰਹਿਤ 13. ਜਨਮ ਰਹਿਤ 14. ਅਬਿਨਾਸੀ 15. ਜੋ ਭੰਨਿਆ ਨਾ ਜਾ ਸਕੇ, ਅਟੁੱਟ 16. ਜਿਸ ਦਾ ਕੋਈ ਵਿਸ਼ੇਸ਼ ਅਸਥਾਨ ਜਾਂ ਠਿਕਾਣਾ ਨਹੀ, ਲਾ-ਮਕਾਨੀ 17. ਜਿਸ ਦਾ ਕੋਈ ਧਾਮ ਜਾਂ ਘਰ ਨਹੀਂ 18. ਰੰਗ ਰੂਪ ਰਹਿਤ 19. ਆਦਿ ਰਹਿਤ, ਜਿਸ ਦਾ ਕੋਈ ਮੁੱਢ ਨਹੀਂ 20. ਛੇਦਿਆ (ਕਟਿਆ) ਨਾ ਜਾਣ ਵਾਲਾ

ਨਮਸਤੰ ਉਦਾਰੇ। ਨਮਸਤੰ ਅਪਾਰੇ।।੭/੮
ਨਮਸਤੰ ਸੁ ਏਕੈ। ਨਮਸਤੰ ਅਨੇਕੈ।
ਨਮਸਤੰ ਅਭੂਤੇ[21]। ਨਮਸਤੰ ਅਜੂਪੇ[22]।।੮/੯
ਨਮਸਤੰ ਨ੍ਰਿਕਰਮੇ। ਨਮਸਤੰ ਨ੍ਰਿਭਰਮੇ।
ਨਮਸਤੰ ਨ੍ਰਿਦੇਸੇ। ਨਮਸਤੰ ਨ੍ਰਿਭੇਸੇ।।੯/੧੦
ਨਮਸਤੰ ਨ੍ਰਿਨਾਮੇ। ਨਮਸਤੰ ਨ੍ਰਿਕਾਮੇ।
ਨਮਸਤੰ ਨ੍ਰਿਧਾਤੇ। ਨਮਸਤੰ ਨ੍ਰਿਘਾਤੇ।।੧੦/੧੧
ਨਮਸਤੰ ਨ੍ਰਿਧੂਤੇ। ਨਮਸਤੰ ਅਭੂਤੇ।
ਨਮਸਤੰ ਅਲੋਕੇ[23]। ਨਮਸਤੰ ਅਸੋਕੇ[24]।।੧੧/੧੨
ਨਮਸਤੰ ਨ੍ਰਿਤਾਪੇ। ਨਮਸਤੰ ਅਥਾਪੇ।
ਨਮਸਤੰ ਤ੍ਰਿਮਾਨੇ[25]। ਨਮਸਤੰ ਨਿਧਾਨੇ।।੧੨/੧੩
ਨਮਸਤੰ ਅਗਾਹੇ। ਨਮਸਤੰ ਅਬਾਹੇ।
ਨਮਸਤੰ ਤ੍ਰਿਬਰਗੇ[26]। ਨਮਸਤੰ ਅਸਰਗੇ।।੧੩/੧੪
ਨਮਸਤੰ ਪ੍ਰਭੋਗੇ। ਨਮਸਤੰ ਸੁਜੋਗੇ।
ਨਮਸਤੰ ਅਰੰਗੇ। ਨਮਸਤੰ ਅਭੰਗੇ।।੧੪/੧੫
ਨਮਸਤੰ ਅਗੰਮੇ। ਨਮਸਤਸਤੁ ਰੰਮੇ।
ਨਮਸਤੰ ਜਲਾਸਰੇ[27]। ਨਮਸਤੰ ਨਿਰਾਸਰੇ[28]।।੧੫/੧੬
ਨਮਸਤੰ ਅਜਾਤੇ। ਨਮਸਤੰ ਅਪਾਤੇ।
ਨਮਸਤੰ ਅਮਜਬੇ। ਨਮਸਤਸਤੁ ਅਜਬੇ।।੧੬/੧੭
ਅਦੇਸੰ ਅਦੇਸੇ[29]। ਨਮਸਤੰ ਅਭੇਸੇ।
ਨਮਸਤੰ ਨ੍ਰਿਧਾਮੇ। ਨਮਸਤੰ ਨ੍ਰਿਬਾਮੇ[30]।।੧੭/੧੮
ਨਮੋ ਸਰਬ ਕਾਲੇ[31]। ਨਮੋ ਸਰਬ ਦਿਆਲੇ।
ਨਮੋ ਸਰਬ ਰੂਪੇ। ਨਮੋ ਸਰਬ ਭੂਪੇ।।੧੮/੧੯
ਨਮੋ ਸਰਬ ਖਾਪੇ। ਨਮੋ ਸਰਬ ਥਾਪੇ।
ਨਮੋ ਸਰਬ ਕਾਲੇ। ਨਮੋ ਸਰਬ ਪਾਲੇ[32]।।੧੯/੨੦
ਨਮਸਤੱਸਤੁ ਦੇਵੇ। ਨਮਸਤੰ ਅਭੇਵੇ।
ਨਮਸਤੰ ਅਜਨਮੇ। ਨਮਸਤੰ ਸੁਬਨਮੇ।।੨੦/੨੧
ਨਮੋ ਸਰਬ ਗਉਨੇ[33]। ਨਮੋ ਸਰਬ ਭਉਨੇ।
ਨਮੋ ਸਰਬ ਰੰਗੇ। ਨਮੋ ਸਰਬ ਭੰਗੇ।।੨੧/੨੨
ਨਮੋ ਕਾਲ ਕਾਲੇ[34]। ਨਮਸਤਸਤੁ ਦਿਆਲੇ।
ਨਮਸਤੰ ਅਬਰਨੇ। ਨਮਸਤੰ ਅਮਰਨੇ।।੨੨/੨੩

---

21. ਪੰਜ ਭੂਤ ਰਹਿਤ, ਜਿਸ ਦਾ ਪੰਜ ਭੌਤਕ ਸਰੀਰ ਨਹੀਂ 22. ਬੰਧਨ ਰਹਿਤ, ਮੁਕਤ, ਸੁਤੰਤਰ 23. ਅਦ੍ਰਿਸ਼ਟ 24. ਸ਼ੋਕ ਰਹਿਤ 25. ਜਿਸ ਦਾ ਮਾਨ ਤਿੰਨਾਂ ਲੋਕਾਂ ਵਿਚ ਹੁੰਦਾ ਹੈ 26. ਜੋ ਰਜੋ, ਸਤੋ ਤੇ ਤਮੋ ਗੁਣਾਂ ਦਾ ਸਮੂਹ ਹੈ 27. ਸਮੁੰਦਰ ਰੂਪ 28. ਆਸਰੇ ਜਾਂ ਸਹਾਰੇ ਤੋਂ ਮੁਕਤ 29. ਨਮਸਕਾਰ ਹੈ, ਜਿਸ ਦਾ ਕੋਈ ਦੇਸ ਨਹੀਂ 30. ਇਸਤ੍ਰੀ ਰਹਿਤ 31. ਸਭ ਕਾਲਾਂ ਵਿਚ ਵਿਆਪਕ 32. ਸਭ ਕਾਲਾਂ ਵਿਚ ਵਿਆਪਕ 33. ਸਭ ਥਾਂ ਪਹੁੰਚਣ ਯੋਗ, ਸਰਬਗਾਮੀ 34. ਕਾਲ (ਮੌਤ) ਦਾ ਕਾਲ

ਨਮਸਤੰ ਜਰਾਰੰ[35]। ਨਮਸਤੰ ਕ੍ਰਿਤਾਰੰ।
ਨਮੋ ਸਰਬ ਧੰਧੇ। ਨਮੋ ਸਤ ਅਬੰਧੇ।।੨੩/੨੪
ਨਮਸਤੰ ਨ੍ਰਿਸਾਕੇ। ਨਮਸਤੰ ਨ੍ਰਿਬਾਕੇ[36]।
ਨਮਸਤੰ ਰਹੀਮੇ। ਨਮਸਤੰ ਕਰੀਮੇ।।੨੪/੨੫
ਨਮਸਤੰ ਅਨੰਤੇ। ਨਮਸਤੰ ਮਹੰਤੇ।
ਨਮਸਤਸਤੁ ਰਾਗੇ[37]। ਨਮਸਤੰ ਸੁਹਾਗੇ।।੨੫/੨੬
ਨਮੋ ਸਰਬ ਸੋਖੰ। ਨਮੋ ਸਰਬ ਪੋਖੰ[38]।
ਨਮੋ ਸਰਬ ਕਰਤਾ। ਨਮੋ ਸਰਬ ਹਰਤਾ[39]।।੨੬/੨੭
ਨਮੋ ਜੋਗ ਜੋਗੇ। ਨਮੋ ਭੋਗ ਭੋਗੇ।
ਨਮੋ ਸਰਬ ਦਿਆਲੇ। ਨਮੋ ਸਰਬ ਪਾਲੇ।।੨੭/੨੮

ਚਾਚਰੀ ਛੰਦ। ਤ੍ਵਪ੍ਰਸਾਦਿ।

ਅਰੂਪ ਹੈਂ। ਅਨੂਪ ਹੈਂ।
ਅਜੂ[40] ਹੈਂ। ਅਭੂ[41] ਹੈਂ।।੧/੨੯
ਅਲੇਖ ਹੈਂ। ਅਭੇਖ ਹੈਂ।
ਅਨਾਮ ਹੈਂ। ਅਕਾਮ ਹੈਂ।।੨/੩੦
ਅਧੇ[42] ਹੈਂ। ਅਭੇ ਹੈਂ।
ਅਜੀਤ ਹੈਂ। ਅਭੀਤ ਹੈਂ।।੩/੩੧
ਤ੍ਰਿਮਾਨ ਹੈਂ। ਨਿਧਾਨ ਹੈਂ।
ਤ੍ਰਿਬਰਗ ਹੈਂ। ਅਸਰਗ ਹੈਂ।।੪/੩੨
ਅਨੀਲ ਹੈਂ। ਅਨਾਦਿ ਹੈਂ।
ਅਜੇ ਹੈਂ। ਅਜਾਦਿ ਹੈਂ।।੫/੩੩
ਅਜਨਮ ਹੈਂ। ਅਬਰਨ ਹੈਂ।
ਅਭੂਤ ਹੈਂ। ਅਭਰਨ[43] ਹੈਂ।।੬/੩੪
ਅਗੰਜ ਹੈਂ। ਅਭੰਜ ਹੈਂ।
ਅਝੂਝ ਹੈਂ। ਅਝੰਝ[44] ਹੈਂ।।੭/੩੫
ਅੱਮੀਕ[45] ਹੈਂ। ਰਫ਼ੀਕ[46] ਹੈਂ।
ਅਧੰਧ ਹੈਂ। ਅਬੰਧ ਹੈਂ।।੮/੩੬
ਨ੍ਰਿਬੂਝ ਹੈਂ। ਅਸੂਝ ਹੈਂ।
ਅਕਾਲ ਹੈਂ। ਅਜਾਲ ਹੈਂ।।੯/੩੭
ਅਲਾਹ[47] ਹੈਂ। ਅਜਾਹ[48] ਹੈਂ।

---

35 ਜਿਸ ਨੂੰ ਬੁਢਾਪਾ ਨਹੀ ਆਉਂਦਾ 36 ਨਿਰਭਉ 37 ਪਿਆਰ-ਸਰੂਪ 38 ਪਾਲਣਾ ਕਰਨ ਵਾਲਾ, ਪ੍ਰਿਤਪਾਲਕ 39. ਸਭ ਨੂੰ ਨਾਸ ਕਰਨ ਵਾਲਾ 40 ਜਨਮ ਵਿਚ ਨਾ ਆਉਣ ਵਾਲਾ 41 ਹੋਂਦ ਵਿਚ ਨਾ ਆਉਣ ਵਾਲਾ 42 ਜੋ ਕਿਸੇ ਉੱਤੇ ਆਧਾਰਿਤ ਨਹੀਂ 43 ਪਾਲਣ ਪੋਸਣ ਤੋਂ ਸੁਤੰਤਰ 44 ਝਗੜਿਆਂ ਝੇੜਿਆਂ ਤੋਂ ਰਹਿਤ 45 ਡੂੰਘਾ, ਗਹਿਰ ਗੰਭੀਰ 46 ਮਿੱਤਰ, ਦੋਸਤ 47 ਜੋ ਲੱਭਿਆ ਨਾ ਜਾ ਸਕੇ, ਅਲੱਭ 48 ਜਿਸ ਦੀ ਕੋਈ ਵਿਸੇਸ਼ ਥਾਂ ਨਹੀਂ ਸਰਬ ਗਾਮੀ

ਅਨੰਤ ਹੈਂ। ਮਹੰਤ ਹੈਂ।।੧੦/੩੮
ਅਲੀਕ ਹੈਂ। ਨ੍ਰਿਸ੍ਰੀਕ ਹੈਂ।
ਨ੍ਰਿਲੰਭ ਹੈਂ। ਅਸੰਭ[49] ਹੈਂ।।੧੧/੩੯
ਅਗੰਮ ਹੈਂ। ਅਜੰਮ ਹੈਂ।
ਅਭੂਤ ਹੈਂ। ਅਛੂਤ ਹੈਂ।।੧੨/੪੦
ਅਲੋਕ ਹੈਂ। ਅਸੋਕ ਹੈਂ।
ਅਕਰਮ ਹੈਂ। ਅਭਰਮ ਹੈਂ।।੧੩/੪੧
ਅਜੀਤ ਹੈਂ। ਅਭੀਤ ਹੈਂ।
ਅਬਾਹ ਹੈਂ। ਅਗਾਹ ਹੈਂ।।੧੪/੪੨
ਅਮਾਨ[50] ਹੈਂ। ਨਿਧਾਨ ਹੈਂ।
ਅਨੇਕ ਹੈਂ। ਫਿਰਿ ਏਕ ਹੈਂ।।੧੫/੪੩

ਭੁਜੰਗ ਪ੍ਰਯਾਤ ਛੰਦ

ਨਮੋ ਸਰਬ ਮਾਨੇ। ਸਮਸਤੀ ਨਿਧਾਨੇ[51]।
ਨਮੋ ਦੇਵ ਦੇਵੇ। ਅਭੇਖੀ ਅਭੇਵੇ।।੧/੪੪
ਨਮੋ ਕਾਲ ਕਾਲੇ। ਨਮੋ ਸਰਬ ਪਾਲੇ।
ਨਮੋ ਸਰਬ ਗਉਣੇ। ਨਮੋ ਸਰਬ ਭਉਣੇ।।੨/੪੫
ਅਨੰਗੀ[52] ਅਨਾਥੇ। ਨ੍ਰਿਸੰਗੀ ਪ੍ਰਮਾਥੇ[53]।
ਨਮੋ ਭਾਨ ਭਾਨੇ। ਨਮੋ ਮਾਨ ਮਾਨੇ।।੩/੪੬
ਨਮੋ ਚੰਦ੍ਰ ਚੰਦ੍ਰੇ। ਨਮੋ ਭਾਨ ਭਾਨੇ।
ਨਮੋ ਗੀਤ ਗੀਤੇ। ਨਮੋ ਤਾਨ ਤਾਨੇ।।੪/੪੭
ਨਮੋ ਨ੍ਰਿੱਤ ਨ੍ਰਿੱਤੇ। ਨਮੋ ਨਾਦ ਨਾਦੇ।
ਨਮੋ ਪਾਨ ਪਾਨੇ[54]। ਨਮੋ ਬਾਦ ਬਾਦੇ[55]।।੫/੪੮
ਅਨੰਗੀ ਅਨਾਮੇ। ਸਮਸਤੀ ਸਰੂਪੇ।
ਪ੍ਰਭੰਗੀ[56] ਪ੍ਰਮਾਥੇ। ਸਮਸਤੀ ਬਿਭੂਤੇ[57]।।੬/੪੯
ਕਲੰਕੰ ਬਿਨਾ, ਨੇ ਕਲੰਕੀ ਸਰੂਪੇ।
ਨਮੋ ਰਾਜ ਰਾਜੇਸ੍ਵਰੰ ਪਰਮ ਰੂਪੇ।।
ਨਮੋ ਜੋਗ ਜੋਗੇਸ੍ਵਰੰ, ਪਰਮ ਸਿੱਧੇ।
ਨਮੋ ਰਾਜ ਰਾਜੇਸ੍ਵਰੰ ਪਰਮ ਬ੍ਰਿਧੇ।।੧/੫੦
ਨਮੋ ਸਸਤ੍ਰਪਾਣੇ। ਨਮੋ ਅਸਤ੍ਰਮਾਣੇ[58]।
ਨਮੋ ਪਰਮ ਗਿਆਤਾ। ਨਮੋ ਲੋਕ ਮਾਤਾ।।੭/੫੧
ਅਭੇਖੀ ਅਭਰਮੀ, ਅਭੋਗੀ ਅਭੁਗਤੇ।
ਨਮੋ ਜੋਗ ਜੋਗੇਸ੍ਵਰੰ, ਪਰਮ ਜਗਤੇ।।

---

49 ਜੰਮਦਾ ਨਹੀਂ, ਅਜਨਮਾ 50 ਤੋਲ, ਮਾਪ ਰਹਿਤ 51 ਖਜ਼ਾਨਾ 52 ਅੰਗ ਰਹਿਤ 53 ਸੰਤ ਨੂੰ ਮਥਣ ਵਾਲਾ, ਮਹਾਂਬਲੀ 54 ਹੱਥਾ (ਥਾਪ) ਸਿਰ ਹੱਥ 55 ਵਾਜਿਆ ਦਾ ਵਾਜਾ 56 ਭੰਗ ਕਰਨ ਵਾਲਾ 57 ਸਭਨਾ ਦੀ ਸੰਪੱਤੀ 58 ਅਸਤ੍ਰਧਾਰੀ (ਉਹ ਹਥਿਆਰ ਜਿਨ੍ਹਾਂ ਦਾ ਵਾਰ ਹੱਥੋਂ ਛੱਡ ਕੇ ਕੀਤਾ ਜਾਏ)

ਨਮੋ ਨਿੱਤ ਨਾਰਾਇਣੇ, ਰਕ੍ਰ ਕਰਮੇ।
ਨਮੋ ਪ੍ਰੇਤ ਅਪ੍ਰੇਤ ਦੇਵੇ ਸੁਧਰਮੇ॥੨/੫੨
ਨਮੋ ਰੋਗ ਹਰਤਾ, ਨਮੋ ਰਾਗ ਰੂਪੇ[59]।
ਨਮੋ ਸਾਹ[60] ਸਾਹੰ, ਨਮੋ ਭੂਪ ਭੂਪੇ॥੪/੫੩
ਨਮੋ ਦਾਨ ਦਾਨੇ, ਨਮੋ ਮਾਨ ਮਾਨੈ।
ਨਮੋ ਰੋਗ ਰੋਗੇ ਨਮਸਤੰ ਸਨਾਨੈ॥੯/੫੪
ਨਮੋ ਮੰਤ੍ਰ ਮੰਤ੍ਰੰ। ਨਮੋ ਜੰਤ੍ਰ ਜੰਤ੍ਰੰ।
ਨਮੋ ਇਸਟ ਇਸਟੇ। ਨਮੋ ਤੰਤ੍ਰ ਤੰਤ੍ਰੰ॥੧੦/੫੫
ਸਦਾ ਸੱਚਿਦਾਨੰਦ[61], ਸਰਬੰ[62] ਪ੍ਰਣਾਸੀ।
ਅਨੂਪੇ ਅਰੂਪੇ ਸਮਸਤ੍ਰਲ[63] ਨਿਵਾਸੀ॥
ਸਦਾ ਸਿੱਧਿਦਾ ਬੁੱਧਿਦਾ ਬ੍ਰਿੱਧਿ ਕਰਤਾ।
ਅਧੋ ਉਰਧ ਅਰਧੰ ਅਘੰ ਓਘ ਹਰਤਾ॥੩/੫੬
ਪਰੰ ਪਰਮ ਪਰਮੇਸ੍ਵਰੰ ਪ੍ਰੋਛਪਾਲੰ[64]।
ਸਦਾ ਸਰਬਦਾ ਸਿੱਧਿ ਦਾਤਾ ਦਿਆਲੰ॥
ਅਛੇਦੀ ਅਭੇਦੀ ਅਨਾਮੰ ਅਕਾਮੰ[65]।
ਸਮਸਤੋ[66] ਪਰਾਜੀ ਸਮਸਤਸਤ੍ਰ ਧਾਮੰ॥੪/੫੭

ਤੇਰਾ ਜੋਰੁ[67] । ਚਾਚਰੀ ਛੰਦ

ਜਲੇ ਹੈਂ। ਥਲੇ ਹੈਂ।
ਅਭੀਤ ਹੈਂ। ਅਭੇ ਹੈਂ॥੧/੫੮
ਪ੍ਰਭੂ ਹੈਂ। ਅਜੂ ਹੈਂ।
ਅਦੇਸ ਹੈਂ। ਅਭੇਸ ਹੈਂ॥੨/੫੯

ਭੁਜੰਗ ਪ੍ਰਯਾਤ ਛੰਦ

ਅਗਾਧੇ ਅਬਾਧੇ। ਅਨੰਦੀ ਸਰੂਪੇ।
ਨਮੋ ਸਰਬ ਮਾਨੇ। ਸਮਸਤੀ ਨਿਧਾਨੇ॥੧/੬੦
ਨਮਸਤ੍ਵੰ ਨ੍ਰਿਨਾਥੇ। ਨਮਸਤ੍ਵੰ ਪ੍ਰਮਾਥੇ।
ਨਮਸਤ੍ਵੰ ਅਗੰਜੇ। ਨਮਸਤ੍ਵੰ ਅਭੰਜੇ॥੨/੬੧
ਨਮਸਤ੍ਵੰ ਅਕਾਲੇ। ਨਮਸਤ੍ਵੰ ਅਪਾਲੇ।
ਨਮੋ ਸਰਬ ਦੇਸੇ। ਨਮੋ ਸਰਬ ਭੇਸੇ॥੩/੬੨
ਨਮੋ ਰਾਜ ਰਾਜੇ। ਨਮੋ ਸਾਜ[68] ਸਾਜੇ।
ਨਮੋ ਸ਼ਾਹ ਸ਼ਾਹੇ। ਨਮੋ ਮਾਹ ਮਾਹੇ॥੪/੬੩
ਨਮੋ ਗੀਤ ਗੀਤੇ। ਨਮੋ ਪ੍ਰੀਤ ਪ੍ਰੀਤੇ।

---

59. ਪਿਆਰ ਸਰੂਪ 60. ਸ਼ਾਹਾਂ ਦਾ ਸ਼ਾਹ, ਸ਼ਹਿਨਸ਼ਾਹ 61. ਸਤਿ, ਚਿੱਤ ਤੇ ਅਨੰਦ ਸਰੂਪ 62. ਸਭ ਨੂੰ ਨਾਸ਼ ਕਰਨ ਵਾਲਾ 63. ਸਭ ਵਿਚ ਵਸਣ ਵਾਲਾ 64. ਅਦ੍ਰਿਸ਼ਟ ਪ੍ਰਿਤਪਾਲਣਾ ਕਰਨ ਵਾਲਾ 65. ਕਾਮਨਾ ਰਹਿਤ 66. ਸਭ ਨੂੰ ਉਤਪੰਨ ਕਰਨ ਵਾਲਾ 67. ਮੈਂ ਇਹ ਬਾਣੀ ਉਚਾਰ ਰਿਹਾ ਹਾਂ ਹੇ ਵਾਹਿਗੁਰੂ! ਤੇਰੇ ਬਲ ਨਾਲ ਹੀ 68. ਹਰ ਰਚਨਾ ਦਾ ਰਚਣ ਵਾਲਾ, ਮਹਾਂ ਸਿਰਜਣਹਾਰ

ਨਮੋ ਰੋਖ ਰੋਖੇ। ਨਮੋ ਸੋਖ ਸੋਖੇ।।੫/੬੪
ਨਮੋ ਸਰਬ ਰੋਗੇ। ਨਮੋ ਸਰਬ ਭੋਗੇ।
ਨਮੋ ਸਰਬ ਜੀਤੰ। ਨਮੋ ਸਰਬ ਭੀਤੰ।।੬/੬੫
ਨਮੋ ਸਰਬ ਗਿਆਨੰ। ਨਮੋ ਪਰਮ ਤਾਨੰ।
ਨਮੋ ਸਰਬ ਮੰਤ੍ਰੰ। ਨਮੋ ਸਰਬ ਜੰਤ੍ਰੰ।।੭/੬੬
ਨਮੋ ਸਰਬ[69] ਦ੍ਰਿੱਸੰ। ਨਮੋ ਸਰਬ[70] ਕ੍ਰਿੱਸੰ।
ਨਮੋ ਸਰਬ ਰੰਗੇ। ਤ੍ਰਿਭੰਗੀ[71] ਅਨੰਗੇ।।੮/੬੭
ਨਮੋ ਜੀਵ ਜੀਵੰ। ਨਮੋ ਬੀਜ ਬੀਜੇ।
ਅਖਿੱਜੇ ਅਭਿੱਜੇ[72]। ਸਮ੍ਸਤੰ ਪ੍ਰਸਿੱਜੇ।।੯/੬੮
ਕ੍ਰਿਪਾਲੰ ਸਰੂਪੇ ਕੁਕਰਮੰ[73] ਪ੍ਰਣਾਸੀ।
ਸਦਾ ਸਰਬ ਦਾ ਰਿੱਧਿ ਸਿੱਧੰ ਨਿਵਾਸੀ।।੧੦/੬੯

ਚਰਪਟ ਛੰਦ। ਤ੍ਵਪ੍ਰਸਾਦਿ

ਅੰਮ੍ਰਿਤ ਕਰਮੇ। ਅੰਬ੍ਰਿਤ[74] ਧਰਮੇ।
ਅਖਿੱਲ[75] ਜੋਗੇ। ਅਚੱਲ ਭੋਗੇ।।੧/੭੦
ਅਚੱਲ ਰਾਜੇ। ਅਟੱਲ ਸਾਜੇ।
ਅਖਿੱਲ ਧਰਮੰ। ਅਲੱਖ ਕਰਮੰ।।੨/੭੧
ਸਰਬੰ ਦਾਤਾ। ਸਰਬੰ ਗਿਆਤਾ।
ਸਰਬੰ ਭਾਨੇ। ਸਰਬੰ ਮਾਨੇ।।੩/੭੨
ਸਰਬੰ ਪ੍ਰਾਣੰ। ਸਰਬੰ ਤ੍ਰਾਣੰ।
ਸਰਬੰ ਭੁਗਤਾ। ਸਰਬੰ ਜੁਗਤਾ।।੪/੭੩
ਸਰਬੰ ਦੇਵੰ। ਸਰਬੰ ਭੇਵੰ।
ਸਰਬੰ ਕਾਲੇ। ਸਰਬੰ ਪਾਲੇ।।੫/੭੪

ਰੁਆਲ ਛੰਦ। ਤ੍ਵਪ੍ਰਸਾਦਿ

ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ।
ਸਰਬ ਮਾਨ[76] ਤ੍ਰਿਮਾਨ ਦੇਵ, ਅਭੇਵ ਆਦਿ ਉਦਾਰ।
ਸਰਬ ਪਾਲਕ ਸਰਬ ਘਾਲਕ, ਸਰਬ ਕੋ ਪੁਨਿ ਕਾਲ।
ਜੱਤ੍ਰ[77] ਤੱਤ੍ਰ ਬਿਰਾਜ ਹੀ, ਅਵਧੂਤ[78] ਰੂਪ[79] ਰਿਸਾਲ।੧/੭੫
ਨਾਮ ਠਾਮ ਨ ਜਾਤਿ ਜਾਕਰ, ਰੂਪ ਰੰਗ ਨ ਰੇਖ।
ਆਦਿ ਪੁਰਖ ਉਦਾਰ ਮੂਰਤਿ, ਅਜੋਨਿ ਆਦਿ ਅਸੇਖ।
ਦੇਸ ਅਉਰ ਨ ਭੇਸ ਜਾਕਰ, ਰੂਪ ਰੇਖ ਨ ਰਾਗ।
ਜੱਤ੍ਰ ਤੱਤ੍ਰ ਦਿਸਾ ਵਿਸਾ[80], ਹੁਇ ਫੈਲਿਓ ਅਨੁਰਾਗ।।੨/੭੬

---

69. ਸਭ ਨੂੰ ਦ੍ਰਿਸ਼ਟੀ (ਨਜ਼ਰ) ਹੇਠ ਰਖਣ ਵਾਲਾ 70. ਸਭ ਨੂੰ ਖਿੱਚ ਕੇ ਰਖਣ ਵਾਲਾ 71. ਤਿੰਨਾ ਭਵਨਾ ਦਾ ਨਾਸ਼ਕ 72. ਸਭ ਉੱਤੇ ਪਸੀਜਣ ਵਾਲਾ 73. ਬਦੀਆਂ ਨੂੰ ਨਾਸ ਕਰਨ ਵਾਲਾ 74. ਜਿਸ ਦੇ ਨੇਮਾਂ ਵਿਚ ਕੋਈ ਰੋਕ ਜਾਂ ਵਿਘਨ ਨਹੀ, ਅਖੰਡ ਧਰਮ 75. ਅਖਿਲ, ਸਾਰਾ, ਸਾਰਿਆਂ ਵਿਚ ਜੁੜਿਆ ਹੋਇਆ। 76. ਤਿੰਨ ਹੀ ਲੋਕਾਂ ਦੇ ਜੀਵ ਜਿਸ ਦਾ ਮਾਨ ਕਰਦੇ ਹਨ 77. ਜਿਥੇ ਕਿਥੇ, ਹਰ ਥਾਂ 78. ਉਹ ਪੁਰਖ ਜਿਸ ਨੇ ਕੁਕਰਮ ਝਾੜ ਦਿਤੇ ਹਨ, ਤਿਆਗੀ 79. ਸੋਹਣੇ ਰੂਪ ਵਾਲਾ 80. ਉਪਦਿਸ਼ਾ, ਨੁੱਕਰ

ਨਾਮ ਕਾਮ ਬਿਹੀਨ ਪੇਖਤ, ਧਾਮ ਹੂੰ ਨਹਿ ਜਾਹਿ।
ਸਰਬ ਮਾਨ ਸਰਬੱਤ੍ਰ ਮਾਨ, ਸਦੈਵ ਮਾਨਤ ਤਾਹਿ।
ਏਕ ਮੂਰਤਿ ਅਨੇਕ ਦਰਸਨ, ਕੀਨ ਰੂਪ ਅਨੇਕ।
ਖੇਲ ਖੇਲਿ ਅਖੇਲ ਖੇਲਨ, ਅੰਤ ਕੋ ਫਿਰਿ ਏਕ।।੩/੭੭
ਦੇਵ ਭੇਵ ਨ ਜਾਨ ਹੀਂ, ਜਿੰਹ ਬੇਦ ਅਉਰ ਕਤੇਬ[81]।
ਰੂਪ ਰੰਗ ਨ ਜਾਤਿ ਪਾਤਿ, ਸੁ ਜਾਨਈ ਕਿੰਹ ਜੇਬ[82]।
ਤਾਤ[83] ਮਾਤ ਨ ਜਾਤ ਜਾ ਕਰ, ਜਨਮ ਮਰਨ ਬਿਹੀਨ[84]।
ਚੱਕ੍ਰ ਬੱਕ੍ਰ[85] ਫਿਰੈ ਚਤੁਰ ਚੱਕਿ, ਮਾਨ ਹੀ ਪੁਰ ਤੀਨ।।੪/੭੮
ਲੋਕ ਚਉਦਹ ਕੇ ਬਿਖੈ, ਜਗ ਜਾਪ ਹੀ ਜਿੰਹ ਜਾਪੁ।
ਆਦਿ ਦੇਵ ਅਨਾਦਿ ਮੂਰਤਿ, ਥਾਪਿਓ ਸਬੈ ਜਿੰਹ ਥਾਪੁ।
ਪਰਮ ਰੂਪ ਪੁਨੀਤ ਮੂਰਤਿ, ਪੂਰਨ ਪੁਰਖੁ ਅਪਾਰ।
ਸਰਬ ਬਿਸ੍ਵ ਰਚਿਓ ਸੁਯੰਭਵ[86], ਗੜ੍ਹਨ[87] ਭੰਜਨ ਹਾਰ।।੫/੭੯
ਕਾਲ ਹੀਨ ਕਲਾ ਸੰਜੁਗਤਿ, ਅਕਾਲ ਪੁਰਖ ਅਦੇਸ।
ਧਰਮ ਧਾਮ ਸੁ ਭਰਮ ਰਹਿਤ, ਅਭੂਤ ਅਲੱਖ ਅਭੇਸ।
ਅੰਗ ਰਾਗ ਨ ਰੰਗ ਜਾ ਕਹਿ ਜਾਤਿ ਪਾਤਿ ਨ ਨਾਮ।
ਗਰਬ ਗੰਜਨ[88], ਦੁਸਟ ਭੰਜਨ[89] ਮੁਕਤਿ ਦਾਇਕ[90] ਕਾਮ।।੬/੮੦
ਆਪ ਰੂਪ, ਅੱਮੀਕ ਅਨ ਉਸਤਤਿ, ਏਕ ਪੁਰਖ ਅਵਧੂਤ।
ਗਰਬ ਗੰਜਨ, ਸਰਬ ਭੰਜਨ, ਆਦਿ ਰੂਪ ਅਸੂਤ[91]।
ਅੰਗ ਹੀਨ, ਅਭੰਗ ਅਨਾਤਮ, ਏਕ ਪੁਰਖ ਅਪਾਰ।
ਸਰਬ ਲਾਇਕ, ਸਰਬ ਘਾਇਕ, ਸਰਬ ਕੋ ਪ੍ਰਤਿਪਾਰ।੭/੮੧
ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨ ਭੇਖ।
ਸਰਬ ਸਾਸਤ੍ਰ ਨ ਜਾਨ ਹੀ, ਜਿੰਹ ਰੂਪ ਰੰਗੁ ਅਰੁ ਰੇਖ।
ਪਰਮ ਬੇਦ ਪੁਰਾਣ ਜਾ ਕਹਿੰ, ਨੇਤਿ ਭਾਖਤ ਨਿੱਤ।
ਕੋਟਿ ਸਿੰਮ੍ਰਿਤਿ, ਪੁਰਾਨ ਸਾਸਤ੍ਰ, ਨ ਆਵਈ ਵਹੁ ਚਿੱਤਿ।੮/੮੨

ਮਧੁਭਾਰ ਛੰਦ। ਤ੍ਵ ਪ੍ਰਸਾਦਿ।

ਗੁਨ[92] ਗਨ ਉਦਾਰ। ਮਹਿਮਾ ਅਪਾਰ।
ਆਸਨ ਅਭੰਗ। ਉਪਮਾ ਅਨੰਗ[93]।।੧/੮੩
ਅਨਭਉ[94] ਪ੍ਰਕਾਸ਼। ਨਿਸ ਦਿਨ ਅਨਾਸ।
ਆਜਾਨੁ[95] ਬਾਹੁ। ਸਾਹਾਨ ਸਾਹੁ।।੨/੮੪
ਰਾਜਾਨ ਰਾਜ। ਭਾਨਾਨ[96] ਭਾਨੁ।

81 ਚਾਰ ਕਿਤਾਬਾ ਜ਼ੰਬੂਰ ਤੌਰੇਤ ਅੰਜੀਲ ਤੇ ਕੁਰਾਨ 82 ਜੇਬ, ਸੁੰਦਰਤਾ, ਸੋਭਾ 83 ਪਿਤਾ 84 ਰਹਿਤ 85 ਟੇਢਾ 86 ਜੋ ਆਪਣੇ ਆਪ ਤੋਂ ਹੋਇਆ 87 ਘੜਨ ਤੇ ਭੰਨਣ ਵਾਲਾ 88 ਗਰਬ ਹੰਕਾਰ ਤੋੜਨ ਵਾਲਾ 89 ਦੁਸਟ ਦਮਨ, ਦੁਸਟਾ ਦਾ ਨਾਸ ਕਰਨ ਵਾਲਾ 90 ਮੁਕਤੀ ਦਾਤਾ ਹੈ ਤੇ ਇੱਛਾ ਪਰਕ ਹੈ 91 ਸੰਬੰਧ ਰਹਿਤ, ਬੇਲਾਗ 92 ਗੁਣਾ ਦਾ ਸਮੂਹ 93 ਅੰਗ ਰਹਿਤ 94 ਆਪਣੇ ਆਪ ਤੇ ਪ੍ਰਕਾਸਮਾਨ 95 ਗੋਡਿਆਂ ਤਕ ਲੰਮੀਆ ਬਾਹਾਂ ਵਾਲਾ 96 ਸੂਰਜਾ ਦਾ ਸੂਰਜ

ਦੇਵਾਨ ਦੇਵ। ਉਪਮਾ ਮਹਾਨ॥੩/੮੫
ਇੰਦ੍ਰਾਨ ਇੰਦ੍ਰ। ਬਾਲਾਨ ਬਾਲ।
ਰੰਕਾਨ ਰੰਕ। ਕਾਲਾਨ ਕਾਲ॥੪/੮੬
ਅਨਭੂਤ ਅੰਗ। ਆਭਾ ਅਭੰਗ।
ਗਤਿ ਮਿਤਿ ਅਪਾਰ। ਗੁਨ ਗਨ ਉਦਾਰ॥੫/੮੭
ਮੁਨਿ ਗਨ ਪ੍ਰਨਾਮ। ਨਿਰਭੈ ਨਿਕਾਮ।
ਅਤਿ ਦੁਤਿ[97] ਪ੍ਰਚੰਡ। ਮਿਤਿ ਗਤਿ ਅਖੰਡ॥੬/੮੮
ਆਲਿਸਯ ਕਰਮ। ਆਦ੍ਰਿਸ਼ਯ ਧਰਮ।
ਸਰਬਾਭਰਣਾਢਯ[98]। ਅਨਡੰਡ ਬਾਢਯ॥੭/੮੯

ਚਾਚਰੀ ਛੰਦ। ਤ੍ਵ ਪ੍ਰਸਾਦਿ

ਗੁਬਿੰਦੇ[99]। ਮੁਕੰਦੇ[100]। ਉਦਾਰੇ। ਅਪਾਰੇ॥੧/੯੦
ਹਰੀਅੰ[101]। ਕਰੀਅੰ[102]। ਨ੍ਰਿਨਾਮੇ। ਅਕਾਮੇ॥੨/੯੧

ਭੁਜੰਗ ਪ੍ਰਯਾਤ ਛੰਦ

ਚੱਤ੍ਰ ਚੱਕ੍ਰ ਕਰਤਾ। ਚੱਤ੍ਰ ਚੱਕ੍ਰ ਹਰਤਾ।
ਚੱਤ੍ਰ ਚੱਕ੍ਰ ਦਾਨੇ। ਚੱਤ੍ਰ ਚੱਕ੍ਰ ਜਾਨੇ॥੧/੯੨
ਚੱਤ੍ਰ ਚੱਕ੍ਰ ਵਰਤੀ[103]। ਚੱਤ੍ਰ ਚੱਕ੍ਰ ਭਰਤੀ।
ਚੱਤ੍ਰ ਚੱਕ੍ਰ ਪਾਲੇ। ਚੱਤ੍ਰ ਚੱਕ੍ਰ ਕਾਲੇ॥੨/੯੩
ਚੱਤ੍ਰ ਚੱਕ੍ਰ ਪਾਸੇ। ਚੱਤ੍ਰ ਚੱਕ੍ਰ ਵਾਸੇ।
ਚੱਤ੍ਰ ਚੱਕ੍ਰ ਮਾਨਯੈ। ਚੱਤ੍ਰ ਚੱਕ੍ਰ ਦਾਨਯੈ[104]॥੩/੯੪

ਚਾਚਰੀ ਛੰਦ

ਨ ਸੱਤ੍ਰੈ। ਨ ਮਿੱਤ੍ਰੈ। ਨ ਭਰਮੰ। ਨ ਭਿੱਤ੍ਰੈ[105]॥੧/੯੫
ਨ ਕਰਮੰ। ਨ ਕਾਏ[106]। ਅਜਨਮੰ। ਅਜਾਏ॥੨/੯੬
ਨ ਚਿੱਤ੍ਰੈ। ਨ ਮਿੱਤ੍ਰੈ। ਪਰੇ ਹੈਂ। ਪਵਿੱਤ੍ਰੈ॥੩/੯੭
ਪ੍ਰਿਥੀਸੈ। ਅਦੀਸੈ। ਅਦ੍ਰਿਸੈ[107]। ਅਕ੍ਰਿਸੈ॥੪/੯੮

ਭਗਵਤੀ ਛੰਦ। ਤ੍ਵ ਪ੍ਰਸਾਦਿ ਕਥਤੇ ੯।

ਕਿ ਆਛਿੱਜ[108] ਦੇਸੈ। ਕਿ ਆਭਿੱਜ[109] ਭੇਸੈ।
ਕਿ ਆਗੰਜ ਕਰਮੈ। ਕਿ ਆਭੰਜ ਭਰਮੈ॥੧/੯੯
ਕਿ ਆਭਿਜ ਲੋਕੈ। ਕਿ ਆਦਿਤ[110] ਸੋਕੈ।

---

97 ਤੇਜ, ਪ੍ਰਕਾਸ਼ 98 ਸਭ ਸਜਾਵਟਾਂ ਤੇ ਗਹਿਣਿਆਂ ਨਾਲ ਭਰਪੂਰ 99 ਸ੍ਰਿਸ਼ਟੀ ਪਾਲਕ 100. ਮੁਕਤੀ ਦਾਤਾ 101. ਨਾਸ਼ ਕਰਨ ਵਾਲਾ 102 ਰਚਨਾ ਕਰਨ ਵਾਲਾ 103 ਵਿਆਪਕ 104 ਜਾਣਿਆ ਬੁਝਿਆ 105 ਭੈਆਤੁਰ, ਡਰਨ ਵਾਲਾ 106 ਸਰੀਰ ਰਹਿਤ 107 ਅਣਡਿਠ 108 ਨਾ ਛਿਜਿਆ ਜਾਣ ਵਾਲਾ, ਨਾ ਟੁੱਟਣ ਵਾਲਾ 109 ਨਾ ਭਿੱਜਣ ਵਾਲਾ 110 ਸੂਰਜ

ਕਿ ਅਵਧੂਤ ਬਰਨੈ। ਕਿ ਬਿਭੂਤ ਕਰਨੈ।।੨/੧੦੦
ਕਿ ਰਾਜੰ ਪ੍ਰਭਾ ਹੈਂ। ਕਿ ਧਰਮੰ ਧੁਜਾ[111] ਹੈਂ।
ਕਿ ਆਸੋਕ ਬਰਨੈ। ਕਿ ਸਰਬਾ ਅਭਰਨੈ।।੩/੧੦੧
ਕਿ ਜਗਤੰ ਕ੍ਰਿਤੀ[112] ਹੈਂ। ਕਿ ਛਤ੍ਰੰ[113] ਛਤ੍ਰੀ ਹੈਂ।
ਕਿ ਬ੍ਰਹਮੰ ਸਰੂਪੈ। ਕਿ ਅਨਭਉ ਅਨੂਪੈ।।੪/੧੦੨
ਕਿ ਆਦਿ ਅਦੇਵ ਹੈਂ। ਕਿ ਆਪਿ ਅਭੇਵ ਹੈਂ।
ਕਿ ਚਿੱਤ੍ਰੰ ਬਿਹੀਨੈ। ਕਿ ਏਕੈ ਅਧੀਨੈ।।੫/੧੦੩
ਕਿ ਰੋਜ਼ੀ ਰਜ਼ਾਕੈ[114]। ਰਹੀਮੈ ਰਿਹਾਕੈ।
ਕਿ ਪਾਕ ਬਿਐਬ ਹੈਂ। ਕਿ ਗੈਬੁਲ[115] ਗ਼ੈਬ ਹੈਂ।।੬/੧੦੪
ਕਿ ਅਫੂਅਲ[116] ਗੁਨਾਹ ਹੈਂ। ਕਿ ਸ਼ਾਹਾਨ ਸ਼ਾਹ ਹੈਂ।
ਕਿ ਕਾਰਨ ਕੁਨਿੰਦ[117] ਹੈਂ। ਕਿ ਰੋਜ਼ੀ ਦਿਹਿੰਦ ਹੈਂ।।੭/੧੦੫
ਕਿ ਰਾਜ਼ਕ ਰਹੀਮ ਹੈਂ। ਕਿ ਕਰਮੰ ਕਰੀਮ ਹੈਂ।
ਕਿ ਸਰਬੰ ਕਲੀ ਹੈਂ। ਕਿ ਸਰਬੰ ਦਲੀ ਹੈਂ।।੮/੧੦੬
ਕਿ ਸਰਬੱਤ੍ਰ ਮਾਨਿਯੈ। ਕਿ ਸਰਬੱਤ੍ਰ ਦਾਨਿਯੈ।
ਕਿ ਸਰਬੱਤ੍ਰ ਗਉਨੈ। ਕਿ ਸਰਬੱਤ੍ਰ ਭਉਨੈ[118]।।੯/੧੦੭
ਕਿ ਸਰਬੱਤ੍ਰ ਦੇਸੈ। ਕਿ ਸਰਬੱਤ੍ਰ ਭੇਸੈ।
ਕਿ ਸਰਬੱਤ੍ਰ ਰਾਜੈ। ਕਿ ਸਰਬੱਤ੍ਰ ਸਾਜੈ।।੧੦/੧੦੮
ਕਿ ਸਰਬੱਤ੍ਰ ਦੀਨੈ। ਕਿ ਸਰਬੱਤ੍ਰ ਲੀਨੈ।
ਕਿ ਸਰਬੱਤ੍ਰ ਜਾਹੋ। ਕਿ ਸਰਬੱਤ੍ਰ ਭਾਹੋ।।੧੧/੧੦੯
ਕਿ ਸਰਬੱਤ੍ਰ ਦੇਸੈ। ਕਿ ਸਰਬੱਤ੍ਰ ਭੇਸੈ।
ਕਿ ਸਰਬੱਤ੍ਰ ਕਾਲੈ। ਕਿ ਸਰਬੱਤ੍ਰ ਪਾਲੈ।।੧੨/੧੧੦
ਕਿ ਸਰਬੱਤ੍ਰ ਹੰਤਾ। ਕਿ ਸਰਬੱਤ੍ਰ ਗੰਤਾ[119]।
ਕਿ ਸਰਬੱਤ੍ਰ ਭੇਖੀ। ਕਿ ਸਰਬੱਤ੍ਰ ਪੇਖੀ[120]।।੧੩/੧੧੧
ਕਿ ਸਰਬੱਤ੍ਰ ਕਾਜੈ। ਕਿ ਸਰਬੱਤ੍ਰ ਰਾਜੈ।
ਕਿ ਸਰਬੱਤ੍ਰ ਸੋਖੈ। ਕਿ ਸਰਬੱਤ੍ਰ ਪੋਖੈ।।੧੪/੧੧੨
ਕਿ ਸਰਬੱਤ੍ਰ ਤ੍ਰਾਣੈ। ਕਿ ਸਰਬੱਤ੍ਰ ਪ੍ਰਾਣੈ।
ਕਿ ਸਰਬੱਤ੍ਰ ਦੇਸੈ। ਕਿ ਸਰਬੱਤ੍ਰ ਭੇਸੈ।।੧੫/੧੧੩
ਕਿ ਸਰਬੱਤ੍ਰ ਮਾਨਿਯੈਂ। ਸਦੈਵੰ ਪ੍ਰਧਾਨਿਯੈਂ।
ਕਿ ਸਰਬੱਤ੍ਰ ਜਾਪਿਯੈ[121]। ਕਿ ਸਰਬੱਤ੍ਰ ਥਾਪਿਯੈ[122]।।੧੬/੧੧੪
ਕਿ ਸਰਬੱਤ੍ਰ ਭਾਨੈ। ਕਿ ਸਰਬੱਤ੍ਰ ਮਾਨੈ।
ਕਿ ਸਰਬੱਤ੍ਰ ਇੰਦ੍ਰੈ। ਕਿ ਸਰਬੱਤ੍ਰ ਚੰਦ੍ਰੈ।।੧੭/੧੧੫
ਕਿ ਸਰਬੰ ਕਲੀਮੈ[123]। ਕਿ ਪਰਮੰ ਫ਼ਹੀਮੈ[124]।

---

111 ਝੰਡਾ 112 ਪੈਦਾ ਕਰਨ ਵਾਲਾ 113 ਸੂਰਮਿਆ ਦਾ ਸੂਰਮਾ 114 ਰੋਜ਼ੀ ਦੇਣ ਵਾਲਾ 115 ਪੂਰਨ ਤੌਰ ਤੇ ਗੁਪਤ, ਅਸਲੋਂ ਅਦਿੱਖ 116 ਮਾਫ਼ ਕਰਨ ਵਾਲਾ, ਬਖ਼ਸ਼ਣ ਵਾਲਾ 117. ਕਾਰਣ ਕਰਤਾ 118 ਭ੍ਰਮਣ ਕਰਨ ਵਾਲਾ 119 ਗਮਤਾ, ਹਰ ਥਾਂ ਪੁੱਜ ਜਾਣ ਵਾਲਾ 120 ਵੇਖਣ ਵਾਲਾ, ਦ੍ਰਿਸਟੇਤਾ 121 ਜਪਿਆ ਜਾ ਰਿਹਾ 122 ਕਾਇਮ ਹੈ 123 ਕਲਾਮ ਕਰਨ ਵਾਲਾ, ਸੰਦਰ ਵਕਤਾ 124 ਮਹਾਨ ਸੂਝਵਾਨ

ਕਿ ਆਕਿਲ[125] ਅਲਾਮੈ[126]। ਕਿ ਸਾਹਿਬ ਕਲਾਮੈ॥੧੮/੧੧੬
ਕਿ ਹੁਸਨਲ[127] ਵਜੂ ਹੈਂ। ਤਮਾਮੁਲ ਰੁੱਜੂ[128] ਹੈਂ।
ਹਮੇਸੁਲ[129] ਸਲਾਮੈਂ। ਸਲੀਖਤ[130] ਮੁਦਾਮੈਂ॥੧੯/੧੧੭
ਗ਼ਨੀਮੁਲ[131] ਸ਼ਿਕਸਤੈ। ਗ਼ਰੀਬੁਲ[132] ਪਰਸਤੈ।
ਬਿਲੰਦੁਲ ਮਕਾਨੈਂ। ਜ਼ਮੀਨੁਲ[133] ਜ਼ਮਾਨੈਂ॥੨੦/੧੧੮
ਤਮੀਜ਼ੁਲ[134] ਤਮਾਮੈਂ। ਰੁਜੂਅਲ[135] ਨਿਧਾਨੈਂ।
ਹਰੀਫੁਲ[136] ਅੱਜ਼ੀਮੈਂ। ਰਜ਼ਾਇਕ[137] ਯਕੀਨੈਂ॥੨੧/੧੧੯
ਅਨੇਕੁਲ[138] ਤਰੰਗ ਹੈਂ। ਅਭੇਦ ਹੈਂ ਅਭੰਗ ਹੈਂ।
ਅਜੀਜ਼ੁਲ[139] ਨਿਵਾਜ਼ ਹੈਂ। ਗ਼ਨੀਮੁਲ[140] ਖ਼ਿਰਾਜ ਹੈਂ॥੨੨/੧੨੦
ਨਿਰੁਕਤ[141] ਸਰੂਪ ਹੈਂ। ਤ੍ਰਿਮੁਕਤਿ ਬਿਭੂਤ ਹੈਂ।
ਪ੍ਰਭੁਗਤਿ ਪ੍ਰਭਾ ਹੈਂ। ਸੁਜੁਗਤਿ ਸੁਧਾ ਹੈਂ॥੨੩/੧੨੧
ਸਦੈਵੰ ਸਰੂਪ ਹੈਂ। ਅਭੇਦੀ ਅਨੂਪ ਹੈਂ।
ਸਮਸਤੋਪਰਾਜ ਹੈਂ। ਸਦਾ ਸਰਬ ਸਾਜ ਹੈਂ॥੨੪/੧੨੨
ਸਮਸਤੁਲ ਸਲਾਮ ਹੈਂ। ਸਦੈਵੁਲ ਅਕਾਮ ਹੈਂ।
ਨ੍ਰਿਬਾਧ ਸਰੂਪ ਹੈਂ। ਅਗਾਧ ਹੈਂ ਅਨੂਪ ਹੈਂ॥੨੫/੧੨੩
ਓਅੰ[142] ਆਦਿ ਰੂਪੇ। ਅਨਾਦਿ ਸਰੂਪੈ।
ਅਨੰਗੀ ਅਨਾਮੇ। ਤ੍ਰਿਭੰਗੀ ਤ੍ਰਿਕਾਮੇ॥੨੬/੧੨੪
ਤ੍ਰਿਬਰਗੀ ਤ੍ਰਿਬਾਧੇ। ਅਗੰਜੇ ਅਗਾਧੇ।
ਸੁਭੰ ਸਰਬ ਭਾਗੇ। ਸੁ ਸਰਬਾਨੁਰਾਗੇ॥੨੭/੧੨੫
ਤ੍ਰਿਭੁਗਤ ਸਰੂਪ ਹੈਂ। ਅਛਿੱਜ ਹੈਂ ਅਛੂਤ ਹੈਂ।
ਕਿ ਨਰਕੰ ਪ੍ਰਣਾਸ[143] ਹੈਂ। ਪ੍ਰਿਥੀਉਲ ਪ੍ਰਵਾਸ ਹੈਂ॥੨੮/੧੨੬
ਨਿਰੁਕਤਿ ਪ੍ਰਭਾ ਹੈਂ। ਸਦੈਵੰ ਸਦਾ ਹੈਂ।
ਬਿਭੁਗਤਿ ਸਰੂਪ ਹੈਂ। ਪ੍ਰਜੁਗਤਿ ਅਨੂਪ ਹੈਂ॥੨੯/੧੨੭
ਨਿਰੁਕਤਿ ਸਦਾ ਹੈਂ। ਬਿਭੁਗਤਿ ਪ੍ਰਭਾ ਹੈਂ।
ਅਨਉਕਤਿ ਸਰੂਪ ਹੈਂ। ਪ੍ਰਜੁਗਤਿ ਅਨੂਪ ਹੈਂ॥੩੦/੧੨੮

ਚਾਚਰੀ ਛੰਦ

ਅਭੰਗ ਹੈਂ। ਅਨੰਗ ਹੈਂ। ਅਭੇਖ ਹੈਂ। ਅਲੇਖ ਹੈਂ॥੧/੧੨੯
ਅਭਰਮ ਹੈਂ। ਅਕਰਮ ਹੈਂ। ਅਨਾਦਿ ਹੈਂ। ਜੁਗਾਦਿ ਹੈਂ॥੧/੧੩੦
ਅਜੈ ਹੈਂ। ਅਬੈ ਹੈਂ। ਅਭੂਤ ਹੈਂ। ਅਧੂਤ ਹੈਂ॥੧/੧੩੧

---

125 ਅਕਲ ਵਾਲਾ 126 ਇਲਮ ਵਾਲਾ 127 ਸੁੰਦਰ ਨੁਹਾਰ ਵਾਲਾ 128 ਧਿਆਨ 129 ਹਮੇਸ਼ਾ ਸਲਾਮਤ ਰਹਿਣ ਵਾਲਾ 130 ਸਦੀਵੀ 131 ਵੈਰੀਆਂ ਨੂੰ ਹਾਰ ਦੇਣ ਵਾਲਾ 132 ਗ਼ਰੀਬਾਂ ਦੀ ਪਾਲਣਾ ਕਰਨ ਵਾਲਾ 133 ਧਰਤੀ ਉਤੇ ਹਰ ਸਮੇਂ ਮੌਜੂਦ 134 ਤਮੀਜ਼ ਤੇ ਪਛਾਣ ਕਰਨ ਵਾਲਾ 135 ਧਿਆਨ ਦਾ ਕੇਂਦਰ 136 ਪਰਮ ਮਿੱਤਰ 137 ਯਕੀਨੀ ਤੌਰ ਤੇ ਰੋਜ਼ੀ ਦਾਤਾ 138 ਅਣਗਿਣਤ ਲਹਿਰਾਂ ਵਾਲਾ 139 ਪਿਆਰਿਆਂ ਨੂੰ ਨਿਵਾਜਣ ਵਾਲਾ 140 ਦੁਸ਼ਮਣਾਂ ਤੋਂ ਖਰਾਜ ਲੈਣ ਵਾਲਾ 141 ਨਿਰ+ਉਕਤ ਕਥਨ ਤੋਂ ਬਾਹਰ ਅਕੱਥ 142 ਪਰਮ ਬ੍ਰਹਮ ਸਾਰੇ ਜਗਤ ਦੀ ਆਤਮਾ 143 ਨਾਸ ਕਰਨ ਵਾਲਾ

ਅਨਾਸ ਹੈਂ। ਉਦਾਸ ਹੈਂ। ਅਧੰਧ ਹੈਂ। ਅਬੰਧ ਹੈਂ।।੪/੧੩੨
ਅਭਗਤ[144] ਹੈਂ। ਬਿਰਕਤ ਹੈਂ। ਅਨਾਸ ਹੈਂ। ਪ੍ਰਕਾਸ ਹੈਂ।।੫/੧੩੩
ਨਿਚਿੰਤ ਹੈਂ। ਸੁਨਿੰਤ ਹੈਂ। ਅਲਿੱਖ ਹੈਂ। ਅਦਿੱਖ ਹੈਂ।।੬/੧੩੪
ਅਲੇਖ ਹੈਂ। ਅਭੇਖ ਹੈਂ। ਅਢਾਹ ਹੈਂ। ਅਗਾਹ ਹੈਂ।।੭/੧੩੫
ਅਸੰਭ ਹੈਂ। ਅਗੰਭ ਹੈਂ। ਅਨੀਲ ਹੈਂ। ਅਨਾਦਿ ਹੈਂ।।੮/੧੩੬
ਅਨਿੱਤ ਹੈਂ। ਸੁਨਿੱਤ ਹੈਂ। ਅਜਾਤ ਹੈਂ। ਅਜਾਦਿ ਹੈਂ।।੯/੧੩੭

ਚਰਪਟ ਛੰਦ। ਤ੍ਵਪ੍ਰਸਾਦਿ

ਸਰਬੰ ਹੰਤਾ। ਸਰਬੰ ਗੰਤਾ।
ਸਰਬੰ ਖਿਆਤਾ[145]। ਸਰਬੰ ਗਿਆਤਾ।।੧/੧੩੮
ਸਰਬੰ ਹਰਤਾ। ਸਰਬੰ ਕਰਤਾ।
ਸਰਬੰ ਪ੍ਰਾਣੰ। ਸਰਬੰ ਤ੍ਰਾਣੰ।।੨/੧੩੯
ਸਰਬੰ ਕਰਮੰ। ਸਰਬੰ ਧਰਮੰ।
ਸਰਬੰ ਜੁਗਤਾ। ਸਰਬੰ ਮੁਕਤਾ।।੩/੧੪੦

ਰਸਾਵਲ ਛੰਦ। ਤ੍ਵ ਪ੍ਰਸਾਦਿ

ਨਮੋ ਨਰਕ ਨਾਸੇ। ਸਦੈਵੰ ਪ੍ਰਕਾਸੇ।
ਅਨੰਗੰ ਸਰੂਪੇ। ਅਭੰਗੰ ਬਿਭੂਤੇ।।੧/੧੪੧
ਪ੍ਰਮਾਥੰ ਪ੍ਰਮਾਥੇ। ਸਦਾ ਸਰਬ ਸਾਥੇ।
ਅਗਾਧ ਸਰੂਪੇ। ਨ੍ਰਿਬਾਧ ਬਿਭੂਤੇ।।੨/੧੪੨
ਅਨੰਗੀ ਅਨਾਮੇ। ਤ੍ਰਿਭੰਗੀ ਤ੍ਰਿਕਾਮੇ।
ਨ੍ਰਿਭੰਗੀ ਸਰੂਪੇ। ਸਰਬੰਗੀ ਅਨੂਪੇ।।੩/੧੪੩
ਨ ਪੋਤ੍ਰੈ ਨ ਪੁਤ੍ਰੈ। ਨ ਸਤ੍ਰੈ ਨ ਮਿਤ੍ਰੈ।
ਨ ਤਾਤੈ ਨ ਮਾਤੈ। ਨ ਜਾਤੈ ਨ ਪਾਤੈ।।੪/੧੪੪
ਨ੍ਰਿਸਾਕੰ ਸਰੀਕ ਹੈਂ। ਅਮਿੱਤੋ ਅਮੀਕ ਹੈਂ।
ਸਦੈਵੰ ਪ੍ਰਭਾ ਹੈਂ। ਅਜੈ ਹੈਂ ਅਜਾ ਹੈਂ।।੫/੧੪੫

ਭਗਵਤੀ ਛੰਦ। ਤ੍ਵਪ੍ਰਸਾਦਿ

ਕਿ ਜ਼ਾਹਿਰ ਜ਼ਹੂਰ[146] ਹੈਂ। ਕਿ ਹਾਜ਼ਿਰ ਹਜ਼ੂਰ ਹੈਂ।
ਹਮੇਸੁਲ ਸਲਾਮ ਹੈਂ। ਸਮਸਤੁਲ ਕਲਾਮ ਹੈਂ।।੧/੧੪੬
ਕਿ ਸਾਹਿਬ ਦਿਮਾਗ਼ ਹੈਂ। ਕਿ ਹੁਸਨੁਲ[147] ਚਰਾਗ਼ ਹੈਂ।
ਕਿ ਕਾਮਲ ਕਰੀਮ ਹੈਂ। ਕਿ ਰਾਜ਼ਕ ਰਹੀਮ ਹੈਂ।।੨/੧੪੭
ਕਿ ਰੋਜ਼ੀ ਦਿਹਿੰਦ ਹੈਂ। ਕਿ ਰਾਜ਼ਕ ਰਹਿੰਦ ਹੈਂ।
ਕਰੀਮੁਲ ਕਮਾਲ ਹੈਂ। ਕਿ ਹੁਸਨੁਲ ਜਮਾਲ ਹੈਂ।।੩/੧੪੮

---

144 ਅਮੱਤ 145 ਪ੍ਰਸਿੱਧ 146 ਪ੍ਰਕਾਸਮਾਨ 147 ਸੁੰਦਰਤਾ ਦਾ ਦੀਪਕ

ਗਨੀਮੁਲ ਖ਼ਿਰਾਜ ਹੈਂ। ਗਰੀਬੁਲ ਨਿਵਾਜ਼ ਹੈਂ।
ਹਰੀਫ਼ੁੱਲ[148] ਸ਼ਿਕੰਨ ਹੈਂ। ਹਿਰਾਸੁਲ ਫਿਕੰਨ[149] ਹੈਂ॥੪/੧੪੯
ਕਲੰਕੰ ਪ੍ਰਣਾਸ ਹੈਂ। ਸਮਸਤੁਲ ਨਿਵਾਸ ਹੈਂ।
ਅਗੰਜੁਲ ਗ਼ਨੀਮ ਹੈਂ। ਰਜਾਇਕ ਰਹੀਮ ਹੈਂ॥੫/੧੫੦
ਸਮਸਤੁਲ ਜੁਬਾਂ ਹੈਂ। ਕਿ ਸਾਹਿਬ ਕਿਰਾਂ ਹੈਂ।
ਕਿ ਨਰਕੰ ਪ੍ਰਣਾਸ ਹੈਂ। ਬਹਿਸ਼ਤੁਲ[150] ਨਿਵਾਸ ਹੈਂ॥੬/੧੫੨
ਕਿ ਸਰਬੁਲ ਗਵੰਨ ਹੈਂ। ਹਮੇਸੁਲ ਰਵੰਨ[151] ਹੈਂ।
ਤਮਾਮੁਲ ਤਮੀਜ਼[152] ਹੈਂ। ਸਮਸਤੁਲ ਅਜੀਜ ਹੈਂ॥੭/੧੫੩
ਪਰੰ ਪਰਮ ਈਸ ਹੈਂ। ਸਮਸਤੁਲ ਅਦੀਸ ਹੈਂ।
ਅਦੇਸੁਲ ਅਲੇਖ ਹੈਂ। ਹਮੇਸੁਲ ਅਭੇਖ ਹੈਂ॥੮/੧੫੪
ਜ਼ਮੀਨੁਲ[153] ਜ਼ਮਾ ਹੈਂ। ਅੱਮੀਕੁਲ[154] ਇਮਾ ਹੈਂ।
ਕਰੀਮੁਲ ਕਮਾਲ ਹੈਂ। ਕਿ ਜੁਰਅਤ[155] ਜਮਾਲ ਹੈਂ॥੯/੧੫੫
ਕਿ ਅਚਲੰ ਪ੍ਰਕਾਸ਼ ਹੈਂ। ਕਿ ਅਮਿਤੋ ਸੁਬਾਸ ਹੈਂ।
ਕਿ ਅਜਬ ਸਰੂਪ ਹੈਂ। ਕਿ ਅਮਿਤੋ ਬਿਭੂਤਿ ਹੈਂ॥੧੦/੧੫੬
ਕਿ ਅਮਿਤੋ ਪਸਾ ਹੈਂ। ਕਿ ਆਤਮ ਪ੍ਰਭਾ ਹੈਂ।
ਕਿ ਅਚਲੰ ਅਨੰਗ ਹੈਂ। ਕਿ ਅਮਿਤੋ ਅਭੰਗ ਹੈਂ॥੧੧/੧੫੭

ਮਧੁਭਾਰ ਛੰਦ। ਤ੍ਵਪ੍ਰਸਾਦਿ

ਮੁਨਿ ਮਨਿ ਪ੍ਰਨਾਮ। ਗੁਨਿ ਗਨ ਮੁਦਾਮ।
ਅਰਿ[156] ਬਰ ਅਗੰਜ। ਨਰ ਬਰ ਅਭੰਜ[157]॥੧/੧੫੮
ਅਨ ਗਨ ਪ੍ਰਨਾਮ। ਮੁਨਿ ਮਨਿ ਸਲਾਮ।
ਹਰਿ ਨਰ ਅਖੰਡ। ਬਰ ਨਰ ਅਮੰਡ[158]॥੨/੧੫੯
ਅਨਭਵ ਅਨਾਸ। ਮੁਨਿ ਮਨਿ ਪ੍ਰਕਾਸ।
ਗੁਨਿ ਗਨ ਪ੍ਰਨਾਮ। ਜਲ ਥਲ ਮੁਦਾਮ॥੩/੧੬੦
ਅਨਛਿੱਜ ਅੰਗ। ਆਸਨ[159] ਅਭੰਗ।
ਉਪਮਾ ਅਪਾਰ। ਗਤਿ ਮਿਤਿ ਉਦਾਰ॥੪/੧੬੧
ਜਲ ਥਲ ਅਮੰਡ[160]। ਦਿਸ ਵਿਸ ਅਭੰਡ[161]।
ਜਲ ਥਲ ਮਹੰਤ। ਦਿਸ ਵਿਸ ਬਿਅੰਤ॥੫/੧੬੨
ਅਨ ਭਵ ਅਨਾਸ। ਧ੍ਰਿਤ[162] ਧਰ ਧੁਰਾਸ।
ਆਜਾਨ ਬਾਹੁ। ਏਕੈ ਸਦਾਹੁ॥੬/੧੬੩
ਓਅੰਕਾਰ ਆਦਿ। ਕਥਨੀ ਅਨਾਦਿ।

---

148 ਦੁਸਮਣ ਨੂੰ ਹਰਾ ਦੇਣ ਵਾਲਾ 149 ਡਰ ਨੂੰ ਪਰੇ ਸੁੱਟਣ ਵਾਲਾ 150 ਸੁਰਗਾਂ ਵਿਚ ਵਸਣ ਵਾਲਾ 151 ਸਦਾ ਅਨੰਦ ਰਹਿਣ ਵਾਲਾ 152 ਸਭ ਦੀ ਪਛਾਣ ਵਾਲਾ 153 ਧਰਤੀ ਤੇ ਆਕਾਸ 154 ਗੰਭੀਰ ਈਮਾਨ ਵਾਲਾ 155 ਸਾਹਸ ਦੀ ਆਭਾ 156 ਵੈਰੀਆ ਦੇ ਬਲ ਤੋਂ ਅਜਿੱਤ 157 ਭੱਜਣ ਟੁੱਟਣ ਤੋਂ ਰਹਿਤ 158 ਅਤਿ ਸੋਭਾ ਵਾਲਾ 159 ਤਖਤ ਸਥਾਨ 160 ਵੱਡੀ ਸੋਭਾ ਵਾਲਾ 161 ਨਿੰਦਾ ਤੋਂ ਰਹਿਤ 162 ਧੀਰਜ ਵਾਲਾ

ਖਲ ਖੰਡ ਖਿਆਲ। ਗੁਰ ਬਰ[163] ਅਕਾਲ॥੭/੧੬੩
ਘਰਿ ਘਰਿ ਪ੍ਰਨਾਮ। ਚਿਤ ਚਰਨ ਨਾਮ।
ਅਨ ਛਿੱਜ ਗਾਤ। ਆਜਿਜ਼[164] ਨ ਬਾਤ॥੮/੧੬੪
ਅਨਝੰਝ ਗਾਤ। ਅਨਰੰਜ ਬਾਤ।
ਅਨਟੁੱਟ ਭੰਡਾਰ। ਅਨਠੱਟ ਅਪਾਰ॥੯/੧੬੫
ਆਡੀਠ ਧਰਮ। ਅਤਿ ਢੀਠ ਕਰਮ।
ਅਨਬ੍ਰਣਿ ਅਨੰਤ। ਦਾਤਾ ਮਹੰਤ॥੧੦/੧੬੬

ਹਰਿ ਬੋਲਮਨਾ ਛੰਦ। ਤ੍ਵਪ੍ਰਸਾਦਿ

ਕਰੁਣਾਲਯ ਹੈਂ। ਅਰਿ[165] ਘਾਲਯ ਹੈਂ।
ਖਲ ਖੰਡਨ ਹੈਂ। ਮਹਿ ਮੰਡਨ ਹੈਂ॥੧/੧੬੭
ਜਗਤੇਸ੍ਵਰ ਹੈਂ। ਪਰਮੇਸ੍ਵਰ ਹੈਂ।
ਕਲਿ ਕਾਰਣ ਹੈਂ। ਸਰਬ ਉਬਾਰਣ ਹੈਂ॥੨/੧੬੮
ਧ੍ਰਿਤ[166] ਕੇ ਧਰਣ ਹੈਂ। ਜਗ ਕੇ ਕਰਣ[167] ਹੈਂ।
ਮਨ ਮਾਨਿਯ ਹੈਂ। ਜਗ ਜਾਨਿਯ ਹੈਂ॥੩/੧੬੯
ਸਰਬੰ ਭਰ ਹੈਂ। ਸਰਬੰ ਕਰ ਹੈਂ।
ਸਰਬੁ ਪਾਸਿਯ ਹੈਂ। ਸਰਬੰ ਨਾਸਿਯ ਹੈਂ॥੪/੧੭੦
ਕਰੁਣਾਕਰ ਹੈਂ। ਬਿਸ੍ਵੰਭਰ ਹੈਂ।
ਸਰਬੇਸ੍ਵਰ ਹੈਂ। ਜਗਤੇਸ੍ਵਰ ਹੈਂ॥੫/੧੭੧
ਬ੍ਰਹਮੰਡਸ[168] ਹੈਂ। ਖਲ[169] ਖੰਡਸ ਹੈਂ।
ਪਰ ਤੇ ਪਰ ਹੈਂ। ਕਰੁਣਾਕਰ ਹੈਂ॥੬/੧੭੨
ਅਜਪਾ ਜਪ ਹੈਂ। ਅਥਪਾ ਥਪ ਹੈਂ।
ਅਕ੍ਰਿਤਾਕ੍ਰਿਤ ਹੈਂ। ਅੰਮ੍ਰਿਤਾਮ੍ਰਿਤ ਹੈਂ॥੭/੧੭੩
ਅਮ੍ਰਿਤਾਮ੍ਰਿਤ ਹੈਂ। ਕਰਣਾ ਕ੍ਰਿਤ ਹੈਂ।
ਅਕ੍ਰਿਤਾ ਕ੍ਰਿਤ ਹੈਂ। ਧਰਣੀ ਧ੍ਰਿਤ ਹੈਂ॥੮/੧੭੪
ਅਮਿਤੇਸ੍ਵਰ ਹੈਂ। ਪਰਮੇਸ੍ਵਰ ਹੈਂ।
ਅਕ੍ਰਿਤਾ ਕ੍ਰਿਤ ਹੈਂ। ਅਮ੍ਰਿਤਾ ਮ੍ਰਿਤ ਹੈਂ॥੯/੧੭੫
ਅਜਬਾ ਕ੍ਰਿਤ ਹੈਂ। ਅਮ੍ਰਿਤਾ ਮ੍ਰਿਤ ਹੈਂ।
ਨਰ ਨਾਇਕ ਹੈਂ। ਖਲ ਘਾਇਕ ਹੈਂ॥੧੦/੧੭੬
ਬਿਸ੍ਵੰਭਰ ਹੈਂ। ਕਰੁਣਾਲਯ ਹੈਂ।
ਨ੍ਰਿਪ ਨਾਇਕ ਹੈਂ। ਸਰਬ ਪਾਇਕ[170] ਹੈਂ॥੧੧/੧੭੭
ਭਵ ਭੰਜਨ ਹੈਂ। ਅਰਿ ਗੰਜਨ ਹੈਂ।
ਰਿਪੁ ਤਾਪਨ ਹੈਂ। ਜਪੁ ਜਾਪਨ ਹੈਂ॥੧੨/੧੭੮

---

163. ਵੱਡੀ ਸ਼ੋਭਾ ਵਾਲਾ 164. ਬੇਮੁਥਾਜ 165. ਦੁਸ਼ਮਣ ਨੂੰ ਨਾਸ਼ ਕਰਨ ਵਾਲਾ 166. ਧਰਤੀ ਦਾ ਆਸਰਾ 167. ਬਣਾਉਣ ਵਾਲਾ 168. ਬ੍ਰਹਿਮੰਡ ਦੇ ਪਰਾਣ, ਜਗਤ ਦੀ ਜਿੰਦ 169. ਦੁਸ਼ਟਾਂ ਨੂੰ ਨਾਸ਼ ਕਰਨ ਵਾਲਾ 170. ਪਾਲਣਾ ਕਰਨ ਵਾਲਾ

ਅਕਲੰਕ੍ਰਿਤ[171] ਹੈਂ। ਸਰਬਾਕ੍ਰਿਤ ਹੈਂ।
ਕਰਤਾ ਕਰ ਹੈਂ। ਹਰਤਾ ਹਰਿ[172] ਹੈਂ।।੧੩/੧੭੯
ਪਰਮਾਤਮ ਹੈਂ। ਸਰਬਾਤਮ ਹੈਂ।
ਆਤਮ ਬਸ ਹੈਂ। ਜਸ ਕੇ ਜਸ ਹੈਂ।।੧੪/੧੮੦

ਭੁਜੰਗ ਪ੍ਰਯਾਤ ਛੰਦ

ਨਮੋ ਸੂਰਜ ਸੂਰਜੇ। ਨਮੋ ਚੰਦ੍ਰ ਚੰਦ੍ਰੇ।
ਨਮੋ ਰਾਜ ਰਾਜੇ। ਨਮੋ ਇੰਦ੍ਰ ਇੰਦ੍ਰੇ ~~।੧/੧੮੧~~
ਨਮੋ ਅੰਧਕਾਰੇ। ਨਮੋ ਤੇਜ ਤੇਜੇ।
ਨਮੋ ਬ੍ਰਿੰਦ ਬ੍ਰਿੰਦੇ। ਨਮੋ ਬੀਜ ਬੀਜੇ।।੨/੧੮੨
ਨਮੋ ਰਾਜਸੰ ਤਾਮਸੰ ਸ਼ਾਂਤਿ ਰੂਪੇ।
ਨਮੋ ਪਰਮ ਤੱਤੰ ਅਤੱਤੰ ਸਰੂਪੇ।
ਨਮੋ ਜੋਗ ਜੋਗੇ[173]। ਨਮੋ ਗਿਆਨ[174] ਗਿਆਨੇ।
ਨਮੋ ਮੰਤ੍ਰ ਮੰਤ੍ਰੇ। ਨਮੋ ਧਿਆਨ ਧਿਆਨੇ।।੧/੧੮੩
ਨਮੋ ਜੁੱਧ ਜੁੱਧੇ[175] ਨਮੋ ਗਿਆਨ ਗਿਆਨੇ।
ਨਮੋ ਭੋਜ ਭੋਜੇ। ਨਮੋ ਪਾਨ[176] ਪਾਨੇ।
ਨਮੋ ਕਲਹ ਕਰਤਾ। ਨਮੋ ਸ਼ਾਂਤਿ ਰੂਪੇ।
ਨਮੋ ਇੰਦ੍ਰ ਇੰਦ੍ਰੇ। ਅਨਾਦੰ ਬਿਭੂਤੇ।।੨/੧੮੪
ਕਲੰਕਾਰ ਰੂਪੇ। ਅਲੰਕਾਰ[177] ਅਲੰਕੇ।
ਨਮੋ ਆਸ ਆਸੇ। ਨਮੋ ਬਾਂਕ[178] ਬੰਕੇ।
ਅਭੰਗੀ ਸਰੂਪੇ। ਅਨੰਗੀ ਅਨਾਮੇਂ।
ਤ੍ਰਿਭੰਗੀ ਤ੍ਰਿਕਾਲੇ। ਅਨੰਗੀ ਅਕਾਮੇਂ।।੩/੧੮੫

ਏਕ ਅੱਛਰੀ ਛੰਦ

ਅਜੈ। ਅਲੈ[179]। ਅਭੈ। ਅਬੈ[180]।।੧/੧੮੬
ਅਭੂ। ਅਜੂ[181]। ਅਨਾਸ[182]। ਅਕਾਸ[183]।।੨/੧੮੭
ਅਗੰਜ। ਅਭੰਜ। ਅਲੱਖ। ਅਭੱਖ[184]।।੩/੧੮੮
ਅਕਾਲ। ਦਿਆਲ। ਅਲੇਖ। ਅਭੇਖ।।੪/੮੯
ਅਨਾਮ। ਅਕਾਮ। ਅਗਾਹ। ਅਢਾਹ।।੫/੧੯੦
ਅਨਾਥੇ। ਪ੍ਰਮਾਥੇ। ਅਜੋਨੀ। ਅਮੋਨੀ।।੬/੧੯੧
ਨ ਰਾਗੇ। ਨ ਰੰਗੇ। ਨ ਰੂਪੇ। ਨ ਰੇਖੇ।।੭/੧੯੨
ਅਕਰਮੰ। ਅਭਰਮੰ। ਅਗੰਜੇ। ਅਲੇਖੇ।।੮/੧੯੩

---

171. ਕਲੰਕ-ਰਹਿਤ 172 ਨਾਸ ਕਰਨ ਵਾਲਾ 173. ਜੋਗਾਂ ਸਿਰ ਜੋਗ 174. ਮਹਾਂ ਗਿਆਨ, ਗਿਆਨਾਂ ਸਿਰ ਗਿਆਨ 175. ਯੁੱਧ ਵਿਚ ਜਿੱਤਣ ਵਾਲਾ 176 ਪੀਣ ਯੋਗ ਪਦਾਰਥਾਂ ਵਿਚੋਂ ਸਾਰ ਰੂਪ 177. ਗਹਿਣਿਆਂ/ਭੂਸ਼ਣਾਂ ਨਾਲ ਸਜਿਆ ਹੋਇਆ 178. ਬਾਂਕਿਆਂ ਦਾ ਬਾਂਕਾ, ਸੋਹਣਿਆਂ ਦਾ ਸੋਹਣਾ 179 ਨਾਸ਼ ਰਹਿਤ 180 ਇਕ ਰਸ, ਜਿਹੜਾ ਨਾ ਬਦਲੇ 181. ਜਨਮ ਰਹਿਤ 182 ਨਾਸ ਰਹਿਤ 183 ਸਰਬ ਵਿਆਪਕ 184 ਜਿਸ ਨੂੰ ਖੁਰਾਕ ਦੀ ਲੋੜ ਨਹੀ

ਭੁਜੰਗ ਪ੍ਰਯਾਤ ਛੰਦ

ਨਮਸਤ੍ਰੁਲ ਪ੍ਰਣਾਮੇ, ਸਮਸਤ੍ਰੁਲ[185] ਪ੍ਰਣਾਸੇ।
ਅਗੰਜੁਲ ਅਨਾਮੇ, ਸਮਸਤ੍ਰੁਲ ਨਿਵਾਸੇ।
ਨਿਰਕਾਮੰ ਬਿਭੂਤੇ, ਸਮਸਤ੍ਰੁਲ ਸਰੂਪੇ।
ਕੁਕਰਮੰ ਪ੍ਰਣਾਸੀ, ਸੁਧਰਮੰ ਬਿਭੂਤੇ।।੧/੧੯੪
ਸਦਾ ਸੱਚਿਦਾਨੰਦ, ਸੱਤ੍ਰੰ[186] ਪ੍ਰਣਾਸੀ।
ਕਰੀਮੁਲ ਕੁਨਿੰਦਾ, ਸਮਸਤ੍ਰੁਲ ਨਿਵਾਸੀ।
ਅਜਾਇਬ ਬਿਭੂਤੇ, ਗਜ਼ਾਇਬ[187] ਗਨੀਮੇ।
ਹਰੀਅੰ ਕਰੀਅੰ, ਕਰੀਮੁਲ ਰਹੀਮੇ।।੨/੧੯੫
ਚਤ੍ਰ ਚੱਕ੍ਰ ਵਰਤੀ, ਚਤ੍ਰ ਚੱਕ੍ਰ ਭੁਗਤੇ[188]।
ਸੁਯੰਭਵ ਸੁਭੰ, ਸਰਬਦਾ ਸਰਬ ਜੁਗਤੇ।
ਦੁਕਾਲੰ[189] ਪ੍ਰਣਾਸੀ, ਦਿਆਲੰ ਸਰੂਪੇ।
ਸਦਾ ਅੰਗ ਸੰਗੇ, ਅਭੰਗੰ ਬਿਭੂਤੇ।।੩/੧੯੬

---

185 ਜੋ ਸਭ ਦਾ ਨਾਸ ਕਰਨ ਵਾਲਾ ਹੈ 186 ਜੋ ਵੈਰੀਆ ਦਾ ਨਾਸ ਕਰਨ ਵਾਲਾ ਹੈ 187 ਦੁਸਮਣਾ ਉਤੇ ਕਹਿਰ ਢਾਹੁਣ ਵਾਲਾ 188 ਭੋਗਣ ਵਾਲਾ 189 ਉਹ ਦੋ ਕਾਲਾਂ (ਜਨਮ ਤੇ ਮਰਨ) ਦੇ ਦੁਖ ਨਾਸ ਕਰਨ ਵਾਲਾ।

2. ਅਕਾਲ ਉਸਤਤਿ

'ਅਕਾਲ ਪੁਰਖ' ਦਾ ਸੰਕਲਪ ਗੁਰਮਤਿ ਵਿਚਾਰਧਾਰਾ ਦਾ ਮੂਲ ਹੈ। ਇਹ ਇਕ ਨਿਵੇਕਲਾ, ਮੌਲਿਕ ਅਤੇ ਕ੍ਰਾਂਤੀਕਾਰੀ ਸੰਕਲਪ ਹੈ। ਕਾਲ ਦੇ ਬਹੁਤ ਡੂੰਘੇ ਅਨੁਭਵ ਤੋਂ 'ਅਕਾਲ' ਬੋਧ 'ਅਕਾਲ ਉਸਤਤਿ' ਬਾਣੀ ਵਿਚ ਰੂਪਮਾਨ ਹੋਇਆ ਹੈ। ਅਕਾਲ ਪੁਰਖ ਦੇ ਬੇਮਿਸਾਲ ਅਦ੍ਵੈਤ ਅਨੁਭਵ ਵਿਚੋਂ ਅਕਾਲ ਦੀ ਉਸਤਤਿ ਦੀ ਇਹ ਧਾਰਣਾ ਭਗਤੀ ਦੀ ਭਾਵ ਮੂਲਕ ਪ੍ਰੇਮ-ਪ੍ਰਤੀਤਿ[1] ਨੂੰ ਵਿਰਾਟ ਮਨੁੱਖੀ ਵਿਸਤਾਰ[2] ਦੇ ਕੇ, ਅਕਾਲ ਪੁਰਖ ਦੀ ਸ਼ਕਤੀ ਅਰਥਾਤ ਭਗੌਤੀ[3] ਦੇ ਸਰੂਪ ਵਿਚ ਰੂਪਾਂਤਰਿਤ ਹੋਈ ਪ੍ਰਤੀਤ ਹੁੰਦੀ ਹੈ। ਇਹ ਹੀ 'ਅਕਾਲ ਉਸਤਤਿ' ਬਾਣੀ ਦਾ ਕੇਂਦਰੀ ਮੰਤਵ ਹੈ। ਇਹ ਮੰਤਵ ਭਾਵੇਂ ਸਫਲ ਕਾਵਿਕ ਨੁਹਾਰ ਦੀ ਭਾਵਮਈ ਪੱਧਰ ਤੇ ਜਟਿਲਮਈ ਰੂਪ ਵਿਚ ਪੇਸ਼ ਹੋਇਆ ਹੈ, ਪਰ, ਮਹੱਤਵ ਦੀ ਗੱਲ ਇਹ ਹੈ ਕਿ ਰਚਨਾ ਵਿਚਲੀ ਤਰਕ-ਲੜੀ ਦੀ ਨਿਰੰਤਰਤਾ ਬਰਕਰਾਰ ਰੱਖੀ ਗਈ ਹੈ।

ਇਸ ਉਦੇਸ਼ ਦੇ ਵਿਸਤਾਰਣ-ਵਿਸ਼ਲੇਸ਼ਣ ਲਈ ਸਭ ਤੋਂ ਪਹਿਲੀ ਪੱਧਰ ਤੇ ਗਿਆਨ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ ਗਿਆ ਹੈ। ਗਿਆਨ ਤੋਂ ਹੀਣੇ ਲੋਕਾਂ ਦੇ ਜੀਵਨ ਦੀ ਸਾਰਹੀਨਤਾ ਅਤੇ ਬੇਬਸੀ ਦਾ ਭਿੰਨ ਭਿੰਨ ਢੰਗਾਂ ਨਾਲ ਚਿਤ੍ਰਣ ਹੈ, ਜਿਵੇਂ, ਗਿਆਨ ਤੋਂ ਵਾਂਝੇ ਮਨੁੱਖ ਕਾਲ ਦੇ ਫੰਧੇ ਵਿਚ ਫਸੇ, ਸਦਾ ਜੁਗਾਂ ਦੀ ਚੌਕੜੀ ਦੇ ਫਿਰਾਏ ਹੋਏ ਸੰਸਾਰ ਵਿਚ ਭਟਕਦੇ ਫਿਰਦੇ ਹਨ :

> ਗਿਆਨ ਕੇ ਬਿਹੀਨ, ਕਾਲ ਫਾਸ ਕੇ ਅਧੀਨ;
> ਸਦਾ ਜੁੰਗਨ ਕੀ ਚਉਕਰੀ, ਫਿਰਾਏ ਈ ਫਿਰਤ ਹੈਂ।।੭੬

---

1. ਸਾਚੁ ਕਹੌ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ।।੨੯

2. ਹਿੰਦੂ ਤੁਰਕ ਕੋਊ, ਰਾਫਿਜ਼ੀ ਇਮਾਮ ਸ਼ਾਫੀ
ਮਾਨਸ ਕੀ ਜਾਤ, ਸਬੈ ਏਕੈ ਪਹਿਚਾਨਬੋ

... ...

ਏਕ ਹੀ ਸਰੂਪ ਸਬੈ, ਏਕੈ ਜੋਤਿ ਜਾਨਬੋ
ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ਼ ਓਈ
ਮਾਨਸ ਸਬੈ ਏਕ, ਪੈ ਅਨੇਕ ਕੋ ਭ੍ਰਮਾਉ ਹੈ

3. ਦੁਰਜਨਦਲ ਦੰਡਣ, ਅਸੁਰ ਬਿਹੰਡਣ,
ਦੁਸਟ ਨਿਕੰਦਣ ਆਦਿ ਬ੍ਰਿਤੇ।
ਚਛਰਾਸੁਰ ਮਾਰਣ ਪਤਿਤ ਉਧਾਰਣ,
ਨਰਕਨਿਵਾਰਣ, ਗੁੜ੍ਹ , ਮਤੇ।
ਅਛੈ ਆਖੰਡੇ, ਤੇਜ ਪ੍ਰਚੰਡੇ,
ਖੰਡ ਉਦੰਡੇ, ਅਲਖ-ਮਤੇ।
ਜੈ ਜੈ ਹੋਸੀ ਮਹਿਖਾਸੁਰਿ ਮਰਦਨ,
ਰੱਮ-ਕਪਰਦਨ ਛੱਤ੍ਰ-ਛਿਤੇ।।੨੦੧।

ਗਿਆਨਹੀਨ ਅਕਾਲ ਪੁਰਖ ਵਿਚ ਲੀਨ ਨਹੀਂ ਹੋ ਸਕਦੇ। ਪ੍ਰਭੂ ਭਗਤੀ ਦੀ ਭਾਵਾਤਮਕਤਾ ਗਿਆਨ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦੀ :

ਗਿਆਨ ਕੇ ਬਿਹੀਨ, ਮਹਾਂ ਦਾਨ ਮੈ ਨ ਹੂਜੈ ਲੀਨ;
ਭਾਵਨਾ ਯਕੀਨ ਦੀਨ, ਕੈਸੇ ਕੈ ਤਰਤ ਹੈ।।੮੧

ਇਸ ਲਈ ਇਸ ਤਰ੍ਹਾਂ ਦਾ ਗਿਆਨ-ਰਹਿਤ ਵਿਅਕਤੀ ਪ੍ਰਭੂ ਦੀ ਸੱਚੀ ਦਰਗਾਹ ਵਿਚ ਕਿਵੇਂ ਜਾ ਸਕਦਾ ਹੈ?

"ਗਿਆਨ ਕੇ ਬਿਹੀਨ, ਕੈਸੇ ਬ੍ਰਹਮ ਲੋਕ ਪਾਵਈ।।੮੨

ਇਹੋ ਕਾਰਣ ਹੈ ਕਿ ਇਹ ਗਿਆਨਹੀਨ ਨਰਕ ਦੀ ਧਾਰ ਵਿਚ ਡੁੱਬ ਜਾਂਦੇ ਹਨ। ਲੱਟ ਲੱਟ ਕਰਦੀ ਅੱਗ ਵਿਚ ਸੜ ਕੇ ਮਰ ਜਾਂਦੇ ਹਨ :

ਡੂਬੇ ਨਰਕਧਾਰਿ, ਮੂੜ੍ਹ ਗਿਆਨ ਕੇ ਬਿਨਾ ਬਿਚਾਰ।

ਗਿਆਨਹੀਨਤਾ ਦੀ ਇਸ ਸਥਿਤੀ ਦਾ ਸੰਬੰਧ ਭੌਤਿਕ ਜਗਤ ਦੇ ਵਰਤਾਰਿਆਂ ਦੀ ਵਧੇਰੇ ਜਾਣਕਾਰੀ ਨਾਲ ਨਹੀਂ ਹੈ, ਬਲਕਿ ਇਹ ਆਸਥਾ ਅਤੇ ਨਿਸਚੈ 'ਤੇ ਆਧਾਰਿਤ ਆਤਮ ਗਿਆਨ ਹੈ, ਜਿਸ ਵਿਸ਼ੈ ਵਿਚ ਗੁਰੂ ਸਾਹਿਬ ਦਾ ਕਥਨ ਹੈ : "ਭਾਵਨਾ ਬਿਹੀਨ ਕੈਸੇ ਗਿਆਨ ਕੋ, ਬਿਚਾਰਹੀ" ਅਰਥਾਤ ਅਕਾਲ ਪੁਰਖ ਪ੍ਰਤਿ ਭਾਵਮਈ ਹੋ ਕੇ ਹੀ ਇਹ ਪਰਮਾਰਥਕ ਗਿਆਨ ਉਪਲੱਬਧ ਕੀਤਾ ਜਾ ਸਕਦਾ ਹੈ – ਭਾਵਨਾ ਵਿਹੀਨ ਮਨੁੱਖ ਗਿਆਨ ਦਾ ਵਿਚਾਰ ਹੀ ਕਿਵੇਂ ਕਰ ਸਕਦਾ ਹੈ? ਭਗਵਤਗੀਤਾ ਵਿਚ ਜਿਵੇਂ ਕਿਹਾ ਗਿਆ ਹੈ – 'ਸ਼ਰੱਧਾਵਾਨ ਲਭਤੇ ਗਿਆਨਮ' ਸ਼ਰਧਾਲੂ ਵਿਅਕਤੀ ਹੀ ਗਿਆਨ ਪ੍ਰਾਪਤ ਕਰ ਸਕਦਾ ਹੈ। ਗਿਆਨ ਦੇ ਦੁਨਿਆਵੀ ਸ੍ਰੋਤਾਂ ਦੇ ਵਿਪਰੀਤ ਭਾਵ, ਪ੍ਰੇਮ ਅਤੇ ਭਗਤੀ ਰਾਹੀਂ ਅਧਿਆਤਮਕ ਗਿਆਨ ਪ੍ਰਾਪਤ ਹੋ ਜਾਂਦਾ ਹੈ।

ਫਿਰ ਭਗਤੀ ਦੀ ਪ੍ਰਕ੍ਰਿਆ ਵਿਚ ਅਕਾਲ ਪੁਰਖ ਦਾ ਸਰੂਪ ਵਰਣਨ ਕਰਦਿਆਂ ਇਸ ਗੱਲ ਦੀ ਸਮਝ ਪੈਣ ਲਗ ਪੈਂਦੀ ਹੈ ਕਿ ਦੁਨਿਆਵੀ ਗਿਆਨ ਦੀ ਤਰ੍ਹਾਂ ਦੁਨਿਆਵੀ, ਵਸੀਲਿਆਂ ਨਾਲ ਅਕਾਲ ਪੁਰਖ ਦੇ ਸਰੂਪ ਦਾ ਵਰਣਨ ਨਹੀਂ ਹੋ ਸਕਦਾ :

ਅਲਖ ਰੂਪ ਅੱਛੈ ਅਨਭੇਖਾ।
ਰਾਗ ਰੰਗ ਜਿਹ ਰੂਪ ਨ ਰੇਖਾ।
ਬਰਨ ਚਿਹਨ ਸਭਹੂੰ ਤੇ ਨਿਆਰਾ।
ਆਦਿ ਪੁਰਖ ਅਦ੍ਵੈ ਅਬਿਕਾਰਾ।।੩
ਬਰਨ ਚਿਹਨ ਜਿਹ ਜਾਤਿ ਨ ਪਾਤਾ।
ਸੱਤ੍ਰ ਮਿੱਤ੍ਰ ਜਿਹ ਤਾਤ ਨ ਮਾਤਾ।
ਸਭ ਤੇ ਦੂਰਿ ਸਭਨ ਤੇ ਨੇਰਾ।
ਜਲਿ ਥਲਿ ਮਹੀਅਲਿ ਜਾਹਿ ਬਸੇਰਾ।।੪
ਅਨਹਦ ਰੂਪ ਅਨਾਹਦ ਬਾਨੀ।
ਚਰਨ ਸ਼ਰਨਿ ਜਿਹ ਬਸਤ ਭਵਾਨੀ।
ਬ੍ਰਹਮਾ ਬਿਸਨੁ ਅੰਤੁ ਨਹੀ ਪਾਇਓ।
ਨੇਤਿ ਨੇਤਿ ਮੁਖਚਾਰ ਬਤਾਇਓ।।੫।।

ਉਸ ਅਕਾਲ ਪੁਰਖ ਦਾ ਨਾਂ ਕਿਸੇ ਨਾਲ ਰਾਗ ਹੈ, ਨਾ ਉਸ ਦਾ ਕੋਈ ਰੰਗ ਹੈ, ਨਾ ਕੋਈ ਰੂਪ ਹੈ ਅਤੇ ਨਾ ਹੀ ਕੋਈ ਰੇਖ ਹੈ। ਨਾ ਉਸ ਦਾ ਕਿਸੇ ਨਾਲ ਮੋਹ ਹੈ, ਨਾ ਕਿਸੇ ਨਾਲ ਉਸ ਨੂੰ ਕ੍ਰੋਧ ਹੈ, ਨਾ ਉਹ ਕਿਸੇ ਨਾਲ ਧ੍ਰੋਹ ਕਰਦਾ ਹੈ ਤੇ ਨਾ ਕਿਸੇ ਨਾਲ ਉਸ ਨੂੰ ਦ੍ਵੇਸ਼ ਹੈ। ਉਸ ਲਈ ਕੋਈ ਕਰਮ ਨਹੀਂ, ਨਾ ਉਸ ਨੂੰ ਕੋਈ ਭਰਮ ਹੈ, ਨਾ ਉਸ ਦਾ ਜਨਮ ਹੁੰਦਾ ਹੈ ਤੇ ਨਾ ਉਸ ਦੀ ਕੋਈ ਜਾਤ ਹੈ, ਨਾ ਕੋਈ ਮਿੱਤ੍ਰ ਹੈ ਨਾ ਕੋਈ ਦੁਸ਼ਮਣ ਹੈ, ਨਾ ਉਸ ਦਾ ਕੋਈ ਪਿਤਾ ਹੈ ਤੇ ਨਾ ਉਸ ਦੀ ਕੋਈ ਮਾਤਾ ਹੈ :

\- ਨ ਰਾਗੀ ਨ ਰੰਗੀ ਨ ਰੂਪੰ ਨ ਰੇਖੰ।
ਨ ਮੋਹੰ ਨ ਕ੍ਰੋਹੰ ਨ ਦ੍ਰੋਹੰ ਨ ਦ੍ਵੈਖੰ।
ਨ ਕਰਮੰ ਨ ਭਰਮੰ, ਨ ਜਨਮੰ ਨ ਜਾਤੰ।
ਨ ਮਿੱਤ੍ਰੰ ਨ ਸੱਤ੍ਰੰ, ਨ ਪਿੱਤ੍ਰੰ ਨਾ ਮਾਤੰ ॥੯੧

\- ਜਿਹ ਸੱਤ੍ਰ ਮਿੱਤ੍ਰ ਨਹੀ ਜਨਮ ਜਾਤਿ।
ਜਿਹ ਪੁੱਤ੍ਰ ਵਿਤ੍ਰ ਨਹੀਂ ਮਿੱਤ੍ਰ ਮਾਤ।
ਜਿਹ ਕਰਮ ਭਰਮ, ਨਹੀਂ ਧਰਮ ਧਿਆਨ।
ਜਿਹ ਨੇਹ ਗੇਹ, ਨਹੀਂ ਬਿਓਂਤਬਾਨ॥੧੨੩

ਪਰ ਦ੍ਰਿਸ਼ਮਾਨ ਵਸਤਾਂ ਅਤੇ ਭੌਤਿਕ ਵਰਤਾਰਿਆਂ ਦੀ ਪਹੁੰਚ ਤੋਂ ਪਰੇ, ਅਕੱਥ ਅਕਾਲ ਪੁਰਖ ਦੀ ਹੋਂਦ ਨੂੰ ਗੁਰਮਤਿ ਦੀ ਭਗਤੀ-ਭਾਵਨਾ ਨੇ ਬ੍ਰਹਿਮੰਡ ਦੀ ਵਿਰਾਟਤਾ ਦੇ ਕਣ-ਕਣ ਵਿਚ ਰਮਿਆ ਦੱਸਿਆ ਹੈ। ਉਹ ਸਭ ਜੀਵਾਂ ਵਿਚ ਇਕ ਰਸ ਵਿਆਪਕ ਹੈ। ਉਹ ਸਭ ਜੀਵਾਂ ਤੇ ਸ੍ਰਿਸ਼ਟੀ ਦਾ ਮੂਲ ਹੈ। ਉਸ ਨੇ ਧਰਤੀ, ਆਕਾਸ਼ ਤੇ ਪਤਾਲ ਵਿਚ ਆਪਣਾ ਪਾਸਾਰਾ ਪਸਾਰਿਆ ਹੋਇਆ ਹੈ। ਉਸ ਦੀ ਜੋਤ ਚੌਦ੍ਹਾਂ ਲੋਕਾਂ ਵਿਚ ਆਪਣਾ ਪ੍ਰਕਾਸ਼ ਕਰ ਰਹੀ ਹੈ :

ਪ੍ਰਣਵੋ ਆਦਿ ਏਕੰਕਾਰਾ।
ਜਲ ਥਲ ਮਹੀਅਲ ਕੀਓ ਪਸਾਰਾ।
ਆਦਿ ਪੁਰਖੁ ਅਬਗਤਿ ਅਬਿਨਾਸੀ।
ਲੋਕ ਚਤ੍ਰ ਦਸਿ ਜੋਤਿ ਪ੍ਰਕਾਸੀ ॥੧

ਅਕਾਲ ਪੁਰਖ ਪ੍ਰਤਿ ਚੇਤਨਾ ਦਾ ਇਹ ਅਹਿਸਾਸ ਇਸ ਗੱਲ ਦੀ ਪ੍ਰਤੀਤੀ ਕਰਾ ਦੇਂਦਾ ਹੈ ਕਿ ਸਾਰੇ ਕਰਮ-ਧਰਮ, ਮਤ ਮਤਾਂਤਰ ਮਿਥਿਆ ਤੇ ਸਾਰਹੀਨ ਹਨ। ਇਸ ਸਿਲਸਿਲੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਅਨੇਕਾਂ ਪ੍ਰਚਲਿਤ ਸਾਧਨਾਵਾਂ ਅਤੇ ਸਾਧਕਾਂ ਦਾ ਵਿਵਰਣ ਪੇਸ਼ ਕੀਤਾ ਹੈ। ਜਿਵੇਂ ਕਿ ਇੰਦ੍ਰ, ਬ੍ਰਹਮਾ, ਰੁਦ੍ਰ, ਰਾਮ, ਕ੍ਰਿਸ਼ਨ, ਵੇਦਾਂ ਦੀਆਂ ਰੀਤੀਆਂ, ਸ਼ਾਸਤ੍ਰ, ਸਿਮਿਤ੍ਰੀਆਂ, ਪੁਰਾਣ ਅਗਨਹੋਤ੍ਰ, ਤਪੀ, ਸੰਨਿਆਸੀ, ਜੋਗੀ, ਉਦਾਸੀ, ਨਿਉਲੀ ਕਰਮ, ਪਉਨ ਅਹਾਰੀ, ਤੀਰਥ ਦਾਨ, ਜੱਗ ਕਰਮ, ਜਲ ਸਮਾਧਿ ਵਣਾਂ ਵਿਚ ਵਾਸ, ਸ਼ੇਖ, ਬ੍ਰਾਹਮਣ, ਬੇਦ ਬਿਆਸ, ਅਘੋਰੀ ਸਾਧੂ, ਬ੍ਰਹਮਾਚਾਰੀ, ਦੁਧਾਧਾਰੀ, ਸ਼ਿਵ, ਸਨਤਕੁਮਾਰ ਆਦਿ ਇਹ ਸਭ ਕਰਮਕਾਂਡ ਤੇ ਦੇਵੀ-ਦੇਵਤੇ, ਰਿਸ਼ੀ-ਮੁਨੀ ਤੇ ਅਵਤਾਰ ਸਭ 'ਫੋਕਟ' ਅਤੇ ਇਨ੍ਹਾ ਦੀਆਂ ਸਾਧਨਾਵਾਂ ਅਰਥਹੀਣ ਹਨ :

ਸਭ ਕਰਮ ਫੋਕਟ ਜਾਨ ।
ਸਭ ਧਰਮ ਨਿਹਫਲ ਮਾਨ।
ਬਿਨੁ ਏਕ ਨਾਮ ਅਧਾਰ।
ਸਭ ਕਰਮ, ਭਰਮ ਬਿਚਾਰ।।੫੦

ਚੌਪਈ ਪਾਤਸ਼ਾਹੀ ੧੦ ਅਰਦਾਸ ਰੂਪ ਬਾਣੀ ਹੈ। ਇਸ ਵਿਚ ੨੫ ਬੰਦ ਹਨ ਅਤੇ ਸਮੁੱਚੀ ਬਾਣੀ ਇਕੋ ਇਕ ਛੰਦ ਚੌਪਈ ਵਿਚ ਉਸਾਰੀ ਗਈ ਹੈ। ਸਾਰੀ ਬਾਣੀ ਵਿਚ ਇਕੋ ਉਪਦੇਸ਼ ਹੈ ਕਿ ਸਭ ਇੱਛਾਵਾ ਸਮੇਟ ਕੇ ਇਕੋ ਇਕ ਇੱਛਾ ਪ੍ਰਭੂ ਦੀ ਸ਼ਰਨ ਦੀ ਪ੍ਰਾਪਤੀ ਰੱਖਣੀ ਚਾਹੀਦੀ ਹੈ ਕਿਉਂਕਿ ਉਹ ਸਭ ਪਸਾਰੇ ਦਾ ਮੂਲ ਹੈ, ਵਿਸਤਾਰ ਹੈ ਤੇ 'ਲੈ' ਕਰਣਹਾਰ ਹੈ। ਚੌਪਈ ਦੇ ਆਦਿ ਤੇ ਅੰਤ ਦੇ ਬੰਦ ਬਾਣੀ ਦੀ ਸਰਲਤਾ ਤੇ ਸਪੱਸ਼ਟਤਾ ਦਾ ਸੁੰਦਰ ਨਮੂਨਾ ਪੇਸ਼ ਕਰਦੇ ਹਨ ਅਤੇ ਇਨ੍ਹਾਂ ਦਾ ਭਾਵ, ਪ੍ਰਭੂ-ਭਗਤੀ ਦੀ ਤੀਬਰਤਾ ਦੀ ਅਮਿਟ ਛਾਪ ਪਾਠਕ ਤੇ ਸਰੋਤੇ ਦੇ ਦਿਲ-ਦਿਮਾਗ ਉਤੇ ਛੱਡਦਾ ਹੈ :

ਹਮਰੀ ਕਰੋ ਹਾਥ ਦੈ ਰੱਛਾ
ਪੂਰਨ ਹੋਇ ਚਿੱਤ ਕੀ ਇੱਛਾ॥
ਤਵ ਚਰਨਨ ਮਨ ਰਹੈ ਹਮਾਰਾ॥
ਅਪਨਾ ਜਾਨ ਕਰੋ ਪ੍ਰਤਿਪਾਰਾ॥੧॥

... .

ਖੜਗ ਕੇਤ ਮੈ ਸਰਣਿ ਤਿਹਾਰੀ॥
ਆਪ ਹਾਥ ਦੈ ਲੇਹੁ ਉਬਾਰੀ॥
ਸਰਬ ਠੌਰ ਮੋ ਹੋਹੁ ਸਹਾਈ॥
ਦੁਸਟ ਦੋਖ ਤੇ ਲੇਹੁ ਬਚਾਈ॥੨੫॥

'ਜਾਪੁ', 'ਸੁਧਾ ਸਵੱਯੇ' ਅਤੇ 'ਚੌਪਈ ਪਾਤਸ਼ਾਹੀ ੧੦' ਗੁਰਮਤਿ ਸਾਹਿਤ ਦੀਆਂ ਅੰਮ੍ਰਿਤ ਬਾਣੀਆਂ ਹਨ। ਇਹ ਤਿੰਨੇ ਬਾਣੀਆਂ ਅੰਮ੍ਰਿਤ ਪ੍ਰਚਾਰ ਦੀਆਂ ਬਾਣੀਆਂ ਹੋਣ ਤੋਂ ਇਲਾਵਾ ਸਿੱਖਾਂ ਦੇ ਨਿੱਤਨੇਮ ਦਾ ਵੀ ਅੰਗ ਹਨ। 'ਜਾਪੁ' ਸਾਹਿਬ ਤੇ ਸਵੱਯੇ ਅੰਮ੍ਰਿਤ ਵੇਲੇ ਅਤੇ 'ਚੌਪਈ ਪਾਤਸ਼ਾਹੀ ੧੦' ਸ਼ਾਮ ਨੂੰ ਰਹਿਰਾਸ ਨਾਲ ਪੜ੍ਹੀ ਜਾਂਦੀ ਹੈ।

ਚੌਪਈ

ਹਮਰੀ ਕਰੋ ਹਾਥ ਦੈ ਰੱਛਾ
ਪੂਰਨ ਹੋਇ ਚਿੱਤ ਕੀ ਇੱਛਾ।।
ਤਵ ਚਰਨਨ ਮਨ ਰਹੈ ਹਮਾਰਾ।।
ਅਪਨਾ ਜਾਨ ਕਰੋ ਪ੍ਰਤਿਪਾਰਾ।।੧।।
ਹਮਰੇ ਦੁਸਟ ਸਭੈ ਤੁਮ ਘਾਵਹੁ।।
ਆਪ ਹਾਥ ਦੈ ਮੋਹਿ ਬਚਾਵਹੁ।।
ਸੁਖੀ ਬਸੈ ਮੋਰੋ ਪਰਿਵਾਰਾ।।
ਸੇਵਕ ਸਿੱਖ ਸਭੈ ਕਰਤਾਰਾ।।੨।।
ਮੋ ਰੱਛਾ ਨਿਜ ਕਰ ਦੈ ਕਰਿਯੈ।।
ਸਭ ਬੈਰਨ ਕੋ ਆਜ ਸੰਘਰਿਯੈ।।
ਪੂਰਨ ਹੋਇ ਹਮਾਰੀ ਆਸਾ।।
ਤੋਰ ਭਜਨ ਕੀ ਰਹੈ ਪਿਆਸਾ।।੩।।
ਤੁਮਹਿ ਛਾਡਿ ਕੋਈ ਅਵਰ ਨ ਧਿਆਊ।।
ਜੋ ਬਰ ਚਹੋਂ ਸੁ ਤੁਮ ਤੇ ਪਾਊ।।
ਸੇਵਕ ਸਿੱਖ ਹਮਾਰੇ ਤਾਰੀਅਹਿ।।
ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ।।੪।।
ਆਪ ਹਾਥ ਦੈ ਮੁਝੈ ਉਬਰਿਯੈ।।
ਮਰਨ ਕਾਲ ਕਾ ਤ੍ਰਾਸ ਨਿਵਰਿਯੈ।।
ਹੂਜੋ ਸਦਾ ਹਮਾਰੇ ਪੱਛਾ।।
ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ।।੫।।
ਰਾਖਿ ਲੇਹੁ ਮੁਹਿ ਰਾਖਨਹਾਰੇ।।
ਸਾਹਿਬ ਸੰਤ ਸਹਾਇ ਪਿਯਾਰੇ।।
ਦੀਨ ਬੰਧੁ ਦੁਸਟਨ ਕੇ ਹੰਤਾ।।
ਤੁਮਹੋ ਪੁਰੀ ਚਤੁਰਦਸ ਕੰਤਾ।।੬।।
ਕਾਲ ਪਾਇ ਬ੍ਰਹਮਾ ਬਪੁ ਧਰਾ।।
ਕਾਲ ਪਾਇ ਸਿਵਜੂ ਅਵਤਰਾ।।
ਕਾਲ ਪਾਇ ਕਰ ਬਿਸਨੁ ਪ੍ਰਕਾਸਾ।।
ਸਕਲ ਕਾਲ ਕਾ ਕੀਆ ਤਮਾਸਾ।।੭।।
ਜਵਨ ਕਾਲ ਜੋਗੀ ਸਿਵ ਕੀਓ।।
ਬੇਦਰਾਜ ਬ੍ਰਹਮਾ ਜੂ ਥੀਓ।।

ਜਵਨ ਕਾਲ ਸਭ ਲੋਕ ਸਵਾਰਾ ॥
ਨਮਸਕਾਰ ਹੈ ਤਾਹਿ ਹਮਾਰਾ ॥੮॥
ਜਵਨ ਕਾਲ ਸਭ ਜਗਤ ਬਨਾਯੋ ॥
ਦੇਵ ਦੈਤ ਜਛਨ ਉਪਜਾਯੋ ॥
ਆਦਿ ਅੰਤਿ ਏਕੈ ਅਵਤਾਰਾ ॥
ਸੋਈ ਗੁਰੂ ਸਮਝਿਯਹੁ ਹਮਾਰਾ ॥੯।
ਨਮਸਕਾਰ ਤਿਸ ਹੀ ਕੋ ਹਮਾਰੀ ॥
ਸਕਲ ਪ੍ਰਜਾ ਜਿਨ ਆਪ ਸਵਾਰੀ ॥
ਸਿਵਕਨ ਕੋ ਸਿਵਗੁਨ ਸੁਖ ਦੀਓ ॥
ਸੱਤ੍ਰਨ ਕੋ ਪਲ ਮੋ ਬਧ ਕੀਓ ॥੧੦॥
ਘਟ ਘਟ ਕੇ ਅੰਤਰ ਕੀ ਜਾਨਤ ॥
ਭਲੇ ਬੁਰੇ ਕੀ ਪੀਰ ਪਛਾਨਤ ॥
ਚੀਟੀ ਤੇ ਕੁੰਚਰ ਅਸਥੂਲਾ ॥
ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ ॥੧੧॥
ਸੰਤਨ ਦੁਖ ਪਾਏ ਤੇ ਦੁਖੀ ॥
ਸੁਖ ਪਾਏ ਸਾਧਨ ਕੇ ਸੁਖੀ ॥
ਏਕ ਏਕ ਕੀ ਪੀਰ ਪਛਾਨੈ ॥
ਘਟ ਘਟ ਕੇ ਪਟ ਪਟ ਕੀ ਜਾਨੈ ॥੧੨॥
ਜਬ ਉਦਕਰਖ ਕਰਾ ਕਰਤਾਰਾ ॥
ਪ੍ਰਜਾ ਧਰਤ ਤਬ ਦੇਹ ਅਪਾਰਾ ॥
ਜਬ ਆਕਰਖ ਕਰਤ ਹੋ ਕਬਹੂੰ ॥
ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥
ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥
ਆਪੁ ਆਪਨੀ ਬੂਝ ਉਚਾਰੈ ॥
ਤੁਮ ਸਭ ਹੀ ਤੇ ਰਹਤ ਨਿਰਾਲਮ ॥
ਜਾਨਤ ਬੇਦ ਭੇਦ ਅਰ ਆਲਮ ॥੧੪॥
ਨਿਰੰਕਾਰ ਨ੍ਰਿਬਿਕਾਰ ਨਿਰਲੰਭ ॥
ਆਦਿ ਅਨੀਲ ਅਨਾਦਿ ਅਸੰਭ ॥
ਤਾਕਾ ਮੂੜ੍ਹ ਉਚਾਰਤ ਭੇਦਾ ॥
ਜਾਕੌ ਭੇਵ ਨ ਪਾਵਤ ਬੇਦਾ ॥੧੫॥
ਤਾ ਕੌਂ ਕਰਿ ਪਾਹਨ ਅਨੁਮਾਨਤ ॥
ਮਹਾ ਮੂੜ੍ਹ ਕਛੁ ਭੇਦ ਨ ਜਾਨਤ ॥
ਮਹਾਦੇਵ ਕੌਂ ਕਹਤ ਸਦਾ ਸਿਵ ॥
ਨਿਰੰਕਾਰ ਕਾ ਚੀਨਤ ਨਹਿ ਭਿਵ ॥੧੬॥
ਆਪੁ ਆਪਨੀ ਬੁਧਿ ਹੈ ਜੇਤੀ ॥
ਬਰਨਤ ਭਿੰਨ ਭਿੰਨ ਤੁਹਿ ਤੇਤੀ ॥

ਤੁਮਰਾ ਲਖਾ ਨ ਜਾਇ ਪਸਾਰਾ॥
ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥੧੭॥
ਏਕੈ ਰੂਪ ਅਨੂਪ ਸਰੂਪਾ॥
ਰੰਕ ਭਯੋ ਰਾਵ ਕਹੀ ਭੂਪਾ॥
ਅੰਡਜ ਜੇਰਜ ਸੇਤਜ ਕੀਨੀ॥
ਉਤਭੁਜ ਖਾਨਿ ਬਹੁਰ ਰਚਿ ਦੀਨੀ॥੧੮॥
ਕਹੂੰ ਫੂਲ ਰਾਜਾ ਹ੍ਵੈ ਬੈਠਾ॥
ਕਹੂੰ ਸਿਮਟਿ ਭਿਯੋ ਸੰਕਰ ਇਕੈਠਾ॥
ਸਗਰੀ ਸ੍ਰਿਸਟਿ ਦਿਖਾਇ ਅਚੰਭਵ॥
ਆਦਿ ਜੁਗਾਦਿ ਸਰੂਪ ਸੁਯੰਭਵ॥੧੯॥
ਅਬ ਰੱਛਾ ਮੇਰੀ ਤੁਮ ਕਰੋ॥
ਸਿੱਖ ਉਬਾਰਿ ਅਸਿੱਖ ਸੰਘਰੋ॥
ਦੁਸਟ ਜਿਤੇ ਉਠਵਤ ਉਤਪਾਤਾ॥
ਸਕਲ ਮਲੇਛ ਕਰੋ ਰਣਘਾਤਾ॥੨੦॥
ਜੇ ਅਸਿਧੁਜ ਤਵ ਸਰਨੀ ਪਰੇ॥
ਤਿਨ ਕੇ ਦੁਸ਼ਟ ਦੁਖਿਤ ਹ੍ਵੈ ਮਰੇ॥
ਪੁਰਖ ਜਵਨ ਪਗ ਪਰੇ ਤਿਹਾਰੇ॥
ਤਿਨ ਕੇ ਤੁਮ ਸੰਕਟ ਸਭ ਟਾਰੇ॥੨੧॥
ਜੋ ਕਲਿ ਕੋ ਇਕ ਬਾਰ ਧਿਐਹੈ॥
ਤਾ ਕੇ ਕਾਲ ਨਿਕਟਿ ਨਹਿ ਐਹੈ॥
ਰੱਛਾ ਹੋਇ ਤਾਹਿ ਸਭ ਕਾਲਾ॥
ਦੁਸਟ ਅਰਿਸਟ ਟਰੇਂ ਤਤਕਾਲਾ॥੨੨॥
ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ॥
ਤਾ ਕੇ ਤਾਪ ਤਨਕ ਮੋ ਹਰਿਹੋ॥
ਰਿਧਿ ਸਿੱਧਿ ਘਰ ਮੋ ਸਭ ਹੋਈ॥
ਦੁਸ਼ਟ ਛਾਹ ਛ੍ਵੈ ਸਕੈ ਨ ਕੋਈ॥੨੩॥
ਏਕ ਬਾਰ ਜਿਨ ਤੁਮੈ ਸੰਭਾਰਾ॥
ਕਾਲ ਫਾਸ ਤੇ ਤਾਹਿ ਉਬਾਰਾ॥
ਜਿਨ ਨਰ ਨਾਮ ਤਿਹਾਰੋ ਕਹਾ॥
ਦਾਰਿਦ ਦੁਸਟ ਦੋਖ ਤੇ ਰਹਾ॥੨੪॥
ਖੜਗ ਕੇਤ ਮੈ ਸਰਣਿ ਤਿਹਾਰੀ॥
ਆਪ ਹਾਥ ਦੈ ਲੇਹੁ ਉਬਾਰੀ॥
ਸਰਬ ਠੌਰ ਮੋ ਹੋਹੁ ਸਹਾਈ॥
ਦੁਸਟ ਦੋਖ ਤੇ ਲੇਹੁ ਬਚਾਈ॥੨੫॥

4. ਸ਼ਬਦ ਹਜ਼ਾਰੇ

ਗੁਰੂ ਗੋਬਿੰਦ ਸਿੰਘ ਜੀ ਦੀ ਮੁਕਤ ਕਾਵਿ ਰਚਨਾ ਵਿਚੋਂ ਕੇਵਲ ਦਸ ਸ਼ਬਦ ਪ੍ਰਾਪਤ ਹੋਏ ਹਨ। ਇਨ੍ਹਾਂ ਸ਼ਬਦਾਂ ਵਿਚ ਰਾਮਕਲੀ, ਸੋਰਠ, ਕਲਿਆਣ, ਖਿਆਲ, ਕਾਫੀ, ਬਿਲਾਵਲ ਤੇ ਰੀਧਾਰੀ ਰਾਗਾਂ ਦੀ ਵਰਤੋਂ ਕੀਤੀ ਗਈ ਹੈ।

ਇਨ੍ਹਾਂ ਵਿਚ ਵਧੇਰੇ ਕਰਕੇ ਗੁਰਮਤਿ ਦੇ ਸਿੱਧਾਂਤਾਂ ਦਾ ਧਰਮ ਅਤੇ ਸਦਾਚਾਰਕ ਪੱਖ ਪ੍ਰਗਟ ਹੋਇਆ ਹੈ। ਜੰਗਲਾਂ ਵਿਚ ਜਾ ਕੇ ਜੋਗੀ, ਜਪੀ, ਤਪੀ ਦੇ ਭੇਖ ਧਾਰਨ ਕਰਕੇ ਸੰਨਿਆਸੀ ਹੋਣ ਦੀ ਥਾਂ ਸੰਸਾਰਕ ਕਰਤੱਵਾਂ ਦਾ ਪਾਲਣ ਕਰਦੇ ਹੋਏ ਹੀ ਮੁਕਤ ਹੋਣ ਦਾ ਉਪਦੇਸ਼ ਦਿੱਤਾ ਗਿਆ ਹੈ। ਵਿਕਾਰਾਂ ਦੀ ਆਸਕਤੀ ਤੋਂ ਰਹਿਤ ਹੋ ਕੇ ਜੀਉਣ ਵਿਚ ਘਰ ਵੀ ਜੰਗਲ ਹੀ ਹੈ। ਭਾਵਨਾ ਦੀ ਪੱਧਰ ਤੇ ਮੋਹ ਮਮਤਾ ਤੋਂ ਵੱਖਰੇ ਹੋਣਾ ਹੀ ਸੰਨਿਆਸ ਹੈ। ਇਸ ਤਰ੍ਹਾਂ ਸ਼ੀਲ ਅਤੇ ਸੰਤੋਖ ਨਾਲ ਨਿਰਬਾਹ ਅਤੇ ਤ੍ਰੈਗੁਣੀ ਅਤੀਤ ਭਾਵ ਹੀ ਮਨੁੱਖ ਨੂੰ ਆਤਮ ਤੱਤ ਅਤੇ ਪਰਮ ਪੁਰਖ ਦੀ ਪ੍ਰਾਪਤੀ ਦੇ ਸਮਰੱਥ ਕਰਦਾ ਹੈ। ਜੋਗੀਆਂ ਦੇ ਬਾਹਰਲੇ ਭੇਖਾਂ ਦਾ ਅੰਤਰੀਵੀ ਭਾਵ ਦੱਸਦਿਆਂ ਹੋਇਆਂ 'ਸਚ ਦੀ ਸਿੰਙੀ'; 'ਅਕਪਟ ਦਾ ਕੰਠਲਾ' 'ਧਿਆਨ ਦੀ ਬਿਭੂਤ' 'ਆਤਮ ਬਸ ਕਰਨ ਨੂੰ ਤਾਂਤੀ' 'ਨਾਮ ਨੂੰ ਭਿੱਛਾ' ਦਾ ਰੂਪ ਦੇਣ ਲਈ ਉਪਦੇਸ਼ ਹੈ। ਸੰਜਮ ਪੂਰਬਕ ਜੀਵਨ ਵਿਚ 'ਅਜਪਾ ਜਾਪ' ਕਰਦਿਆਂ ਹੋਇਆ ਕਾਲਾਤੀਤ ਬਣਿਆ ਜਾ ਸਕਦਾ ਹੈ।

ਤੀਜੇ ਸ਼ਬਦ ਵਿਚ ਸਿਮਰਨ ਦੀ ਮਹਾਨਤਾ ਦਾ ਵਰਣਨ ਹੈ। ਸਿਮਰਨ ਨਾਲ ਸਾਰੇ ਦੁਖ ਦੂਰ ਹੋ ਜਾਂਦੇ ਹਨ। ਹਰਿ ਨਾਮ ਦਾ ਰਸ ਸੁਖਦਾਇਕ ਹੈ। ਪਰ ਨਾਮ ਦਾ ਸਿਮਰਨ ਉਹੀ ਮਨੁੱਖ ਕਰ ਸਕਦਾ ਹੈ ਜਿਸ ਨੇ ਵਿਸ਼ਿਆਂ ਦੀ ਵਾਸਨਾ ਨੂੰ ਤਿਆਗ ਕੇ ਧਰਮ-ਕਰਮ ਨਾਲ ਸੰਬੰਧ ਜੋੜ ਲਿਆ ਹੋਵੇ। ਆਤਮ-ਸੰਜਮ ਦੀ ਇਹ ਸਾਧਨਾ ਪ੍ਰਭੂ ਦੀ ਕਿਰਪਾ ਤੋਂ ਬਿਨਾਂ ਨਹੀਂ ਹੋ ਸਕਦੀ। ਇਸ ਮੰਤਵ ਲਈ ਹੀ ਪ੍ਰਭੂ ਦੀ ਉਸਤਤਿ ਕੀਤੀ ਜਾਂਦੀ ਹੈ। ਉਸ ਦੇ ਪਰਮ ਪੁਰਖ ਸਰੂਪ ਦੀ ਭਗਤੀ ਭਾਵ ਨਾਲ ਅਰਾਧਨਾ ਦੁਆਰਾ ਅਸੀਂ 'ਮੰਦ ਮਤਿ' ਪ੍ਰਾਣੀ ਪ੍ਰਭੂ ਦੀ ਸ਼ਰਣਾਗਤ ਵਿਚ ਆ ਕੇ ਖੁਆਰ ਹੋਣ ਤੋਂ ਬਚ ਸਕਦੇ ਹਾਂ :

ਹਉ ਮਤਿਮੰਦ ਚਰਨ ਸਰਨਾਗਤਿ
ਕਰ ਗਹਿ ਲੇਹੁ ਉਬਾਰੀ।।

ਉਸ ਕਰਤਾ, ਅਜੋਨੀ, ਅਬਿਨਾਸੀ ਪਰਮਾਤਮਾ ਨੂੰ ਉਸ ਦੇ ਭਗਤ ਪ੍ਰੇਮ-ਭਾਵ ਦੇ ਵਿਸਮਾਦ ਵਿਚ ਤੀਬਰ ਕਿਸਮ ਦੇ ਬਿਰਹਾ ਨਾਲ ਵੀ ਸਿਮਰਨ ਕਰਨ ਲੱਗ ਪੈਂਦੇ ਹਨ: 'ਮਿੱਤ੍ਰ ਪਿਆਰੇ ਨੂੰ ਹਾਲੁ ਮੁਰੀਦਾ ਦਾ ਕਹਣਾ'। ਜਦੋਂ ਕਿ ਦੂਜੇ ਪਾਸੇ ਨਾਰਦ, ਬਿਆਸ, ਆਦਿ ਵੱਡੇ ਵੱਡੇ ਤਪੀ ਤਪਸਵੀ ਵੀ ਜਤਨ ਕਰਦੇ ਹਾਰ ਜਾਂਦੇ ਹਨ ਪਰ ਉਸ ਦੀ ਅਸੀਮਤਾ

ਦਾ ਥਹੁ ਨਹੀਂ ਪਾਇਆ ਜਾ ਸਕਦਾ। ਉਸ ਦੀ ਸ਼ਰਨ ਤੋਂ ਬਿਨਾਂ ਮਨੁੱਖ ਦਾ ਕਿਤੇ ਵੀ ਕੋਈ ਆਸਰਾ ਨਹੀਂ :

ਕੇਵਲ ਏਕ ਸਰਣਿ ਸੁਆਮੀ ਬਿਨੁ,
ਯੌ ਨਹਿ ਕਤਹਿ ਉਧਾਰ।

੧ੴ ਸਤਿਗੁਰ ਪ੍ਰਸਾਦਿ।
ਵਾਹਿਗੁਰੂ ਜੀ ਕੀ ਫਤਹਿ।

ਰਾਗਿ ਰਾਮਕਲੀ ਪਾਤਸ਼ਾਹੀ ੧੦

ਰੇ ਮਨ, ਐਸੋ ਕਰਿ ਸੰਨਿਆਸਾ।
ਬਨ ਸੇ ਸਦਨ[1] ਸਬੈ ਕਰਿ ਸਮਝਹੁ,
ਮਨਹੀ ਮਾਹਿ ਉਦਾਸਾ।।੧।।ਰਹਾਉ
ਜਤ ਕੀ ਜਟਾ, ਜੋਗ ਕੋ ਮੱਜਨੁ[2]; ਨੇਮ ਕੇ ਨਖੁਨ[3] ਬਢਾਓ।
ਗਿਆਨ-ਗੁਰੂ ਆਤਮ ਉਪਦੇਸਹੁ; ਨਾਮ ਬਿਭੂਤ[4] ਲਗਾਓ।੧।
ਅਲਪ[5] ਅਹਾਰ ਸੁਲਪ[6] ਸੀ ਨਿੰਦ੍ਰਾ; ਦਯਾ ਛਿਮਾ ਤਨ ਪ੍ਰੀਤਿ।
ਸੀਲ ਸੰਤੋਖ ਸਦਾ ਨਿਰਬਾਹਿਬੋ[7]; ਹ੍ਵੈਬੋ[8] ਤ੍ਰਿਗੁਣ ਅਤੀਤ[9]।੨।
ਕਾਮ ਕ੍ਰੋਧ ਹੰਕਾਰ ਲੋਭ ਹਠ, ਮੋਹ ਨ ਮਨ ਮੋ ਲਯਾਵੈ।।
ਤਬ ਹੀ ਆਤਮ-ਤਤ ਕੋ ਦਰਸੈ, ਪਰਮ ਪੁਰਖ ਕਹ ਪਾਵੈ।।੩।।੧

ਰਾਮਕਲੀ ਪਾਤਸ਼ਾਹੀ ੧੦

ਰੇ ਮਨ ਇਹ ਬਿਧਿ ਜੋਗ ਕਮਾਓ।
ਸਿੰਙੀ ਸਾਚੁ ਅਕਪਟ ਕੰਠਲਾ[10]
ਧਿਆਨ ਬਿਭੂਤ ਚੜਾਓ।।੧।।ਰਹਾਉ
ਤਾਤੀ ਗਹੁ ਆਤਮ ਬਸਿ ਕਰ ਕੀ, ਭਿੱਛਾ ਨਾਮੁ ਅਧਾਰੰ।
ਬਾਜੈ ਪਰਮ ਤਾਰ ਤਤੁ ਹਰਿ ਕੋ, ਉਪਜੈ ਰਾਗ ਰਸਾਰੰ।।੧
ਉਘਟੈ ਤਾਨ ਤਰੰਗ ਰੰਗਿ ਅਤਿ, ਗਿਆਨ ਗੀਤ ਬੰਧਾਨੰ[11]।
ਚਕਿ ਚਕਿ[12] ਰਹੇ ਦੇਵ ਦਾਨਵ ਮੁਨਿ,
ਛਕਿ ਛਕਿ ਬਯੋਮ[13] ਬਿਵਾਨੰ।।੨
ਆਤਮ-ਉਪਦੇਸ ਭੇਸੁ ਸੰਜਮ ਕੋ, ਜਾਪ ਸੁ ਅਜਪਾ[14] ਜਾਪੈ।
ਸਦਾ ਰਹੈ ਕੰਚਨ ਸੀ ਕਾਯਾਂ, ਕਾਲ ਨ ਕਬਹੂੰ ਬਯਾਪੈ।।੩।।੨

ਰਾਮਕਲੀ ਪਾਤਸ਼ਾਹੀ ੧੦

ਪ੍ਰਾਨੀ, ਪਰਮ-ਪੁਰਖ ਪਗਿ ਲਾਗੋ।
ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ ਸੁਚਿਤ[15] ਹ੍ਵੈ ਜਾਗੋ।।੧।।ਰਹਾਉ
ਔਰਨ ਕਹਾ ਉਪਦੇਸਤ ਹੈ ਪਸੁ, ਤੋਹਿ ਪ੍ਰਬੋਧ[16] ਨ ਲਾਗੋ।

---

1 ਘਰ 2. ਇਸਨਾਨ 3 ਨਹੁੰ 4 ਭਸਮ 5 ਥੋੜ੍ਹਾ 6. ਬਹੁਤ ਥੋੜ੍ਹੀ 7 ਨਿਭਾਓ 8. ਹੋਵੋ 9 ਨਿਆਰੇ 10 ਕੰਠੀ, ਮਾਲਾ 11 ਨਿਯਮਿਤ 12 ਹੈਰਾਨ 13. ਆਕਾਸ 14 ਨਿਰੰਤਰ ਜਾਪ 15 ਸਚੇਤ ਸਾਵਧਾਨ 16 ਉਪਦੇਸ਼

ਸਿੰਚਤ ਕਹਾ ਪਰੇ ਬਿਖਿਯਨ ਕਹ, ਕਬਹੁੰ ਬਿਖੈ ਰਸ ਤਯਾਗੋ।।੧।।
ਕੇਵਲ ਕਰਮ, ਭਰਮ ਸੇ ਚੀਨਹੁ, ਧਰਮ ਕਰਮ ਅਨੁਰਾਗੋ।।
ਸੰਗ੍ਰਹਿ ਕਰੋ ਸਦਾ ਸਿਮਰਨ ਕੋ, ਪਰਮ ਪਾਪ ਤਜਿ ਭਾਗੋ।।੨
ਜਾ ਤੇ ਦੂਖ ਪਾਪ ਨਹਿ ਭੇਟੈ, ਕਾਲ-ਜਾਲ ਤੇ ਤਾਗੋ[17]।
ਜੌ ਸੁਖ ਚਾਹੋ ਸਦਾ ਸਭਨ ਕੌ, ਤੌ ਹਰਿ ਕੇ ਰਸਿ ਪਾਗੋ।।੩।।੩

ਰਾਗ ਸੋਰਠਿ ਪਾਤਸ਼ਾਹੀ ੧੦

ਪ੍ਰਭ ਜੂ ਤੋ ਕਹਿ ਲਾਜ ਹਮਾਰੀ।
ਨੀਲਕੰਠ ਨਰਹਰਿ ਨਾਰਾਇਣ
ਨੀਲ-ਬਸਨ ਬਨਵਾਰੀ।।੧।।ਰਹਾਉ
ਪਰਮ-ਪੁਰਖ[18] ਪਰਮੇਸੁਰ ਸੁਆਮੀ, ਪਾਵਨ ਪਉਨ ਅਹਾਰੀ।
ਮਾਧਵ ਮਹਾ-ਜੋਤਿ ਮਧੁ-ਮਰਦਨ ਮਾਨ ਮੁਕੰਦ[19] ਮੁਰਾਰੀ[20]।।੧
ਨਿਰਬਿਕਾਰ ਨਿਰਜੁਰ[21] ਨਿੰਦ੍ਰਾ ਬਿਨੁ, ਨਿਰਬਿਖ[22] ਨਰਕ-ਨਿਵਾਰੀ।
ਕ੍ਰਿਪਾ ਸਿੰਧੁ ਕਾਲ ਤ੍ਰੈ ਦਰਸੀ, ਕੁਕ੍ਰਿਤ ਪ੍ਰਨਾਸਨਕਾਰੀ।।੨
ਧਨੁਰ ਪਾਨ[23] ਧ੍ਰਿਤਮਾਨ[24] ਧਰਾਧਰ[25], ਅਨਬਿਕਾਰ ਅਸਿਧਾਰੀ[26]।
ਹਉ[27] ਮਤਿਮੰਦ ਚਰਨ ਸਰਨਾਗਤਿ
ਕਰ ਗਹਿ ਲੇਹੁ ਉਬਾਰੀ।।੩।।੧।।੪

ਰਾਗਿ ਕਲਿਆਣ ਪਾਤਸ਼ਾਹੀ ੧੦

ਬਿਨੁ ਕਰਤਾਰ ਨ ਕਿਰਤਮ[28] ਮਾਨੋ।
ਆਦਿ ਅਜੋਨਿ ਅਜੈ ਅਬਿਨਾਸੀ;
ਤਿਹ ਪਰਮੇਸੁਰ ਜਾਨੋ।।੧।।ਰਹਾਉ
ਕਹਾ ਭਯੋ ਜੋ ਆਨਿ ਜਗਤ ਮੈ; ਦਸਕੁ ਅਸੁਰ[29] ਹਰਿ ਘਾਏ।
ਅਧਿਕ ਪ੍ਰਪੰਚ ਦਿਖਾਇ ਸਭਨ ਕੱਹ, ਆਪਹਿ ਬ੍ਰਹਮੁ ਕਹਾਏ।।੧
ਭੰਜਨ ਗੜ੍ਹਨ[30] ਸਮਰੱਥ ਸਦਾ ਪ੍ਰਭੁ; ਸੋ ਕਿਮ ਜਾਤਿ ਗਿਨਾਯੋ।
ਤਾ ਤੇ 'ਸਰਬ ਕਾਲ' ਕੇ ਅਸਿ ਕੋ: ਘਾਇ ਬਚਾਇ ਨ ਆਯੋ।।੨
ਕੈਸੇ ਤੋਹਿ ਤਾਰਿ ਹੈ ਸੁਨਿ ਜੜ੍ਹ[31]; ਆਪ ਡੁਬਯੋ ਭਵ-ਸਾਗਰਿ।
ਛੁਟਿ ਹੋ ਕਾਲ ਫਾਸ ਤੇ ਤਬਹੀ;
ਗਹੋ ਸਰਨਿ ਜਗਤਾਗਰ[32]।।੩।।੧।।੫

ਰਾਗਿ ਤਿਲੰਗ, ਕਾਫੀ ਪਾਤਸ਼ਾਹੀ ੧੦

ਕੇਵਲ ਕਾਲਈ ਕਰਤਾਰ।
ਆਦਿ ਅੰਤਿ ਅਨੰਤ ਮੂਰਤਿ, ਗੜ੍ਹਨ ਭੰਜਨ ਹਾਰ।।੧।।ਰਹਾਉ

---

17 ਮੁਕਾਬਲਾ ਕਰ ਸਕੇ 18 ਪਰਸਾ ਵਿਚੋਂ ਉੱਤਮ, ਪਰਮਾਤਮਾ 19 ਮੁਕਤੀ ਦਾਤਾ 20 ਮੁਰਾ ਦੈਂਤ ਦਾ ਵੈਰੀ, ਕ੍ਰਿਸਨ 21 ਤਾਪ ਰਹਿਤ 22 ਵਿਸ ਰਹਿਤ 23 ਜਿਸਦੇ ਹੱਥ ਵਿਚ ਧਨੁਖ ਹੈ 24 ਧੀਰਜ ਵਾਲਾ 25 ਪ੍ਰਿਥਵੀ ਦਾ ਆਸਰਾ 26 ਖੜਗਧਾਰੀ 27 ਮੈਂ 28 ਕੀਤੇ ਹੋਏ 29 ਦਸ ਕੁ ਦੈਂਤ 30 ਘੜਨ 31 ਮੂਰਖ 32 ਜਗਤ ਦਾ ਆਗਾ

ਨਿੰਦ ਉਸਤਤਿ ਜਉਨ ਕੇ ਸਮ. ਸਤ੍ਰ ਮਿਤ੍ਰ ਨ ਕੋਇ।
ਕਉਨ ਬਾਟ ਪਰੀ ਤਿਸੈ, ਪਥ ਸਾਰਥੀ ਰਥ ਹੋਇ।।੧
ਤਾਤ ਮਾਤ ਨ ਜਾਤਿ ਜਾਕਰ, ਪੁਤ੍ਰ ਪੌਤ੍ਰ ਮੁਕੰਦ।
ਕਉਨ ਕਾਜ ਕਹਾਹਗੇ ਤੇ, ਆਨਿ ਦੇਵਕਿ-ਨੰਦ[33]।।੨
ਦੇਵ ਦੈਤ ਦਿਸਾ ਵਿਸਾ, ਜਿਹ ਕੀਨ ਸਰਬ ਪਸਾਰ।
ਕਉਨ ਉਪਮਾ ਤੌਨ ਕੌ[34], ਮੁਖਿ ਲੇਤ ਨਾਮੁ 'ਮੁਰਾਰਿ'।।੩।।੧।।੬

ਰਾਗਿ ਬਿਲਾਵਲੁ ਪਾਤਸ਼ਾਹੀ ੧੦

ਸੋ ਕਿਮ ਮਾਨਸ ਰੂਪ ਕਹਾਏ।
ਸਿੱਧ ਸਮਾਧਿ ਸਾਧ ਕਰ ਹਾਰੇ,
ਕਯੂ[35] ਹੂੰ ਨ ਦੇਖਨ ਪਾਏ।।੧।ਰਹਾਉ
ਨਾਰਦ ਬਿਆਸ ਪਰਾਸਰ ਧ੍ਰਅ ਸੇ, ਧਿਆਵਤ ਧਿਆਨ ਲਗਾਏ।
ਬੇਦ ਪੁਰਾਨ ਹਾਰਿ ਹਠ ਛਾਡਿਓ, ਤਦਪਿ[36] ਧਿਆਨ ਨ ਆਏ।।੧
ਦਾਨਵ[37] ਦੇਵ ਪਿਸਾਚ ਪ੍ਰੇਤ ਤੇ, ਨੇਤਹ[38] ਨੇਤ ਕਹਾਏ,
ਸੂਛਮ ਤੇ ਸੂਛਮ ਕਰ ਚੀਨੇ, ਬ੍ਰਿਧਨ ਬ੍ਰਿਧ ਬਤਾਏ।।੨
ਭੂਮਿ ਅਕਾਸ ਪਤਾਲ ਸਭੈ ਸਜਿ[39], ਏਕ ਅਨੇਕ ਸਦਾਏ।
ਸੋ ਨਰ ਕਾਲ-ਫਾਸ ਤੇ ਬਾਚੇ, ਜੋ ਹਰਿ ਸਰਣਿ ਸਿਧਾਏ।।੩।।੧।।੭

ਰਾਗਿ ਦੇਵਗੰਧਾਰੀ ਪਾਤਸ਼ਾਹੀ ੧੦

ਇਕ ਬਿਨ ਦੂਸਰ ਸੋ ਨ ਚਿਨ੍ਹਾਰ
ਭੰਜਨ ਗੜ੍ਹਨ ਸਮਰੱਥ ਸਦਾ ਪ੍ਰਭ,
ਜਾਨਤ[40] ਹੈ ਕਰਤਾਰ[41]।।੧।ਰਹਾਉ
ਕਹਾ[42] ਭਇਓ ਜੋ ਅਤਿ ਹਿਤ ਚਿਤਿ ਕਰਿ,
ਬਹੁ ਬਿਧਿ ਸਿਲਾ[43] ਪੁਜਾਈ।।
ਪਾਨ[44] ਥਕਿਓ ਪਾਹਨ[45] ਕਹ ਪਰਸਤ[46],
ਕਛੁ ਕਰਿ ਸਿੱਧ ਨ ਆਈ।।੧
ਅੱਛਤ[47] ਧੂਪ ਦੀਪ ਅਰਪਤ ਹੈ, ਪਾਹਨ ਕਛੂ ਨ ਖੈ ਹੈ[48]।
ਤਾਂ ਮੈ ਕਹਾ ਸਿਧਿ ਹੈ ਰੇ ਜੜ੍ਹ, ਤੋਹਿ ਕਛੂ ਬਰੁ ਦੈ ਹੈ।।੨
ਜੋ ਜਿਯ ਹੋਤ ਤੋ ਦੇਤ ਕਛੁ ਤੁਹਿ, ਮਨ ਬਚ ਕਰਮ ਬਿਚਾਰੁ।
ਕੇਵਲ ਏਕ ਸਰਣਿ ਸੁਆਮੀ ਬਿਨੁ,
ਯੋਂ ਨਹਿ ਕਤਹਿ ਉਧਾਰ[49]।।੩।।੧।।੮

33 ਦੇਵਕੀ ਦਾ ਪੁੱਤਰ 34 ਉਸਦੀ 35 ਕਿਸੇ ਤਰ੍ਹਾਂ ਵੀ 36 ਤਾਂ ਵੀ 37 ਰਾਖਸ਼ 38 ਬੇਅੰਤ 39 ਸਾਜ ਕੇ 40 ਜਾਣਿਆ ਜਾਂਦਾ ਹੈ 41 ਕਰਤਾ 42 ਕੀ ਹੋਇਆ 43 ਪੱਥਰ ਦੀ ਮੂਰਤ 44 ਹੱਥ 45 ਪੱਥਰ 46 ਛੋਂਹਦਿਆਂ 47 ਸਾਬਤ ਚੌਲ 48 ਨਹੀਂ ਖਾਂਦਾ 49 ਨਹੀਂ ਬਚ ਸਕਦਾ

ਰਾਗਿ ਦੇਵਗੰਧਾਰੀ ਪਾਤਸ਼ਾਹੀ ੧੦

ਬਿਨੁ ਹਰਿ ਨਾਮ ਨ ਬਾਚਨ ਪੈ ਹੈ।
ਚੌਦਹ ਲੋਕ ਜਾਹਿ ਬਸਿ ਕੀਨੇ, ਤਾ ਤੇ ਕਹਾ ਪਲੈ ਹੈ।।੧।ਰਹਾਉ
ਰਾਮ ਰਹੀਮ ਉਬਾਰ ਨ ਸਕ ਹੈਂ, ਜਾ ਕਰ ਨਾਮ ਰਟੈ ਹੈਂ।
ਬ੍ਰਹਮਾ ਬਿਸਨੁ ਰੁਦ੍ਰ ਸੂਰਜ ਸਸਿ, ਤੇ ਬਸਿ ਕਾਲ ਸਬੈ ਹੈਂ।।੧
ਬੇਦ ਪੁਰਾਨ ਕੁਰਾਨ ਸਬੈ ਮਤ, ਜਾ ਕਰ ਨੇਤਿ ਕਹੈ ਹੈਂ।।੧।।
ਇੰਦ੍ਰ ਫਨਿੰਦ੍ਰ ਮੁਨਿੰਦ੍ਰ ਕਲਪ[50] ਬਹੁ,
ਧਿਆਵਤ ਧਿਆਨ ਨ ਐ ਹੈਂ।।੨
ਜਾ ਕਰ ਰੂਪ ਰੰਗ ਨਹਿ ਜਾਨਿਯਤਿ[51], ਸੋ ਕਿਮਿ ਸਯਾਮ ਕਹੈ ਹੈਂ।
ਛੁਟਹੋ ਕਾਲ-ਜਾਲ ਤੇ ਤਬ ਹੀ,
ਤਾਹਿ ਚਰਨਿ[52] ਲਪਟੈ ਹੈਂ।।੩।।੧।।੯

ਖਯਾਲ। ਪਾਤਸ਼ਾਹੀ ੧੦

ਮਿੱਤ੍ਰ ਪਿਆਰੇ ਨੂੰ ਹਾਲੁ ਮੁਰੀਦਾ ਦਾ ਕਹਣਾ।।
ਤੁਧੁ ਬਿਨੁ ਰੋਗੁ ਰਜਾਇਯਾਂ ਦਾ ਓਢਣੁ ਨਾਗ ਨਿਵਾਸਾਂ ਦਾ ਰਹਣਾ।।
ਸੂਲ ਸੁਰਾਹੀ ਖੰਜਰ[53] ਪਿਯਾਲਾ ਬਿੰਗੁ ਕਸਾਇਯਾਂ ਦਾ ਸਹਣਾ।।
ਯਾਰੜੇ ਦਾ ਸਾਨੂੰ ਸੱਥਰੁ[54] ਚੰਗਾ ਭੱਠ ਖੇੜਿਆਂ ਦਾ ਰਹਣਾ।।੪।।੫੫।।

---

50. ਕਈ ਜੁੱਗ 51. ਜਾਣਿਆ ਜਾਂਦਾ 52. ਚਰਨੀ ਲਗਦੇ ਹਨ 53. ਛੁਰਾ 54. ਭੁੰਜੇ ਸੌਣਾ

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

5. ਸਵੱਯੇ

ਸ੍ਰੀ ਮੁਖ ਵਾਕ ਪਾਤਿਸ਼ਾਹੀ ੧੦

ਜਾਗਜ ਜੋਤਿ ਜਪੈ ਨਿਸਬਾਸੁਰ[1] ਏਕ ਬਿਨਾ ਮਨ ਨੈਕ[2] ਨ ਆਨੈ।
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ[3] ਮੜੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥੧
ਸੱਤਿ ਸਦੈਵ ਸਰੂਪ ਸਤੱਬ੍ਰਤ, ਆਦਿ ਅਨਾਦਿ ਅਗਾਧ ਅਜੈ ਹੈ।
ਦਾਨ ਦਯਾ ਦਮ ਸੰਜਮ ਨੇਮ, ਜਤੱਬ੍ਰਤ[4] ਸੀਲ ਸੁਬ੍ਰਿਤ[5] ਅਬੈ ਹੈ।
ਆਦਿ ਅਨੀਲ ਅਨਾਦਿ ਅਨਾਹਦ, ਆਪਿ ਅਦ੍ਵੈਖ ਅਭੇਖ ਅਭੈ ਹੈ॥
ਰੂਪ ਅਰੂਪ ਅਰੇਖ ਜਰਾਰਦਨ, ਦੀਨ ਦਯਾਲ ਕ੍ਰਿਪਾਲ ਭਏ ਹੈ॥੨
ਆਦਿ ਅਦ੍ਵੈਖ ਅਵੇਖ ਮਹਾਂ ਪ੍ਰਭ, ਸੱਤਿ ਸਰੂਪ ਸੁ ਜੋਤਿ ਪ੍ਰਕਾਸੀ॥
ਪੂਰ ਰਹਯੋ ਸਭ ਹੀ ਘਟ ਕੈ ਪਤ, ਤੱਤ ਸਮਾਧਿ ਸੁਭਾਵ ਪ੍ਰਨਾਸੀ॥
ਆਦਿ ਜੁਗਾਦਿ ਜਗਾਦਿ ਤੁਹੀਂ ਪ੍ਰਭ, ਫੈਲ ਰਹਯੋ ਸਭ ਅੰਤਰਿ ਬਾਸੀ[6]॥
ਦੀਨ ਦਯਾਲ ਕ੍ਰਿਪਾਲ ਕ੍ਰਿਪਾਕਰ, ਆਦਿ ਅਜੋਨ[7] ਅਜੈ ਅਬਿਨਾਸੀ॥੩
ਆਦਿ ਅਭੇਖ ਅਛੇਦ ਸਦਾ ਪ੍ਰਭ, ਬੇਦ ਕਤੇਬਨਿ ਭੇਦੁ ਨ ਪਾਯੋ।
ਦੀਨ ਦਯਾਲ ਕ੍ਰਿਪਾਲ ਕ੍ਰਿਪਾਨਿਧਿ, ਸੱਤਿ ਸਦੈਵ ਸਭੈ ਘਟ ਛਾਯੋ।
ਸੇਸ ਸੁਰੇਸ ਗਣੇਸ ਮਹੇਸੁਰ, ਗਾਹਿ ਫਿਰੈ ਮ੍ਰਿਤਿ ਥਾਹ ਨ ਆਯੋ।
ਰੇ ਮਨ ਮੂੜ੍ਹ ਅਗੂੜ੍ਹ ਇਸੋ ਪ੍ਰਭ, ਤੈਂ ਕਿਹਿ ਕਾਜਿ ਕਹੋ ਬਿਸਰਾਯੋ॥੪
ਅੱਚੁਤ ਆਦਿ ਅਨੀਲ ਅਨਾਹਦ, ਸੱਤ ਸਰੂਪ ਸਦੈਵ ਬਖਾਨੇ॥
ਆਦਿ ਅਜੋਨਿ ਅਜਾਇ ਜਹਾਂ[8] ਬਿਨੁ, ਪਰਮ ਪੁਨੀਤ ਪਰੰਪਰ[9] ਮਾਨੇ।
ਸਿੱਧ ਸੁਯੰਭੁ[10] ਪ੍ਰਸਿੱਧ ਸਬੈ ਜਗ, ਏਕ ਹੀ ਠੌਰ ਅਨੇਕ ਬਖਾਨੇ।
ਰੇ ਮਨ ਰੰਕ ਕਲੰਕ ਬਿਨਾ ਹਰਿ, ਤੈਂ ਕਿਹਿ ਕਾਰਣ ਤੇ ਨ ਪਹਿਚਾਨੇ॥੫
ਅੱਛਰ ਆਦਿ ਅਨੀਲ ਅਨਾਹਦ, ਸੱਤ ਸਦੈਵ ਤੁਹੀਂ ਕਰਤਾਰਾ॥
ਜੀਵ ਜਿਤੇ ਜਲ ਮੈ ਥਲ ਮੈ, ਸਭ ਕੈ ਸਦ ਪੇਟ ਕੌ ਪੋਖਨ ਹਾਰਾ[11]॥
ਬੇਦ ਪੁਰਾਨ ਕੁਰਾਨ ਦੁਹੂੰ ਮਿਲਿ, ਭਾਂਤਿ ਅਨੇਕ ਬਿਚਾਰ ਬਿਚਾਰਾ॥

---

1. ਰਾਤ ਦਿਨ 2. ਥੋੜ੍ਹਾ ਜਿਹਾ 3. ਕਬਰ 4. ਇੰਦ੍ਰੀਆਂ ਨੂੰ ਕਾਬੂ ਕਰਨਾ 5. ਨੇਕ ਸੁਭਾਉ 6. ਅੰਦਰ ਵਸਿਆ ਹੋਇਆ 7. ਜਨਮ ਰਹਿਤ 8. ਬੁਢਾਪੇ ਤੋਂ ਰਹਿਤ 9. ਪਰੇ ਤੋਂ ਪਰੇ 10. ਆਪਣੇ ਆਪ ਤੋਂ ਪਰਕਾਸ਼ ਹੋਇਆ 11. ਪਾਲਣ ਵਾਲਾ

ਔਰ ਜਹਾਨ ਨਿਦਾਨ[12] ਕਛੂ ਨਹਿ, ਏ ਸੁਬਹਾਨ[13] ਤੂਹੀ ਸਿਰਦਾਰਾ ॥੬
ਆਦਿ ਅਗਾਧਿ ਅਛੇਦ ਅਭੇਦ, ਅਲੇਖ ਅਜੇਅ ਅਨਾਹਦ ਜਾਨਾਂ।
ਭੂਤ ਭਵਿੱਖ ਭਵਾਨ ਤੁਹੀਂ, ਸਭਹੂੰ ਸਬ ਠੌਰਨ ਮੋ ਅਨੁਮਾਨਾ[14] ॥
ਦੇਵ ਅਦੇਵ ਮਣੀਧਰ[15] ਨਾਰਦ, ਸਾਰਦ[16] ਸੱਤਿ ਸਦੇਵ ਪਛਾਨਾ ॥
ਦੀਨ ਦਯਾਲ ਕ੍ਰਿਪਾਲ ਕ੍ਰਿਪਾਨਿਧਿ ਕੋ,
ਕਛ ਭੇਦ ਪੁਰਾਨ ਕੁਰਾਨ ਨ ਜਾਨਾ ॥੭
ਸੱਤਿ ਸਦੈਵ ਸਰੂਪ ਸਦਾਬ੍ਰਤ[17], ਬੇਦ ਕਤੇਬ ਤੁਹੀਂ ਉਪਜਾਯੋ।
ਦੇਵ ਅਦੇਵਨ ਦੇਵ ਮਹੀਧਰ, ਭੂਤ ਭਵਾਨ ਵਹੀ ਠਹਰਾਯੋ।
ਆਦਿ ਜੁਗਾਦਿ ਅਨੀਲ ਅਨਾਹਦ, ਲੋਕ ਅਲੋਕ ਬਿਲੋਕਨ ਪਾਯੋ।
ਰੇ ਮਨ ਮੂੜ੍ਹ ਅਗੂੜ੍ਹ ਇਸੋ ਪ੍ਰਭ,
ਤੋਹਿ ਕਹੋ ਕਿਹਿ ਆਨ ਸੁਨਾਯੋ ॥੮
ਦੇਵ ਅਦੇਵ ਮਹੀਧਰ ਨਾਗਨ, ਸਿੱਧ ਪ੍ਰਸਿੱਧ ਬਡੋ ਤਪੁ ਕੀਨੋ।
ਬੇਦ ਪੁਰਾਨ ਕੁਰਾਨ ਸਬੈ, ਗੁਨ ਗਾਇ ਥਕੇ ਪੈਤੋ ਜਾਇ ਨ ਚੀਨੋ।

ਭੂਮਿ ਅਕਾਸ ਪਤਾਰ[18] ਦਿਸਾ ਬਿਦਿਸਾ,
ਜਿਹਿ ਸੋ ਸਬ ਕੇ ਚਿਤ ਚੀਨੋ।
ਪੂਰ ਰਹੀ ਮਹਿ[19] ਮੋ ਮਹਿਮਾ ਮਾਨ ਮੈ,
ਤਿਨਿ ਆਨਿ ਮੁਝੇ ਕਹਿ ਦੀਨੋ ॥੮

ਬੇਦ ਕਤੇਬ ਨ ਭੇਦ ਲਹਯੋ ਤਿਹਿ, ਸਿੱਧ ਸਮਾਧਿ ਸਬੈ ਕਰਿ ਹਾਰੇ ॥
ਸਿੰਮ੍ਰਿਤ ਸਾਸਤ੍ਰ ਬੇਦ ਸਬੈ, ਬਹੁ ਭਾਂਤਿ ਪੁਰਾਨ ਬੀਚਾਰ ਬੀਚਾਰੇ।
ਆਦਿ ਅਨਾਦਿ ਅਗਾਧਿ ਕਥਾ, ਧ੍ਰੂਅ ਸੇ ਪ੍ਰਹਿਲਾਦਿ ਅਜਾਮਲ ਤਾਰੇ।
ਨਾਮੁ ਉਚਾਰ ਤਰੀ ਗਨਿਕਾ, ਸੋਈ ਨਾਮੁ ਅਧਾਰ ਬੀਚਾਰ ਹਮਾਰੇ ।੯
ਆਦਿ ਅਨਾਦਿ ਅਗਾਧਿ ਸਦਾ ਪ੍ਰਭ, ਸਿੱਧ ਸ੍ਰੂਪ ਸਬੋ ਪਹਿਚਾਨਯੋ ॥
ਗੰਧ੍ਰਬ ਜਛ ਮਹੀਧਰ ਨਾਗਨ, ਭੂਮਿ ਅਕਾਸ ਚਹੂੰ ਚਕ ਜਾਨਯੋ।
ਲੋਕ ਅਲੋਕ ਦਿਸਾ ਬਿਦਿਸਾ, ਅਰੁ ਦੇਵ ਅਦੇਵ ਦੁਹੂੰ ਪ੍ਰਭ ਮਾਨਯੋ।

ਚਿੱਤ ਅਗਯਾਨ ਸੁਜਾਨ ਸੁਯੰਭਵ,
ਕੌਨ ਕੀ ਕਾਨਿ ਨਿਦਾਨ ਭੁਲਾਨਯੋ ॥੧੦

ਕਾਹੂ ਲੈ ਠੋਕਿ ਬਧੇ ਉਰਿ ਠਾਕੁਰ, ਕਾਹੂੰ ਮਹੇਸ[20] ਕੌ ਏਸ[21] ਬਖਾਨਯੋ।
ਕਾਹੂ ਕਹਿਯੋ ਹਰਿ ਮੰਦਰ ਮੈ, ਹਰਿ ਕਾਹੂ ਮਸੀਤ ਕੈ ਬੀਚ ਪ੍ਰਮਾਨਯੋ
ਕਾਹੂੰ ਨੇ 'ਰਾਮ' ਕਹਯੋ 'ਕ੍ਰਿਸਨਾ' ਕਹੁ, ਕਾਹੂੰ ਮਨੈ ਅਵਤਾਰਨ ਮਾਨਯੋ।

ਫੋਕਟ ਧਰਮ ਬਿਸਾਰ ਸਬੈ,
ਕਰਤਾਰ ਹੀ ਕਉ ਕਰਤਾ ਜੀਅ ਜਾਨਯੋ ॥੧੧

ਜੌ ਕਹੋ 'ਰਾਮ' ਅਜੋਨਿ ਅਜੈ ਅਤਿ,
ਕਾਹੇ ਕੋ ਕੌਸਲਿ ਕੁੱਖ ਜਯੋ ਜੂ ॥
ਕਾਲ ਹੂੰ ਕਾਲ ਕਹੋ ਜਿਹਿ ਕੋ,
ਕਿਹਿ ਕਾਰਣ ਕਾਲ ਤੇ ਦੀਨ ਭਯੋ ਜੂ।

---

12. ਅੰਤ ਨੂੰ, ਓੜਕ 13. ਪਵਿਤਰ ਰੂਪ ਆਤਮਾ 14. ਮਨ ਮੰਨਦਾ ਹੈ 15. ਸ਼ੇਸ਼ਨਾਗ 16. ਸਰਸਵਤੀ 17. ਵੇਖਦੇ ਹਨ 18 ਪਾਤਾਲ 19. ਧਰਤੀ 20. ਸ਼ਿਵ ਜੀ 21. ਈਸ਼ਵਰ

ਸੱਤਿ ਸਰੂਪ ਬਿਬੈਰ ਕਹਾਇ ਸੁ, ਕਯੋਂ ਪਥ ਕੋ ਰਥ ਹਾਂਕਿ ਧਯੋ ਜੂ।
ਤਾਂ ਹੀ ਕੋ ਮਾਨਿ ਪ੍ਰਭੁ ਕਰਿ ਕੈ,
ਜਿਹ ਕੋ ਕੋਊ ਭੇਦੁ ਨ ਲੇ ਨ ਲਯੋ ਜੂ।।੧੨
ਕਯੋ ਕਹੋ 'ਕ੍ਰਿਸਨ' ਕ੍ਰਿਪਾ ਨਿਧਿ ਹੈ,
ਕਿਹ ਕਾਜ ਤੇ ਬੱਧਕ ਬਾਣੁ ਲਗਾਯੋ।।
ਅਉਰ ਕੁਲੀਨ ਉਧਾਰਤ ਜੋ, ਜਿਹ ਤੇ ਅਪਨੋ ਕੁਲਿ ਨਾਸੁ ਕਰਾਯੋ।
ਆਦਿ ਅਜੋਨਿ ਕਹਾਇ ਕਿਹੋ ਕਿਮ, ਦੇਵਕਿ ਕੇ ਜਠਰੰਤਰ ਆਯੋ।
ਤਾਤ ਨ ਮਾਤ ਕਹੈ ਜਿਹ ਕੋ,
ਤਿਹ ਕਯੋ ਬਸੁਦੇਵਹਿ[22] ਬਾਪੁ ਕਹਾਯੋ।।੧੩
ਕਾਹੇ ਕੋ ਏਸ ਮਹੇਸਹਿ ਭਾਖਤ[23], ਕਾਹਿ ਦਿਜੇਸ ਕੋ ਏਸ ਬਖਾਨਯੋ।
ਹੈ ਨ ਰਘ੍ਵੇਸ ਜਦ੍ਵੇਸ ਰਮਾਪਤਿ, ਤੈ ਜਿਨ ਕੋ ਬਿਸੁਨਾਥ[24] ਪਛਾਨਯੋ।
ਏਕ ਕੋ ਛਾਡਿ ਅਨੇਕ ਭਜੈਂ, ਸੁਕ ਦੇਵ ਪਰਾਸਰ ਬਯਾਸ ਝੁਠਾਨਯੋ।
ਫੋਕਟ ਧਰਮ ਸਜੇ ਸਬ ਹੀ,
ਹਮ ਏਕ ਹੀ ਕੋ ਬਿਧਿ ਨੇਕ ਪ੍ਰਮਾਨਯੋ।।੧੪
ਕੋਊ ਦਿਜੇਸ ਕੋ ਮਾਨਤ ਹੈ, ਅਰੁ ਕੋਊ ਮਹੇਸ ਕੋ ਏਸ ਬਤੈ ਹੈਂ।।
ਕੋਊ ਕਹੈ ਬਿਸਨੋ ਬਿਸੁਨਾਇਕ, ਜਾਹਿ ਭਜੇ ਅਘ ਓਘ ਕਟੈ ਹੈਂ।।
ਬਾਰ ਹਜਾਰ ਬਿਚਾਰ ਅਰੇ ਜੜ੍ਹ, ਅੰਤ ਸਮੇਂ ਸਬ ਹੀ ਤਜਿ ਜੈ ਹੈਂ।।
ਤਾਂ ਹੀ ਕੋ ਧਯਾਨ ਪ੍ਰਮਾਨਿ ਹੀਏ,
ਜੋਊ ਥੇ, ਅਬ ਹੈਂ ਅਰ ਆਗੈ ਊ ਹ੍ਵੈ ਹੈਂ।।੧੫
ਕੋਟਕ[25] ਇੰਦ੍ਰ ਕਰੇ ਜਿਹ ਕੇ, ਕਈ ਕੋਟਿ ਉਪਿੰਦ੍ਰ ਬਨਾਇ ਖਪਾਯੋ।
ਦਾਨਵ ਦੇਵ ਫਨਿੰਦ੍ਰ[26] ਧਰਾਧਰ, ਪੱਛ ਪਸੂ[27] ਨਹਿ ਜਾਤ ਗਨਾਯੋ।
ਆਜ ਅਗੇ ਤਪੁ ਸਾਧਤ ਹੈਂ, ਸਿਵ ਊ ਬ੍ਰਹਮਾ ਕਛੁ ਪਾਰ ਨ ਪਾਯੋ।
ਬੇਦ ਕਤੇਬ ਨ ਭੇਦ ਲਖਯੋ[28] ਜਿਹ,
ਸੋਊ 'ਗੁਰੂ' ਗੁਰ ਮੋਹਿ ਬਤਾਯੋ।।੧੬
ਧਯਾਨ ਲਗਾਇ ਠਗਿਓ ਸਬ ਲੋਗਨ,
ਸੀਸ ਜਟਾ ਨਖ ਹਾਥਿ ਬਢਾਏ।
ਲਾਇ ਬਿਭੂਤ ਫਿਰਯੋ ਮੁਖ ਊਪਰਿ, ਦੇਵ ਅਦੇਵ ਸਬੈ ਡਹਕਾਏ[29]।
ਲੋਭ ਕੇ ਲਾਗੇ ਫਿਰਯੋ ਘਰ ਹੀ ਘਰਿ,
ਜੋਗ ਕੇ ਨਯਾਸ[30] ਸਬੈ ਬਿਸਰਾਏ।
ਲਾਜ ਗਈ ਕਛੁ ਕਾਜੁ ਸਰਯੋ ਨਹਿ,
ਪ੍ਰੇਮ ਬਿਨਾ ਪ੍ਰਭ ਪਾਨਿ[31] ਨ ਆਏ।।੧੭
ਕਾਹੇ ਕਉ ਭਿੰਡ[32] ਕਰੈ ਮਨ ਮੂਰਖ,
ਭਿੰਡ ਕਰੇ ਅਪੁਨੀ ਪਤਿ ਖ੍ਵੈ ਹੈਂ।
ਕਾਹੇ ਕਉ ਲੋਗ ਠਗੇ ਠਗ ਲੋਗਨਿ,

22. ਵਸੁਦੇਵ, ਕ੍ਰਿਸ਼ਨ ਦਾ ਪਿਤਾ 23. ਦੱਸਦਾ (ਹੈ) 24. ਵਿਸ਼ਵ ਦਾ ਨਾਇਕ 25. ਕ੍ਰੋੜਾਂ 26. ਨਾਗ ਤੇ ਸ਼ੇਸ਼ਨਾਗ 27. ਪੰਛੀ ਤੇ ਪਸ਼ੂ 28. ਜਾਣਿਆ 29. ਭਟਕਾਏ 30. ਸਾਧਨ 31. ਹੱਥ ਨਹੀਂ ਆਉਂਦਾ 32. ਪਾਖੰਡ

ਲੋਗ ਗਯੋ ਪਰਲੋਗ ਗਵੈ[33] ਹੈਂ।
ਦੀਨ ਦਯਾਲ ਕੀ ਠੌਰ ਜਹਾਂ,
ਤਿਹਿ ਠੌਰ ਬਿਖੈ ਤੁਹਿ ਠੌਰ ਨ ਹ੍ਵੈ ਹੈਂ।
ਚੇਤ ਰੇ ਚੇਤ ਅਚੇਤ ਮਹਾਂ ਜੜ੍ਹ,
ਭੇਖ ਕੇ ਕੀਨੇ ਅਲੇਖ ਨ ਪੈ ਹੈਂ।੧੮
ਕਾਹੇ ਕਉ ਪੂਜਤ ਪਾਹਨ[34] ਕਉ,
ਕਛੁ, ਪਾਹਨ ਮੈਂ ਪਰਮੇਸਰ ਨਾਹੀਂ।
ਤਾ ਹੀ ਕੋ ਪੂਜ ਪ੍ਰਭੂ ਕਰਿ ਕੇ,
ਜਿਹ ਪੂਜਤ ਹੀ ਅਘ[35] ਓਘ ਮਿਟਾਹੀ।
ਆਧਿ ਬਿਆਧਿ ਕੇ ਬੰਧਨ ਜੇਤਕ, ਨਾਮ ਕੇ ਲੇਤ ਸਬੈ ਛੁਟਿ ਜਾਹੀ।
ਤਾ ਹੀ ਕੋ ਧਯਾਨੁ ਪ੍ਰਮਾਨੋ ਸਦਾ,
ਇਨ ਫੋਕਟ ਧਰਮ ਕਰੇ ਫਲੁ ਨਾਹੀਂ।।੧੯
ਫੋਕਟ ਧਰਮ ਭਯੋ ਫਲ ਹੀਨ, ਜੁ ਪੂਜ ਸਿਲਾ ਜੁਗਿ ਕੋਟਿ ਗਵਾਈ।
ਸਿੱਧਿ ਕਹਾ ਸਿਲ[36] ਕੇ ਪਰਸੈ[37],
ਬਲੁ ਬ੍ਰਿਧ ਘਟੀ ਨਵ ਨਿੱਧਿ ਨ ਪਾਈ।
ਆਜੁ ਹੀ ਆਜੁ ਸਮੋ ਜੁ ਬਿਤਯੋ,
ਨਹਿ ਕਾਜਿ ਸਰਯੋ ਕਛੁ ਲਾਜਿ ਨ ਆਈ।
ਸ੍ਰੀ ਭਗਵੰਤ ਭਜਯੋ ਨ ਅਰੇ ਜੜ੍ਹ,
ਐਸੇ ਹੀ ਐਸੇ ਸੁ ਬੈਸ[38] ਗਵਾਈ।।੨੦
ਜੋ ਜੁਗ ਤੈ ਕਰ ਹੈ ਤਪਸਾ, ਕੁਝ ਤੋਹਿ ਪ੍ਰਸੰਨੁ ਨ ਪਾਹਨ ਕੈ ਹੈ।
ਹਾਥਿ ਉਠਾਇ ਭਲੀ ਬਿਧਿ ਸੋਂ,
ਜੜ ਤੋਹਿ ਕਛੂ ਬਰਦਾਨੁ ਨ ਦੈ ਹੈ।
ਕਉਨ ਭਰੋਸੇ ਭਯਾ ਇਹ ਕੋ,
ਕਹੁੰ ਭੀਰ ਪਰੀ ਨਹਿ ਆਨਿ ਬਚੈ ਹੈ।
ਜਾਨੁ ਰੇ ਜਾਨੁ ਅਜਾਨ ਹਠੀ,
ਇਹ ਫੋਕਟ ਧਰਮ ਸੁ ਭਰਮ ਗਵੈ ਹੈ।।੨੧
ਜਾਲ ਬਧੇ ਸਬ ਹੀ ਮ੍ਰਿਤ ਕੇ,
ਕੋਊ 'ਰਾਮ' 'ਰਸੂਲ' ਨ ਬਾਚਨ ਪਾਏ।
ਦਾਨਵ ਦੇਵ ਫਨਿੰਦ ਧਰਾਧਰ, ਭੂਤ ਭਵਿੱਖ ਉਪਾਇ ਮਿਟਾਏ।
ਅੰਤ ਮਰੇ ਪਛੁਤਾਇ ਪ੍ਰਿਥੀ ਪਰਿ,
ਜੇ[39] ਜਗ ਮੈ ਅਵਤਾਰ ਕਹਾਏ।
ਰੇ ਮਨ ਲੈਲ[40] ਇਕੇਲ ਹੀ ਕਾਲ ਕੇ,
ਲਾਗਤ ਕਾਹਿ ਨ ਪਾਇਨ, ਧਾਏ।।੨੨
ਕਾਲ ਹੀ ਪਾਇ[41] ਭਇਓ ਬ੍ਰਹਮਾ,

---

33 ਗੁਆਉਂਦਾ ਹੈ 34 ਪੱਥਰ 35 ਪਾਪ 36 ਪੱਥਰ 37 ਛੂਹਣ ਨਾਲ 38 ਆਯੂ ਉਮਰ 39 ਜਿਹੜੇ
40 ਬਦਨਸੀਬ 41 ਸਮਾ ਪਾ ਕੇ

ਗਹਿ ਦੰਡ ਕਮੰਡਲ[42] ਭੂਮਿ ਭ੍ਰਮਾਨਯੋ ।
ਕਾਲ ਹੀ ਪਾਇ ਸਦਾ ਸਿਵ ਜੂ,
ਸਭ ਦੇਸ ਬਦੇਸ ਭਇਆ ਹਮ ਜਾਨਯੋ ।।
ਕਾਲ ਹੀ ਪਾਇ ਭਯੋ ਮਿਟ ਗਯੋ ਜਗ,
ਯਾਂ ਹੀ ਤੇ ਤਾਹਿ' ਸਭੋ ਪਹਿਚਾਨਯੋ ।
ਬੇਦ ਕਤੇਬ ਕੇ ਭੇਦ[43] ਸਬੈ ਤਜਿ,
ਕੇਵਲ ਕਾਲ ਕ੍ਰਿਪਾਨਿਧਿ ਮਾਨਯੋ ।।੨੩
ਕਾਲ ਗਯੋ ਇਨ ਕਾਮਨ ਸਿਉਂ ਜੜ੍ਹ,
ਕਾਲ ਕ੍ਰਿਪਾਲ ਹੀਐ ਨ ਚਿਤਾਰਯੋ ।
ਲਾਜ ਕੌ ਛਾਡਿ ਨ੍ਰਿਲਾਜ ਅਰੇ ਤਜਿ,
ਕਾਲਿ ਅਕਾਜ ਕੇ ਕਾਜ ਸਵਾਰਯੋ ।
ਬਾਜ[44] ਬਨੇ ਗਜਰਾਜ ਬਡੇ,
ਖਰ[45] ਕੋ ਚੜ੍ਹਿਬੋ ਚਿਤ ਬੀਚ ਬਿਚਾਰਯੋ ।
ਸ੍ਰੀ ਭਗਵੰਤ ਭਜਯੋ ਨ ਅਰੇ ਜੜ੍ਹ,
ਲਾਜ ਹੀ ਲਾਜ ਤੈ ਕਾਜੁ ਬਿਗਾਰਯੋ ।੨੪
ਬੇਦ ਕਤੇਬ ਪੜ੍ਹੇ ਬਹੁਤੇ ਦਿਨ,
ਭੇਦ ਕਛੂ ਤਿਨ ਕੋ ਨਹਿ ਪਾਯੋ ।
ਪੂਜਤ ਠੌਰ ਅਨੇਕ ਫਿਰਯੋ,
ਪਰ ਏਕ ਕਬੈ ਹੀਯ ਮੈ ਨ ਬਸਾਯੋ ।।
ਪਾਹਨ ਕੋ ਅਸਥਾਲਯ[47] ਕੋ,
ਸਿਰ ਨਯਾਇ ਫਿਰਯੋ ਕਛ ਹਾਥਿ ਨ ਆਯੋ ।
ਰੇ ਮਨ ਮੂੜ੍ਹ ਅਗੂੜ੍ਹ ਪ੍ਰਭੂ ਤਜਿ,
ਆਪਨ ਹੂੜ੍ਹ ਕਹਾ ਉਰਝਾਯੋ ।।੨੫
ਜੋ ਜੁਗਿਯਾਨ ਕੇ ਜਾਇ ਉਠਿ ਆਸ੍ਰਮ,
'ਗੋਰਖ' ਕੋ ਤਿਹ ਜਾਪ ਜਪਾਵੈ ।
ਜਾਇ ਸੰਨਯਾਸਨ ਕੇ ਤਿਹ ਕੌ ਕਹਿ;
'ਦਤ' ਹੀ ਸੱਤਿ ਹੈ ਮੰਤ੍ਰ ਦ੍ਰਿੜ੍ਹਾਵੈ ।
ਜੋ ਕੋਊ ਜਾਇ ਤੁਰਕਨ ਮੈ,
'ਮਹਿ ਦੀਨ' ਕੇ ਦੀਨ ਤਿਸੇ ਗਹਿ ਲਯਾਵੈ ।
ਆਪਹਿ ਬੀਚ ਗਨੈ ਕਰਤਾ,
ਕਰਤਾਰ ਕੋ ਭੇਦੁ ਨ ਕੋਊ ਬਤਾਵੈ ।।੨੬
ਜੋ ਜੁਗੀਆਨ ਕੇ ਜਾਇ ਕਹੈ,
ਸਬ ਜੋਗਨ ਕੋ ਗ੍ਰਿਹ[48] ਮਾਲ' ਉਠੈ ਦੈ ।''
ਜੋ ਪਰੋ ਭਾਜਿ ਸਨਯਾਸਨ ਕੈ;

42 ਡੰਡਾ ਤੇ ਕਰਮੰਡਲ ਫੜ ਕੇ 43 ਅੰਤਰ 44 ਘੋੜੇ 45 ਖੋਤਾ 47 ਮੜ੍ਹੀ ਮਸਾਨ 48 ਘਰ ਦਾ ਮਾਲ ਫੜਤਾ ਹੈ

ਕਹੈ ਦੱਤ ਕੇ ਨਾਪ ਮੈ ਧਾਮ[49] ਲੁਟੈ ਦੈ।
ਜੋ ਕਰਿ ਕੋਊ ਮਸੰਦਨ ਸੌ ਕਹੈ;
"ਸਰਬ ਦਰਬ ਲੈ ਮੋਹਿ ਅਬੈ ਦੈ!"
ਲੇਉ ਹੀ ਲੇਉ ਕਹੈ ਸਬ ਕੋ ਨਰ,
ਕੋਊ ਨ ਬ੍ਰਹਮ ਬਤਾਇ ਹਮੈ ਦੈ।।੨੮
ਜੋ ਕਰਿ ਸੇਵ ਮਸੰਦਨ ਕੀ, ਕਹੈ ਆਨਿ ਪ੍ਰਸਾਦਿ[50] ਸਬੈ ਮੋਹਿ ਦੀਜੈ।
ਜੋ ਕਛੁ ਮਾਲ ਤਵਾਲਯ[51] ਸੋ,
ਅਬ ਹੀ ਉਠਿ ਭੇਟ ਹਮਾਰੀ ਹੀ ਕੀਜੈ।
ਮੇਰੋ ਈ ਧਯਾਨ ਧਰੋ ਨਿਸਿ ਬਾਸੁਰ[52],
ਭੂਲ ਕੈ ਅਉਰ ਕੋ ਨਾਮੁ ਨ ਲੀਜੈ।
ਦੀਨੇ ਕੋ ਨਾਮੁ ਸੁਨੈ ਭਜਿ ਰਾਤਹਿ;
ਲੀਨੇ ਬਿਨਾ ਨਹਿ ਨੈਕੁ ਪ੍ਰਸੀਜੈ।।੨੯
ਜੋ ਧਨਵਾਨੁ ਲਖੈਂ ਨਿਜ ਸੇਵਕ, ਤਾਹੀ ਪਰੋਸਿ ਪ੍ਰਸਾਦਿ ਜਿਮਾਵੈ।
ਜੋ ਧਨ ਹੀਨ ਲਖੈ ਤਿਹੱ ਦੇਤ ਨ, ਮਾਂਗਨ ਜਾਤ ਮੁਖੋ ਨ ਦਿਖਾਵੈਂ।
ਲੁਟਤ ਹੈ ਪਸੁ ਲੋਗਨ ਕੋ, ਕਬਹੂੰ ਨ ਪ੍ਰਮੇ ਸੁਰ ਕੇ ਗੁਨ ਗਾਵੈਂ।।੩੦
ਆਂਖਨ ਮੀਚਿ ਰਹੈਂ ਬਕ[53] ਕੀ ਜਿਮ, ਲੋਗਨ ਏਕ ਪ੍ਰਪੰਚ[54] ਦਿਖਾਯੋ।
ਨਿਆਤ[55] ਫਿਰਯੋ ਸਿਰੁ ਬੱਧਕ[56] ਜਯੋ,
ਧਯਾਨ ਬਿਲੋਕ ਬਿੜਾਲ ਲਜਾਯੋ।
ਲਾਗਿ ਫਿਰਯੋ ਧਨ ਆਸ ਜਿਤੈ ਤਿਤ,
ਲੋਗ ਗਯੋ ਪਰਲੋਗ ਗਵਾਯੋ।
ਸ੍ਰੀ ਭਗਵੰਤ ਭਜਯੋ ਨ ਅਰੇ ਜੜ੍ਹ,
ਧਾਮ[57] ਕੇ ਕਾਮ ਕਹਾ ਉਰਝਾਯੋ।।੩੧
ਫੋਕਟ[58] ਕਰਮ ਦ੍ਰਿੜ੍ਹਾਤ ਕਹਾ,
ਇਨ ਲੋਗਨ ਕੋ ਕੋਈ ਕਾਮ ਨ ਐ ਹੈਂ।।
ਭਾਜਤ ਕਾ ਧਨ ਹੇਤ ਅਰੇ, ਜਮ ਕਿੰਕਰ ਤੇ ਨਹ ਭਾਜਨ ਪੈ ਹੈਂ।।
ਪੁੱਤ੍ਰ ਕਲਿਤ੍ਰ ਨ ਮਿਤ੍ਰ ਸਬੈ,
ਉਹਾਂ ਸਿਖ ਸਖਾ ਕੋਊ ਸਾਖ ਨ ਦੈ ਹੈਂ।
ਚੇਤ ਰੇ ਚੇਤ ਅਚੇਤ ਮਹਾ ਪਸੁ,
ਅੰਤ ਕੀ ਬਾਰ ਇਕੇਲੋ ਈ ਜੈ ਹੈਂ।।੩੨
ਤੋ ਤਨ ਤਯਾਗਤ ਹੀ ਸੁਨ ਰੇ ਜੜ੍ਹ,
ਪ੍ਰੇਤ ਬਖਾਨ ਤ੍ਰਿਆ ਭਜਿ ਜੈ ਹੈਂ।
ਪੁੱਤ੍ਰ ਕਲਤ੍ਰ ਸੁ ਮਿਤ੍ਰ ਸਖਾ, ਇਹ ਬੇਗ ਨਿਕਾਰਹੁ ਆਇਸੁ ਦੈ ਹੈਂ।
ਭਉਨ ਭੰਡਾਰ ਧਰਾ ਗੜ੍ਹ ਜੇਤਕ, ਛਾਡਤ ਪ੍ਰਾਨ ਬਿਗਾਨ ਕਹੈ ਹੈਂ।

---

49 ਘਰ ਲੁਟਾ ਦੇ 50 ਸਾਰੀ ਕਿਰਪਾ ਦਾ ਪਾਤਰ ਮੈਨੂੰ ਹੀ ਬਣਾ ਦਿਓ 51 ਤੇਰੇ ਘਰ 52 ਰਾਤ ਦਿਨ 53 ਬਗਲੇ ਵਾਂਗ 54 ਪਾਖੰਡ ਵਾਂਗ 55 ਸਿਰ ਨਵਾ ਕੇ ਫਿਰਦਾ ਹੈ 56 ਸਿਕਾਰੀ ਵਾਂਗ 57 ਘਰੇਗੀ ਕੰਮਾਂ ਵਿਚ 58 ਨਿਸਫਲ ਕੰਮ ਕਿਵੇਂ ਨਿਸਚੇ ਕਰਾਉਂਦੇ ਹਨ

ਚੇਤ ਰੇ ਚੇਤ ਅਚੇਤ ਮਹਾ ਪਸੁ,
ਅੰਤ ਕੀ ਬਾਰਿ ਇਕੇਲੋ ਈ ਜੈ ਹੈ'॥੩੩

6. ਬਿਚਿਤ੍ਰ ਨਾਟਕ

'ਬਿਚਿਤ੍ਰ ਨਾਟਕ' ਅਜਿਹੀ ਚਰਚਿਤ ਅਤੇ ਪ੍ਰਚਿਤ ਰਚਨਾ ਹੈ ਜਿਸ ਨੂੰ ਦਸਮ ਗ੍ਰੰਥ ਦਾ ਸੰਖੇਪ ਸਾਰ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਸ਼ਾਹਕਾਰ ਰਚਨਾ ਦੇ ਮਹੱਤਵਪੂਰਨ ਸਰੋਕਾਰ, ਸੂਤਰਿਕ ਰੂਪ ਵਿਚ ਸਾਰੇ ਗ੍ਰੰਥ ਵਿਚ ਰਮੇ ਹੋਏ ਹਨ। ਉਤਮ ਪੁਰਖ ਸ਼ੈਲੀ ਦੀ ਇਹ ਆਤਮਕਥਾਪਰਕ ਰਚਨਾ ਇਕ ਪਾਸੇ ਗੁਰੂ ਜੀ ਦੇ ਭੌਤਿਕ ਜੀਵਨ ਦੀ ਝਲਕ ਪੇਸ਼ ਕਰਦੀ ਹੈ ਅਤੇ ਦੂਜੇ ਪਾਸੇ ਆਪਣੇ ਵਿਆਪਕ ਪਾਸਾਰਾਂ ਵਿਚ ਬ੍ਰਹਿਮੰਡ ਦੇ ਪਰਿਘਟਨਾ ਚੱਕ੍ਰ ਨੂੰ ਪੌਰਾਣਿਕ ਕਥਾ-ਸ੍ਰੋਤਾਂ ਦੇ ਬਿਰਤਾਂਤਾਂ ਰਾਹੀਂ ਅਕਾਲ ਪੁਰਖ ਦਾ ਇਕ ਸਦੀਵੀ ਤਮਾਸ਼ਾ ਬਿਆਨ ਕਰਦੀ ਹੈ। ਵਿਸ਼ਨੂੰ ਦੇ ਅਵਤਾਰਾਂ, ਚੰਡੀ ਚਰਿਤਰਾਂ, ਬ੍ਰਹਮਾ, ਰੁਦ, ਆਦਿ ਅਤੇ ਮੁਹੰਮਦ, ਬੁੱਧ ਆਦਿ ਰਾਹੀਂ ਉਹ ਆਪ ਅਕਾਲਪੁਰਖ ਆਪਣੀ ਖੇਡ ਦਾ ਵਿਸਥਾਰ ਕਰਦਾ ਹੈ। ਇਹ ਹੀ ਉਸ ਦੀ ਬਚਿਤ੍ਰ ਕਥਾ ਹੈ ਜੋ ਨਾਟਕੀ ਰੂਪ ਨਾਲ ਬ੍ਰਹਿਮੰਡ ਦੇ ਰੰਗਮੰਚ 'ਤੇ ਵਾਪਰ ਰਹੀ ਹੈ। ਗੁਰੂ ਜੀ ਨੇ ਇਸ ਅਦਭੁਤ ਵਿਸਮਾਦੀ ਸੰਕਲਪ ਨੂੰ, ਲੋਕ ਪਰਲੋਕ ਦੀਆਂ ਘਟਨਾਵਾਂ ਨੂੰ ਇਕੋ ਥਾਂ ਇਕੱਠਾ ਕਰਕੇ, ਇਕ ਨਿੱਕੇ ਜਿਹੇ ਚਿਤਰਪਟ ਤੇ ਜੁਗਾਂ ਜੁਗਾਂਤਰਾਂ ਦੀ ਲੰਮੀ ਕਹਾਣੀ ਰਾਹੀਂ, ਪੇਸ਼ ਕਰਨ ਦਾ ਕਮਾਲ ਕਰ ਵਿਖਾਇਆ ਹੈ।

'ਅਕਾਲਪੁਰਖ ਬਾਚ' 'ਕਬਿਬਾਚ' ਆਦਿ ਸਿਰਲੇਖਾਂ ਹੇਠ ਸੰਵਾਦ ਸ਼ੈਲੀ ਦੇ ਨਾਟਕੀ ਕਲਾ-ਜੁਗਤ ਦੁਆਰਾ ਗੁਰੂ ਜੀ ਦਾ ਸੰਦੇਸ਼ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਹੋਇਆ ਹੈ। ਜਿਵੇਂ "ਅਕਾਲ ਪੁਰਖ ਨੇ ਮੈਨੂੰ ਆਖਿਆ ਕਿ ਮੈਂ ਤੈਨੂੰ ਆਪਣਾ ਪੁੱਤਰ ਹੋਣ ਦੀ ਵਡਿਆਈ ਬਖਸ਼ੀ ਹੈ ਤੇ ਤੈਨੂੰ ਸਤ ਮਾਰਗ ਚਲਾਉਣ ਲਈ ਸਾਜਿਆ ਹੈ। ਤੂੰ ਸੰਸਾਰ ਵਿਚ ਜਾ ਕੇ ਸੱਚੇ ਧਰਮ ਨੂੰ ਚਲਾ ਤੇ ਲੋਕਾਂ ਨੂੰ ਬੁਰੇ ਕਰਮ ਕਰਨ ਤੋਂ ਹਟਾ" :

ਮੈ ਅਪਨਾ ਸੁਤ ਤੋਹਿ ਨਿਵਾਜਾ।। ਪੰਥੁ ਪ੍ਰਚੁਰ ਕਰਬੇ ਕਹ ਸਾਜਾ।।
ਜਾਹਿ ਤਹਾਂ ਤੈ ਧਰਮੁ ਚਲਾਇ।। ਕਬੁਧਿ ਕਰਨ ਤੇ ਲੋਕ ਹਟਾਇ।।੨੯

ਇਸੇ ਤਰ੍ਹਾਂ ਇਕ ਹੋਰ 'ਅਕਾਲ ਪੁਰਖ ਬਾਚ' ਸਿਰਲੇਖ ਹੇਠ ਨਜ਼ਰ ਆਉਂਦੇ ਸਾਰੇ ਅੰਤਰ ਵਿਰੋਧੀ ਸੁਆਲਾਂ ਦਾ ਉੱਤਰ ਅੰਕਿਤ ਹੈ :

ਸਾਧ ਕਰਮ ਜੋ ਪੁਰਖ ਕਮਾਵੈ।।
ਨਾਮ ਦੇਵਤਾ ਜਗਤ ਕਹਾਵੈ।
ਕੁਕ੍ਰਿਤ ਕਰਮ ਜੋ ਜਗ ਮੈ ਕਰਹੀ
ਨਾਮ ਅਸੁਰ ਤਿਨਕੋ ਸਭ ਧਰ ਹੀ।

ਗੁਰੂ ਜੀ ਦਾ ਇਹ ਕਥਨ ਦਸਮ ਗ੍ਰੰਥ ਦੇ ਸਾਰੇ ਪੌਰਾਣਿਕ ਸੰਦਰਭਾਂ, ਯੁੱਧਾਂ ਅਤੇ ਵਰਣਨਾਂ ਦੀ ਇਕ ਤਰ੍ਹਾਂ ਨਾਲ ਕੁੰਜੀ ਹੈ।

'ਬਿਚਿਤ੍ਰ ਨਾਟਕ' ਇਕ ਬਹੁਤ ਲੰਮੀ ਰਚਨਾ ਹੈ ਜੋ ਚੌਦਾਂ ਅਧਿਆਵਾਂ ਵਿਚ ਵੰਡੀ ਹੋਈ ਹੈ। ਇਸ ਵਿਚ 471 ਛੰਦ ਹਨ। ਛੋਟੇ ਛੋਟੇ ਛੰਦ ਰੂਪਾਂ ਨੇ ਬਿਰਤਾਂਤਾਂ ਨੂੰ ਬਹੁਤ ਪ੍ਰਭਾਵਸ਼ਾਲੀ ਬਣਾ ਦਿੱਤਾ ਹੈ। ਇਸ ਬੀਰਰਸੀ ਰਚਨਾ ਵਿਚ ਰੌਦ੍ਰ ਤੇ ਅਦਭੁਤ ਰਸ ਦੀ ਆਪਣੀ ਹੀ ਛਾਪ ਹੈ। ਧੁਨੀ ਮੂਲਕ ਸ਼ਬਦ ਪ੍ਰਯੋਗਾਂ ਦੇ ਕਮਾਲ ਨੇ ਯੁੱਧਾਂ ਦੇ ਜੀਵੰਤ ਚਿਤਰਾਂ ਨੂੰ ਸਾਕਾਰ ਰੂਪ ਪ੍ਰਦਾਨ ਕਰ ਦਿੱਤਾ ਹੈ :

ਬਜੀ ਭੇਰ ਭੁੰਕਾਰ, ਧੁੰਕੇ ਨਗਾਰੇ।
ਮਹਾਂ ਬੀਰ ਬਾਨੈਤ, ਬੰਕੇ ਬਕਾਰੇ।
ਭਏ ਬਾਹੁ ਆਘਾਤ, ਨੱਚੇ ਮਰਾਲੰ।
ਕਿਰਪਾ ਸਿੰਧੁ ਕਾਲੀ, ਗਰੱਜੀ ਕਰਾਲੰ।
ਤੁੱਪਕ ਤੜਾਕ। ਕੈਬਰ ਕੜਾਕ।
ਸੈਹਥੀ ਸੜਾਕ। ਛੋਹੀ ਛੜਾਕ।
ਟਕਾਟੁਕ ਟੋਪੰ ਢਕਾ ਢੁੱਕ ਢਾਲੰ।
ਮਹਾਂ ਬੀਰ ਬਾਨੈਤ ਬੱਕੈ ਬਿਕ੍ਰਾਲੰ।

ਬ੍ਰਜਭਾਸ਼ਾ ਦੀ ਇਸ ਰਚਨਾ ਵਿਚ ਭੁਜੰਗ ਪ੍ਰਯਾਤ, ਰਸਾਵਲ, ਨਿਰਾਜ, ਤੋਟਕ, ਸਵੈਯਾ, ਚੌਪਈ, ਦੋਹਰਾ, ਛਪੈਂ, ਅੜਿਲ, ਤ੍ਰਿਭੰਗੀ, ਭੁਜੰਗ ਮਧੁਕਾਰ, ਪਾਧੜੀ, ਚਾਰਣੀ ਆਦਿ ਛੰਦਾਂ ਦੀ ਵਰਤੋਂ ਹੋਈ ਹੈ।

ਪਹਿਲੇ ਅਧਿਆਇ ਦੇ 101 ਸਲੋਕ ਹਨ। ਬਚਿਤ੍ਰ ਨਾਟਕ ਦਾ ਆਰੰਭ ਮੰਗਲਾਚਰਣ ਦੇ ਰੂਪ ਵਿਚ, 'ਖੜਗ' ਨੂੰ ਨਮਸਕਾਰ ਕੀਤੀ ਗਈ ਹੈ।

ਨਮਸਕਾਰ ਸ੍ਰੀ ਖੜਗ ਕੋ, ਕਰੋਂ ਸੁ ਹਿਤੁ ਚਿਤੁ ਲਾਇ।
ਪੂਰਨ ਕਰੋਂ ਗਿਰੰਥ ਇਹੁ, ਤੁਮ ਮੁਹਿ ਕਰਹੁ ਸਹਾਇ।

'ਖੜਗ' ਗੁਰੂ ਕਵੀ ਲਈ 'ਅਕਾਲਪੁਰਖ' ਦਾ ਹੀ ਰੂਪ ਹੈ। ਇਹ ਸੰਤਾਂ ਨੂੰ ਸੁਖ ਦੇਣ ਵਾਲੀ, ਖੋਟੇ ਪੁਰਸ਼ਾਂ ਨੂੰ ਨਸ਼ਟ ਕਰਨ ਵਾਲਾ ਹੈ। ਪਾਪਾਂ ਨੂੰ ਦੂਰ ਕਰਦਾ ਹੈ। ਜਗਤ ਦੀ ਰਚਨਹਾਰ ਸ਼ਕਤੀ ਹੈ।

ਅਕਾਲਪੁਰਖ ਦਾ ਸਪਸ਼ਟ ਤੌਰ 'ਤੇ ਨਿਰਾਕਾਰ ਰੂਪ ਸਥਾਪਤ ਕੀਤਾ ਗਿਆ ਹੈ, ਵਿਵਹਾਰਕ ਰੂਪ ਵਿਚ ਭਾਵੇਂ ਇਹ ਗੱਲ ਕਹੀ ਗਈ ਹੈ ਕਿ ਉਸ ਦੇ ਹੱਥ ਵਿਚ ਖੜਗ ਹੈ। ਉਹ ਨਿਰੰਕਾਰ, ਨ੍ਰਿਬਿਕਾਰ, ਨਿਤਯੰ, ਨਿਰਾਲੰ ਹੈ। 'ਅਕਾਲ ਪੁਰਖ' ਕਿਤੇ ਫੁੱਲਾਂ ਵਾਂਗ ਖਿੜ ਕੇ ਭਲੀ ਭਾਂਤ ਫੁੱਲ ਰਿਹਾ ਹੈ। ਕਿਤੇ ਭੌਰਾ ਬਣ ਕੇ ਫੁੱਲਾਂ ਵਿਚ ਭੁੱਲ ਰਿਹਾ ਹੈ। ਕਿਤੇ ਹਵਾ ਬਣ ਕੇ ਬੜੇ ਵੇਗ ਨਾਲ ਚਲ ਰਿਹਾ ਹੈ। ਉਸ ਦਾ ਰੂਪ ਕਹਿਣ ਕਥਨ ਤੋਂ ਬਾਹਰ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਅਧਿਆਇ ਵਿਚ ਕਾਲ ਦੀ ਭਿਆਨਕ ਗਤੀ ਨੂੰ ਮੁੱਖ ਰੱਖਦਿਆਂ ਹੋਇਆਂ 'ਅਕਾਲ ਪੁਰਖ' ਨੂੰ ਮਹਾਂਕਾਲ ਚਿਤ੍ਰਿਤ ਕੀਤਾ ਹੈ। ਉਸਦੇ ਖੱਬੇ ਹੱਥ ਵਿਚ ਧਨੁੱਖ ਹੈ ਤੈ ਸੱਜੇ ਹੱਥ ਵਿਚ ਭਿਆਨਕ ਤਲਵਾਰ ਹੈ। ਉਹ ਬਹੁਤ ਤੇਜ

ਵਾਲਾ ਹੋ ਕੇ ,ਬਿਰਾਜ ਰਿਹਾ ਹੈ।

ਸ਼ਬਦ-ਰਚਨਾ ਦੇ ਧੁਨੀ ਮੂਲਕ ਪ੍ਰਯੋਗ ਨਾਲ ਮਹਾਕਾਲ ਦੀ ਪਰਲੋਕਾਰੀ ਭੀਸ਼ਣਤਾ ਸਾਕਾਰ ਹੋ ਗਈ ਹੈ :

ਡਮਾ ਡੰਮ ਡਉਰੂ ਸਿਤਾਸੇਤ ਛੱਤ੍ਰੰ।
ਹਾਹਾ ਹੂਹ ਹਾਸੰ ਝਮਾ ਝੱਮ ਅੱਤ੍ਰੰ।

ਮਹਾਂ ਘੋਰ-ਸਬਦੰ ਬਜੇ ਸੰਖ ਐਸੰ। ਪ੍ਰਲੈਕਾਲ ਕੇ ਕਾਲ ਦੀ ਜ੍ਵਾਲ ਜੈਸੰ। ਇਸ ਕਾਲ ਦੀ ਭਿਆਨਕਤਾ ਤੋਂ ਬਚਾਉ ਦਾ ਇਕੋ ਇਕ ਮਾਰਗ 'ਅਕਾਲ ਪੁਰਖ' ਦੀ ਸ਼ਰਣਾਗਤੀ ਹੈ। ਕੀ ਦੇਵਤੇ, ਕੀ ਦੈਂਤ, ਕੀ ਕੰਗਾਲ, ਕੀ ਰਾਜੇ, ਕੀ ਪਾਤਸ਼ਾਹ ਤੇ ਕੀ ਉਮਰਾਵ, ਸਭ ਹੀ ਉਸ ਦੀ ਸ਼ਰਨ ਗਏ ਤੋਂ ਬਿਨਾਂ ਨਹੀਂ ਬਚ ਸਕਦੇ, ਭਾਵੇਂ ਕਰੋੜਾਂ ਉਪਾਅ ਪਏ ਕਰਨ:

ਬਿਨਾ ਸਰਨਿ ਤਾਕੀ ਨ ਅਉਰੈ ਉਪਾਯੰ।
ਕਹਾ ਦੇਵ ਦਈਤੰ ਕਹਾ ਰੰਕ ਰਾਯੰ।

ਅਕਾਲ ਪੁਰਖ ਦੀ ਉਸਤਤਿ ਦੇ ਨਾਲ ਹੀ ਇਸ ਅਧਿਆਇ ਵਿਚ ਸ਼ਸਤਰਾਂ ਦੀ ਮਹਿਮਾ ਵੀ ਵਰਣਨ ਕੀਤੀ ਗਈ ਹੈ।

ਦੂਜੇ ਅਧਿਆਇ ਵਿਚ ਇਕ ਪੁਰਾਤਨ ਕਥਾ ਰਾਹੀਂ ਸੋਢੀ ਤੇ ਬੇਦੀ ਵੰਸ਼ ਪਰੰਪਰਾ ਦਾ ਉਦਭਵ ਅਤੇ ਵਿਕਾਸ ਦੱਸਿਆ ਗਿਆ ਹੈ।

ਸਭ ਤੋਂ ਪਹਿਲਾਂ 'ਅਕਾਲ ਪੁਰਖ' ਨੇ ਆਪਣੇ ਫੁਰਨੇ ਨਾਲ ਇਕ ਉਅੰਕਾਰ ਸ਼ਬਦ ਤੋਂ ਕਾਲ ਸੈਣ, ਕਾਲ ਕੇਤ, ਕੁਰਬਰਸ ਤੇ ਕਾਲ ਧੁਜ ਆਦਿ ਨੂੰ ਉਤਪੰਨ ਕੀਤਾ। ਫਿਰ ਪ੍ਰਭੂ ਨੇ ਆਪਣੇ ਸੱਜੇ ਕੰਨ ਦੀ ਮੈਲ ਕੱਢ ਕੇ 'ਮਧ ਤੇ ਕੈਟਭ ਦੋ ਦੈਂਤ' ਪੈਦਾ ਕੀਤੇ। ਖੱਬੇ ਕੰਨ ਦੀ ਮੈਲ ਤੋਂ ਸਾਰੀ ਸ੍ਰਿਸ਼ਟੀ ਬਣਾਈ। ਮਧ ਤੇ ਕੈਟਭ ਦੈਂਤ ਬੜੇ ਦੁਖਦਾਈ ਸਾਬਤ ਹੋਏ। ਪ੍ਰਭੂ ਨੇ ਆਪਣੇ ਬਲ ਨਾਲ ਉਹਨਾਂ ਦੋਹਾਂ ਨੂੰ ਮਾਰ ਦਿੱਤਾ। ਉਹਨਾਂ ਦੀ ਚਰਬੀ ਸਰੀਰ ਵਿਚੋਂ ਨਿਕਲ ਕੇ ਸਮੁੰਦਰ 'ਤੇ ਤਰਨ ਲਗ ਪਈ ਜਿਸ ਤੋਂ ਇਹ ਧਰਤੀ ਬਣੀ। ਫਿਰ ਦੱਛ ਪ੍ਰਜਾਪਤਿ ਉਤਪੰਨ ਹੋਇਆ, ਜਿਸ ਦੀਆਂ ਦਸ ਹਜ਼ਾਰ ਲੜਕੀਆਂ ਪੈਦਾ ਹੋਈਆਂ। ਇਹਨਾ ਲੜਕੀਆਂ ਦੇ ਵਿਆਹ ਉਸ ਨੇ ਦੇਵਤਿਆਂ ਨਾਲ ਕਰ ਦਿੱਤੇ। ਚਾਰ ਲੜਕੀਆਂ ਦਾ ਵਿਆਹ ਕਸ਼ਯਪ ਰਿਸ਼ੀ ਨਾਲ ਹੋਇਆ। ਇਹਨਾਂ ਚਹੁੰ ਲੜਕੀਆਂ ਤੋਂ ਸਰਪ, ਗਰੁੜ, ਦੈਂਤ ਤੇ ਦੇਵਤੇ ਪੈਦਾ ਹੋਏ। ਅਦਿਤੀ ਦੇ ਸੂਰਜ ਪੁੱਤਰ ਤੋਂ ਸੂਰਜ ਬੰਸ ਟੁਰਿਆ ਰਘੁ ਤੇ ਅਜ ਆਦਿ ਰਾਜੇ ਇਸ ਬੰਸ ਵਿਚ ਪੈਦਾ ਹੋਏ। ਅੱਜ ਦੇ ਪੁੱਤਰ ਦਸਰਥ ਦੇ ਘਰ ਚਾਰ ਪੁੱਤਰ ਰਾਮ, ਲਛਮਣ, ਭਰਥ ਤੇ ਸ਼ਤਰੂਘਣ ਉਤਪੰਨ ਹੋਏ। ਰਾਮ ਜੀ ਦੇ ਦੋ ਪੁੱਤਰ ਲਊ ਤੇ ਕੁਸ਼ੂ ਹੋਏ। ਪੰਜਾਬ ਵਿਚ ਲਊ ਨੇ ਲਾਹੌਰ ਤੇ ਕਸ਼ੂ ਨੇ ਕਸੂਰ ਸ਼ਹਿਰ ਵਸਾਇਆ। ਲਊ ਦੀ ਵੰਸ਼ ਤੋਂ ਕਾਲ ਰਾਇਹ ਤੇ ਕਸ਼ੂ ਦੀ ਵੰਸ਼ ਨੇ ਕਾਲਕੇਤ ਨੂੰ ਪੰਜਾਬ ਤੋਂ ਹਰਾ ਕੇ ਭਜਾ ਦਿੱਤਾ। ਕਾਲਕੇਤ ਆਪਣੀ ਸੈਨਾ ਸਮੇਤ ਭੱਜ ਕੇ ਅਮਰਕੋਟ (ਸਨੌਢ ਦੇਸ਼) ਵਿਚ ਜਾ ਵਸਿਆ। ਸਨੌਢ ਦੇਸ਼ ਦੇ ਰਾਜੇ ਨੇ ਕਾਲਕੇਤ ਨਾਲ ਆਪਣੀ ਲੜਕੀ ਦਾ ਵਿਆਹ ਕਰ ਦਿੱਤਾ। ਇਸ ਕੰਨਿਆਂ ਤੋਂ ਸੋਢੀ ਰਾਇ ਪੁੱਤਰ ਜਨਮਿਆ, ਜਿਸ ਤੋਂ ਸੋਢੀ ਵੰਸ ਚਲਿਆ। ਸੋਢੀ ਰਾਇ ਆਪਣੇ ਨਾਨੇ ਦੇ ਤਖਤ ਤੇ ਬੈਠ ਕੇ ਰਾਜ ਕਰਨ ਲੱਗਾ। ਕੁਝ ਸਮੇਂ ਬਾਅਦ ਸੋਢੀ ਬੰਸ ਦਾ ਰਾਜਾ ਆਪਣੇ ਬਜ਼ੁਰਗਾਂ ਦਾ ਬਦਲਾ ਲੈਣ ਲਈ ਫੌਜ ਲੈ ਕੇ ਪੰਜਾਬ ਵਲ ਚੜ੍ਹ ਪਿਆ।

ਇਸ ਕਥਾ ਨੂੰ 36 ਸਲੋਕਾਂ ਵਿਚ ਵਰਣਨ ਕੀਤਾ ਗਿਆ ਹੈ।

ਤੀਜੇ ਅਧਿਆਇ ਦੇ 52 ਸਲੋਕ ਹਨ। ਇਸ ਵਿਚ ਗੁਰੂ ਕਵੀ ਨੇ ਲਊ ਤੇ ਕਸੂ ਦੀ ਬੰਸ ਦੇ ਭਿਆਨਕ ਜੰਗ ਦਾ ਵਰਣਨ ਕੀਤਾ ਹੈ। ਇਸ ਜੰਗ ਦਾ ਨਤੀਜਾ ਇਹ ਨਿਕਲਿਆ ਕਿ ਕਾਲਕੇਤ ਦਾ ਪੋਤਰਾ ਦੇਵਰਾਇ ਹਾਰ ਗਿਆ। ਉਸ ਨੂੰ ਮਾਰ ਕੁੱਟ ਕੇ ਪੰਜਾਬ ਵਿਚੋਂ ਬਾਹਰ ਕੱਢ ਦਿੱਤਾ ਗਿਆ ਤੇ ਉਹ ਆਪਣੇ ਸਾਥੀਆਂ ਸਮੇਤ ਜਾਨ ਬਚਾ ਕੇ ਕਾਸ਼ੀ ਵਲ ਨੱਸ ਗਿਆ ਤੇ ਉਥੇ ਕਾਸ਼ੀ ਵਿਚ ਹੀ ਵੱਸਣ ਲੱਗ ਪਿਆ।

ਚੌਥੇ ਅਧਿਆਇ ਵਿਚ ਵਰਣਨ ਮਿਲਦਾ ਹੈ ਕਿ ਉਹਨਾਂ ਨੇ ਕਾਸ਼ੀ ਵਿਚ ਰਹਿ ਕੇ ਉਥੋਂ ਦੇ ਮਹਾਨ ਪੰਡਤਾਂ ਤੋਂ ਸੰਸਕ੍ਰਿਤ ਵਿਦਿਆ ਪੜ੍ਹ ਲਈ ਤੇ ਬੜੇ ਵਿਦਵਾਨ ਬਣ ਗਏ। ਉਹਨਾਂ ਨੂੰ ਵੇਦ ਵਕਤਾ ਹੋਣ ਕਰਕੇ 'ਵੇਦੀ' ਕਿਹਾ ਜਾਣ ਲਗ ਪਿਆ।

ਇਧਰ ਲਊ ਕੁਲ ਦੇ ਰਾਜੇ ਨੂੰ ਪਤਾ ਲੱਗਾ ਕਿ ਸਾਡੇ ਭਰਾ, ਜਿਨ੍ਹਾਂ ਨੂੰ ਅਸੀਂ ਹਾਰ ਦੇ ਕੇ ਪੰਜਾਬ ਵਿਚੋਂ ਕੱਢ ਦਿੱਤਾ ਸੀ, ਕਾਸ਼ੀ ਵਿਚ ਵਿਦਿਆ ਪੜ੍ਹ ਕੇ ਮਹਾਨ ਪੰਡਤ ਬਣ ਗਏ ਹਨ। ਉਸ ਨੇ ਪਿਛਲਾ ਵੈਰ-ਭਾਵ ਭੁਲਾ ਕੇ ਉਹਨਾਂ ਵੇਦੀਆਂ ਨੂੰ ਲਾਹੌਰ ਬੁਲਾ ਲਿਆ। ਉਹਨਾਂ ਵੇਦੀਆਂ ਦਾ ਬੜਾ ਮਾਨ ਸਤਿਕਾਰ ਕੀਤਾ ਗਿਆ ਤੇ ਉਹਨਾਂ ਤੋਂ ਵੇਦ ਸ੍ਰਵਣ ਕੀਤੇ। ਵੇਦਾਂ ਦਾ ਪਾਠ ਸੁਣ ਕੇ ਰਾਜਾ ਬੜਾ ਪ੍ਰਸੰਨ ਹੋਇਆ। ਉਸ ਨੇ ਆਪਣਾ ਰਾਜ ਭਾਗ ਉਹਨਾਂ ਵੇਦੀਆਂ ਨੂੰ ਭੇਟ ਕਰ ਦਿੱਤਾ ਤੇ ਆਪ ਤਪ ਕਰਨ ਲਈ ਜੰਗਲਾਂ ਵੱਲ ਤੁਰ ਗਿਆ। ਵੇਦੀਆਂ ਨੇ ਰਾਜ ਪ੍ਰਾਪਤ ਕਰਕੇ ਰਾਜੇ ਨੂੰ ਬੜੀ ਪ੍ਰਸੰਨਤਾ ਨਾਲ ਇਹ ਵਰ ਦਿੱਤਾ ਕਿ ਜਦੋਂ ਕਲਿਜੁਗ ਵਿਚ ਅਸੀਂ ਗੁਰੂ ਨਾਨਕ ਅਵਤਾਰ ਲਵਾਂਗੇ ਤਦੋਂ ਤੀਜੇ ਜਾਮੇ ਵਿਚ ਤੁਹਾਨੂੰ ਗੁਰੂ ਥਾਪਾਂਗੇ, ਭਾਵ ਚੌਥਾ ਗੁਰੂ ਸੋਢੀ ਵੰਸ਼ ਦਾ ਹੋਵੇਗਾ।

ਪੰਜਵੇਂ ਅਧਿਆਇ ਵਿਚ ਇਹ ਕਥਾ ਵਰਣਨ ਕੀਤੀ ਗਈ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਹੋਣ ਤੋਂ ਪਹਿਲਾਂ ਹੀ ਬੇਦੀ ਬੰਸ ਵਾਲਿਆਂ ਦਾ ਰਾਜ ਖਤਮ ਹੋ ਗਿਆ ਸੀ ਤੇ ਉਹ ਸਾਧਾਰਨ ਖੇਤੀ ਕਰਨ ਲਗ ਪਏ ਸਨ। ਉਹਨਾਂ ਬੇਦੀਆਂ ਦੀ ਵੰਸ਼ ਵਿਚ ਸ੍ਰੀ ਕਾਲੂ ਜੀ ਦੇ ਗ੍ਰਿਹਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਉਹਨਾਂ ਦੇ ਅੱਠ ਸਰੂਪ ਹੋਰ ਹੋਏ, ਜਿਨ੍ਹਾਂ ਨੇ ਜਗਤ ਦੇ ਕਲਿਆਣ ਲਈ ਸੱਚੇ ਧਰਮ ਦਾ ਪ੍ਰਚਾਰ ਕੀਤਾ। ਕਈ ਅਗਿਆਨੀ ਪੁਰਸ਼ਾਂ ਨੇ ਇਹਨਾਂ ਨੌਂ ਸਤਿਗੁਰਾਂ ਨੂੰ ਅੱਡੋ ਅੱਡ ਜਾਣਿਆਂ, ਉਹ ਇਹਨਾਂ ਦੀ ਰਹਿਮਤ ਤੋਂ ਵੰਚਿਤ ਰਹੇ। ਜਿਨ੍ਹਾਂ ਨੇ ਇਹਨਾਂ ਨੌਂ ਸਰੂਪਾਂ ਨੂੰ ਇਕ ਜੋਤ ਕਰਕੇ ਜਾਣਿਆ, ਉਹ ਇਹਨਾਂ ਦੀ ਸਿਖਿਆ ਧਾਰਨ ਕਰਕੇ ਆਪ ਵੀ ਤਰ ਗਏ ਤੇ ਉਹਨਾਂ ਹੋਰ ਅਨੇਕਾਂ ਪੁਰਸ਼ਾਂ ਦਾ ਵੀ ਪਾਰ ਉਤਾਰਾ ਕੀਤਾ।

'ਬਿਚਿਤ੍ਰ ਨਾਟਕ' ਰਚਨਾ ਵਿਚ ਵਰਣਨ ਮਿਲਦਾ ਹੈ ਕਿ ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਹਿੰਦੂ ਧਰਮ ਦੀ ਰਖਿਆ ਲਈ ਦਿੱਲੀ ਵਿਖੇ ਆਪਣਾ ਬਲੀਦਾਨ ਦਿੱਤਾ:

ਤਿਲਕ-ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੇਤਿ ਇਤੀ ਜਿਨਿ ਕਰੀ।
ਸੀਸੁ ਦੀਯਾ ਪਰੁ ਸੀ ਨ ਉਚਰੀ।੧੩
ਧਰਮ ਹੇਤ ਸਾਕਾ ਜਿਨਿ ਕੀਆ।

ਸੀਸੁ ਦੀਆ ਪਰੁ ਸਿਰਰੁ ਨਾ ਦੀਆ।
ਨਾਨਕ ਚੇਟਕ ਕੀਏ ਕੁਕਾਜਾ।
ਪ੍ਰਭ ਲੋਗਨ ਕਹ ਆਵਤ ਲਾਜਾ।੧੪

ਛੇਵੇਂ ਅਧਿਆਇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਕਥਾ ਇਸ ਪ੍ਰਕਾਰ ਵਰਣਨ ਕੀਤੀ ਹੈ ਕਿ ਅਸੀਂ ਪੂਰਬਲੇ ਜਨਮ ਵਿਚ ਤਪ ਕਰ ਰਹੇ ਸਾਂ ਕਿ ਅਕਾਲ ਪੁਰਖ ਨੇ ਦਰਸ਼ਨ ਦੇ ਕੇ ਸਾਨੂੰ ਹੁਕਮ ਦਿੱਤਾ ਕਿ ਤੁਸੀਂ ਇਸ ਤਪੱਸਿਆ ਨੂੰ ਛੱਡ ਕੇ ਮਾਤ ਲੋਕ ਵਿਚ ਜਾਓ ਤੇ ਨਿਰੰਕਾਰ ਤੋਂ ਭੁੱਲੇ ਜਗਤ-ਜੀਵਾਂ ਨੂੰ ਸਤ-ਮਾਰਗ ਤੇ ਲਾਓ। ਮੈਂ ਇਸ ਤੋਂ ਪਹਿਲਾਂ ਕਈ ਦੇਵਤਿਆਂ, ਰਿਸ਼ੀਆਂ, ਮੁਨੀਆਂ, ਸਿੱਧਾਂ, ਜੋਗੀਆਂ ਤੇ ਹੋਰ ਮਹਾਂ ਪੁਰਸ਼ਾਂ ਨੂੰ ਜਗਤ ਤੇ ਭੇਜਿਆ ਹੈ। ਪਰ ਉਹ ਸਾਰੇ ਜਗਤ ਵਿਚ ਜਾ ਕੇ ਆਪੋ ਆਪਣੀ ਪੂਜਾ ਕਰਾਉਣ ਵਿਚ ਹੀ ਫਸ ਗਏ। ਪ੍ਰਮੇਸ਼ਰ ਦੇ ਨਾਂ ਨੂੰ ਸਾਰੇ ਭੁੱਲ ਗਏ।

ਸੋ ਅਸੀਂ ਅਕਾਲ ਪੁਰਖ ਦੀ ਆਗਿਆ ਨਾਲ ਇਸ ਸੰਸਾਰ ਵਿਚ 'ਧਰਮ ਚਲਾਵਨ ਸੰਤ ਉਬਾਰਨ'। ਦੁਸਟ ਸਭਨ ਕੌ ਮੂਲ ਉਪਾਰਨ' ਦਾ ਆਸ਼ਾ ਲੈ ਕੇ ਅਵਤਾਰ ਲਿਆ ਹੈ, ਨਿਰੰਕਾਰ ਦੀ ਆਗਿਆ ਅਨੁਸਾਰ ਹੀ ਅਸੀਂ ਸਭ ਕੁਝ ਕਹਿ ਰਹੇ ਹਾਂ ਤੇ ਕਹਾਂਗੇ:

'ਜੋ ਨਿਜ ਪ੍ਰਭ ਮੋ ਸੋ ਕਹਾ, ਸੋ ਕਹਿਹੋ ਜਗ ਮਾਹਿ'।

ਸੱਤਵੇਂ ਅਧਿਆਇ ਵਿਚ ਪਟਨਾ ਸ਼ਹਿਰ ਵਿਚ ਆਪਣੇ ਅਵਤਾਰ ਧਾਰਨ ਤੇ ਕੁਝ ਸਮਾਂ ਪਟਨੇ ਵਿਖੇ ਰਹਿਣ ਤੋਂ ਬਾਅਦ ਫਿਰ ਅਨੰਦਪੁਰ ਆਉਣ ਦਾ ਵਰਣਨ ਕੀਤਾ ਗਿਆ ਹੈ।

ਅਗਲੇ ਅਧਿਆਇਆਂ ਵਿਚ ਯੁੱਧਾਂ ਦਾ ਵਰਣਨ ਹੈ। ਅੱਠਵੇਂ ਅਧਿਆਇ ਵਿਚ ਭੰਗਾਣੀ ਦੇ ਯੁੱਧ ਦਾ ਚਿਤ੍ਰਣ ਕੀਤਾ ਗਿਆ ਹੈ। ਇਹ ਯੁੱਧ (ਸੰਮਤ 1746) ਸੰਨ 1689 ਈਸਵੀ ਵਿਚ ਪਉਂਟੇ ਤੋਂ ਸੱਤ ਮੀਲ ਦੀ ਵਿੱਥ ਤੇ ਭੰਗਾਣੀ ਪਿੰਡ ਦੇ ਲਾਗੇ ਹੋਇਆ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਪਿਛੋਂ ਨੌ ਸਾਲ ਦੀ ਉਮਰ ਵਿਚ ਗੁਰੂ ਗੋਬਿੰਦ ਸਿੰਘ ਜੀ ਗੁਰ-ਗੱਦੀ ਤੇ ਬਿਰਾਜਮਾਨ ਹੋਏ ਅਤੇ ਆਪਣੇ ਸਿੱਖਾਂ ਨੂੰ ਇਸ ਤਰ੍ਹਾਂ ਦੀ ਹਰ ਸਥਿਤੀ ਦਾ ਮੁਕਾਬਲਾ ਕਰਨ ਲਈ ਫੌਜੀ ਸਿਖਿਆ ਦੇਣੀ ਆਰੰਭ ਕਰ ਦਿੱਤੀ। ਅਨੰਦਪੁਰ ਦੇ ਆਸਪਾਸ ਰੱਖਿਆ ਲਈ ਚਾਰ ਕਿਲ੍ਹੇ ਬਣਵਾਏ। ਸਿੱਖਾਂ ਨੂੰ ਨਾਲ ਲੈ ਕੇ ਸਤਿਗੁਰੂ ਜੀ ਜੰਗਲ ਵਿਚ ਸ਼ਿਕਾਰ ਖੇਡਣ ਜਾਂਦੇ।

ਕਹਿਲੂਰ ਦਾ ਰਾਜਾ ਭੀਮ ਚੰਦ ਸਤਿਗੁਰਾਂ ਦੀ ਇਸ ਫੌਜੀ ਚੜ੍ਹਤ ਨੂੰ ਵੇਖ ਕੇ ਹਰ ਵੇਲੇ ਦੁਖੀ ਰਹਿੰਦਾ ਤੇ ਗੁਰੂ ਘਰ ਨਾਲ ਵੈਰ ਭਾਵਨਾ ਬਣਾਈ ਰੱਖਦਾ। ਸਹਿਜੇ ਸਹਿਜੇ ਭੀਮ ਚੰਦ ਦਾ ਵਿਰੋਧ ਕਾਫੀ ਵਧ ਗਿਆ। ਉਸ ਦੀ ਇੱਛਾ ਸੀ ਕਿ ਸਤਿਗੁਰੂ ਇਥੋਂ ਚਲੇ ਜਾਣ।

ਰਾਜਾ ਮੇਦਿਨੀ ਪ੍ਰਕਾਸ਼ ਨਾਹਨ ਸਿਰਮੌਰ ਦਾ ਰਾਜਾ ਸੀ। ਉਸ ਦਾ ਗੁਰੂ ਘਰ ਨਾਲ ਬਹੁਤ ਪ੍ਰੇਮ ਸੀ। ਉਸ ਨੇ ਭੀਮ ਚੰਦ ਦੀ ਗੁਰੂ ਜੀ ਨਾਲ ਵਿਰੋਧਤਾ ਨੂੰ ਵੇਖ ਕੇ ਸਤਿਗੁਰੂ ਜੀ ਨੂੰ ਪ੍ਰੇਮ ਪੱਤਰ ਲਿਖ ਕੇ ਆਪਣੀ ਰਿਆਸਤ ਵਿਚ ਆਉਣ ਲਈ ਬੇਨਤੀ ਕੀਤੀ। ਸਤਿਗੁਰੂ ਜੀ ਸਭ ਨਿਕਟਵਰਤੀ ਸਿੱਖਾਂ ਤੇ ਪਰਿਵਾਰ ਨਾਲ ਸਲਾਹ ਕਰਕੇ 17 ਵੈਸਾਖ ਸੰਮਤ 1742 ਨੂੰ ਨਾਹਨ ਵਲ ਰਵਾਨਾ ਹੋ ਗਏ। ਨਾਹਨ ਪਹੁੰਚ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਜਮਨਾ ਦੇ ਕਿਨਾਰੇ ਇਕ ਬੜਾ ਸੁੰਦਰ ਅਸਥਾਨ ਆਪਣੇ ਰਹਿਣ ਲਈ ਚੁਣਿਆ।

ਜਿਥੇ ਰਾਜੇ ਨੇ ਉਹਨਾਂ ਲਈ ਬੜਾ ਸੁੰਦਰ ਮਹਿਲ ਬਣਵਾ ਦਿੱਤਾ। ਇਸ ਅਸਥਾਨ ਦਾ ਨਾਂ 'ਪਉਂਟਾ' ਰੱਖਿਆ ਗਿਆ।

ਮੇਦਨੀ ਪ੍ਰਕਾਸ਼ ਤੇ ਸ੍ਰੀਨਗਰ (ਗੜਵਾਲ) ਦੇ ਰਾਜੇ ਫਤੇਸ਼ਾਹ ਦਾ ਰਾਜ ਦੀਆਂ ਹੱਦਾਂ ਤੋਂ ਕੁਝ ਝਗੜਾ ਚਲ ਰਿਹਾ ਸੀ। ਗੁਰੂ ਜੀ ਨੇ ਇਸ ਝਗੜੇ ਨੂੰ ਨਿਬੇੜ ਕੇ ਦੋਹਾਂ ਰਾਜਿਆਂ ਦੀ ਸੁਲਾਹ ਕਰਾ ਦਿੱਤੀ।

ਗੁਰੂ ਗੋਬਿੰਦ ਸਿੰਘ ਜੀ ਦਾ ਜੱਸ ਸੁਣ ਕੇ ਸਢੌਰੇ ਦਾ ਪੀਰ ਬੁੱਧੂ ਸ਼ਾਹ ਗੁਰੂ ਜੀ ਦਾ ਦਰਸ਼ਨ ਕਰਨ ਲਈ ਆਇਆ। ਕੁਝ ਸਮੇਂ ਪਿਛੋਂ ਪੀਰ ਬੁੱਧੂ ਸ਼ਾਹ ਨੇ ਔਰੰਗਜ਼ੇਬ ਦੀ ਨੌਕਰੀ ਤੋਂ ਹਟਾਏ ਪੰਜ ਸੌ ਫੌਜੀ ਪਠਾਣਾਂ ਨੂੰ ਗੁਰੂ ਜੀ ਕੋਲ ਨੌਕਰ ਕਰਵਾ ਦਿੱਤਾ। ਇਹਨਾਂ ਪਠਾਣਾਂ ਦੇ ਹਯਾਤ ਖ਼ਾਂ, ਨਜਾਬਤ ਖ਼ਾਂ, ਭੀਖਣ ਖ਼ਾਂ ਆਦਿਕ ਪੰਜ ਸਰਦਾਰ ਸਨ।

ਭੀਮ ਚੰਦ ਨੇ ਆਪਣੇ ਲੜਕੇ ਦੀ ਜੰਞ ਲੈ ਕੇ ਫਤੇਸ਼ਾਹ ਦੇ ਘਰ ਢੁਕਣਾ ਸੀ। ਗੁਰੂ ਜੀ ਨੇ ਭੀਮ ਚੰਦ ਨੂੰ ਜੰਞ ਲੈ ਕੇ ਪਾਂਵਟੇ ਵਿਚੋਂ ਲੰਘਣ ਦੀ ਆਗਿਆ ਨਾ ਦਿੱਤੀ, ਜਿਸ ਕਰਕੇ ਭੀਮ ਚੰਦ ਬਹੁਤ ਦੁਖੀ ਹੋਇਆ। ਫਤੇਸ਼ਾਹ ਨੇ ਗੁਰੂ ਜੀ ਨੂੰ ਵੀ ਸੱਦਾ ਪੱਤਰ ਭੇਜਿਆ ਸੀ। ਗੁਰੂ ਜੀ ਨੇ ਸਵਾ ਲੱਖ ਰੁਪਿਆ ਤੰਬੋਲ ਵਜੋਂ ਦੀਵਾਨ ਨੰਦ ਚੰਦ ਹੱਥ ਭੇਜਿਆ। ਤੰਬੋਲ ਦੇਣ ਸਮੇਂ ਗੁਰੂ ਜੀ ਦਾ ਨਾਮ ਬੋਲਿਆ ਗਿਆ। ਭੀਮ ਚੰਦ ਗੁਰੂ ਜੀ ਦਾ ਨਾਮ ਸੁਣ ਕੇ ਬਹੁਤ ਦੁਖੀ ਹੋਇਆ ਤੇ ਉਸਨੇ ਫਤੇਸ਼ਾਹ ਨੂੰ ਕਿਹਾ ਕਿ ਗੁਰੂ ਨਾਲ ਮੇਰਾ ਵਿਰੋਧ ਹੈ, ਤੂੰ ਉਸ ਦਾ ਤੰਬੋਲ ਮੋੜ ਦੇ, ਮੈ ਤਾਂ ਹੀ ਤੇਰੇ ਨਾਲ ਸੰਬੰਧ ਰੱਖਾਂਗਾ। ਮੈਂ ਤੇਰੀ ਧੀ ਦਾ ਡੋਲਾ ਤਾਂ ਹੀ ਲਿਜਾਵਾਂਗਾ, ਜੇ ਤੂੰ ਵਿਆਹ ਤੋਂ ਬਾਅਦ ਮੇਰੇ ਨਾਲ ਰਲ ਕੇ ਗੁਰੂ ਨਾਲ ਜੰਗ ਕਰੇਂਗਾ।

ਅਖੀਰ ਫਤੇਸ਼ਾਹ ਨੂੰ ਭੀਮ ਚੰਦ ਦੀ ਇਹ ਸ਼ਰਤ ਮੰਨਣੀ ਪਈ। ਗੁਰੂ ਜੀ ਨੂੰ ਵੀ ਪਹਾੜੀ ਰਾਜਿਆਂ ਦੀ ਇਸ ਚੜ੍ਹਤ ਦਾ ਪਤਾ ਲਗ ਗਿਆ। ਆਪ ਨੇ ਪਾਂਵਟੇ ਤੋਂ ਸੱਤ ਮੀਲ ਪੂਰਬ ਵਲ 'ਭੰਗਾਣੀ' ਪਿੰਡ ਦੇ ਮੈਦਾਨ ਵਿਚ ਮੋਰਚੇ ਜਾ ਗੱਡੇ ਤੇ ਪਹਾੜੀ ਰਾਜਿਆਂ ਦੇ ਫੌਜ ਲੈ ਕੇ ਆਉਣ ਦੀ ਉਡੀਕ ਕਰਨ ਲੱਗੇ।

ਜੰਗ ਸਿਰ ਤੇ ਆਇਆ ਵੇਖ ਕੇ ਪੀਰ ਬੁੱਧੂ ਸ਼ਾਹ ਵੱਲੋਂ ਗੁਰੂ ਜੀ ਦੀ ਫੌਜ ਵਿਚ ਨੌਕਰ ਰਖਾਏ ਪਠਾਣ ਬੇਈਮਾਨ ਹੋ ਕੇ ਸਾਥ ਛੱਡ ਗਏ ਤੇ ਗੁਰੂ ਜੀ ਦੇ ਡੇਰੇ ਨੂੰ ਲੁੱਟਣ ਦਾ ਲਾਲਚ ਕਰਕੇ ਪਹਾੜੀਆਂ ਨਾਲ ਜਾ ਰਲੇ।

ਪਹਾੜੀ ਫੌਜਾਂ ਦੇ ਆ ਜਾਣ ਨਾਲ ਜੰਗ ਆਰੰਭ ਹੋਇਆ। ਇਸ ਜੰਗ ਵਿਚ ਗੁਰੂ ਜੀ ਵਲੋਂ ਹੇਠ ਲਿਖੇ ਸੂਰਮੇ ਮੈਦਾਨ ਵਿਚ ਆਏ-ਸੰਗੋ ਸ਼ਾਹ, ਜੀਤ ਮੱਲ, ਗਾਜੀ ਗੁਲਾਬ, ਮਾਹਰੀ ਚੰਦ, ਗੈਹਮ ਰਾਮ, ਲਾਲ ਚੰਦ, ਪ੍ਰੋਹਤ ਦਯਾ ਰਾਮ, ਕਿਰਪਾਲ ਚੰਦ ਉਦਾਸੀ, ਦੀਵਾਨ ਨੰਦ ਚੰਦ, ਮਾਮਾ ਕਿਰਪਾਲ ਦਾਸ ਤੇ ਸਾਹਿਬ ਚੰਦ।

ਖੜਾ ਭਿਆਨਕ ਯੁੱਧ ਹੋਇਆ। ਗੁਰੂ ਜੀ ਆਪ ਇਸ ਯੁੱਧ ਵਿਚ ਸਾਹਮਣੇ ਹੋ ਕੇ ਲੜੇ। ਸੰਗੋ ਸ਼ਾਹ (ਗੁਰੂ ਜੀ ਦੀ ਭੂਆ ਦਾ ਪੁੱਤਰ, ਭਰਾ) ਇਸ ਜੰਗ ਵਿਚ ਸ਼ਹੀਦ ਹੋ ਗਿਆ। ਪਹਾੜੀਆਂ ਦੇ ਹਰੀ ਚੰਦ, ਕੋਟ ਲੈਹਰ ਦਾ ਰਾਜਾ, ਤਯਾਤ ਖ਼ਾਂ ਤੇ ਨਿਜਾਬਤ ਖ਼ਾਂ ਮਾਰੇ ਗਏ।

ਅੰਤ ਇਸ ਜੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਜਿੱਤ ਹੋਈ ਤੇ ਪਹਾੜੀ ਰਾਜੇ ਹਾਰ ਕੇ ਨੱਸ ਗਏ :

ਰਣੰ ਤਿਆਗਿ ਭਾਗੇ। ਸਭੈ ਤ੍ਰਾਸ ਪਾਗੇ।
ਭਈ ਜੀਤ ਮੇਰੀ। ਕ੍ਰਿਪਾ ਕਾਲ ਕੇਰੀ।

ਚਾਰ ਸਾਲ ਅਨੰਦਪੁਰ ਤੋਂ ਬਾਹਰ ਰਹਿਣ ਕਰਕੇ ਪਿਛੇ ਅਨੰਦਪੁਰ ਵੀਰਾਨ ਹੋ ਚੁੱਕਾ ਸੀ। ਗੁਰੂ ਜੀ ਨੇ ਪਾਂਵਟੇ ਤੋਂ ਵਾਪਸ ਆ ਕੇ ਇਸ ਨਗਰ ਨੂੰ ਮੁੜ ਆਬਾਦ ਕੀਤਾ।

ਨੌਂਵੇਂ ਅਧਿਆਇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਨਦਾਉਣ (ਨਦੌਣ) ਦੇ ਯੁੱਧ ਦਾ ਵਰਣਨ ਕੀਤਾ ਹੈ। ਔਰੰਗਜ਼ੇਬ ਦੇ ਹੁਕਮ ਅਨੁਸਾਰ 'ਮੀਆਂ ਖ਼ਾਂ' ਅਤੇ 'ਅਲਫ ਖ਼ਾਂ' ਪਹਾੜੀ ਰਾਜਿਆਂ ਤੋਂ ਤਿੰਨ ਸਾਲ ਦਾ ਰਜ-ਕਰ ਵਸੂਲਣ ਲਈ, ਸੰਮਤ 1746 (ਸੰਨ 1689) ਵਿਚ, ਫੌਜ ਲੈ, ਚੜ ਆਏ। 'ਨਦਾਉਣ' (ਤਸੀਲ ਹਮੀਰਪੁਰ, ਜ਼ਿਲਾ ਕਾਂਗੜਾ) ਤੇ ਭੀਮ ਚੰਦ, ਕਹਲੂਰਪਤੀ ਨਾਲ ਲੜਾਈ ਹੋਈ। ਭੀਮ ਚੰਦ ਨੇ ਗੁਰੂ ਜੀ ਨੂੰ ਸਹਾਇਤਾ ਲਈ ਬੇਨਤੀ ਕੀਤੀ। 'ਸਬੈ ਬੀਰ ਬੋਲੈ ਹਮੈ ਭੀ ਬੁਲਾਯੋ।' ਪਹਾੜੀ ਰਾਜਿਆਂ ਦੀ ਜਿੱਤ ਹੋਈ ਅਤੇ ਗੁਰੂ ਜੀ ਭੀਮ ਚੰਦ ਪਾਸ ਕੁਝ ਸਮਾਂ ਰਹਿ ਕੇ 'ਇਤ ਹਮ ਹੋਇ ਬਿਦਾ ਘਰਿ ਆਏ' ਅਨੰਦਪੁਰ ਆ ਗਏ। ਆਉਂਦਿਆਂ ਰਸਤੇ ਵਿਚ ਆਲਸੂਨ ਪਿੰਡ ਦੇ ਆਕੀਆਂ ਨੂੰ ਸੋਧਿਆ। ਭੀਮ ਚੰਦ ਵਿਰੋਧੀ ਰਾਜਿਆਂ ਨਾਲ ਸੁਲਾਹ ਕਰਨ ਲਈ ਉਹਨਾਂ ਵੱਲ ਚਲਾ ਗਿਆ।

ਦਸਵੇਂ ਅਧਿਆਇ ਵਿਚ ਗੁਰੂ ਜੀ ਨੇ ਅਨੰਦਪੁਰ ਦੇ ਇਕ ਹੋਰ ਜੰਗ ਦਾ ਵਰਣਨ ਕੀਤਾ ਹੈ। ਅਲਫ ਖ਼ਾਂ ਹਾਰ ਕੇ ਸਿੱਧਾ ਲਾਹੌਰ ਪਹੁੰਚ ਗਿਆ। ਦਿਲਾਵਰ ਖ਼ਾਂ ਨੇ ਉਸ ਤੋਂ ਸਾਰਾ ਸਮਾਚਾਰ ਸੁਣ ਕੇ ਆਪਣੇ ਪੁੱਤਰ ਨੂੰ ਫੌਜ ਦੇ ਕੇ ਅਨੰਦਪੁਰ ਵੱਲ ਭੇਜਿਆ। ਰਾਤ ਵੇਲੇ ਉਹ ਨਦੀ ਪਾਰ ਆ ਉਤਰਿਆ। ਗੁਰੂ ਜੀ ਉਸ ਸਮੇਂ ਬਿਸਰਾਮ ਕਰ ਰਹੇ ਸਨ। ਫੌਜ ਦੇ ਆਉਣ ਦੀ ਖਬਰ ਆਲਮ ਸਿੰਘ ਡਿਓਢੀ ਬਰਦਾਰ ਨੂੰ ਮਿਲੀ। ਉਸ ਨੇ ਉਸੇ ਵੇਲੇ ਗੁਰੂ ਜੀ ਨੂੰ ਜਗਾ ਕੇ ਇਹ ਖਬਰ ਸੁਣਾਈ। ਆਪ ਜੀ ਨੇ ਧੌਸਾ ਵਜਾ ਕੇ ਸਭ ਸਿਖ ਫੌਜਾਂ ਨੂੰ ਤਿਆਰੀ ਦਾ ਹੁਕਮ ਦੇ ਦਿੱਤਾ। ਤੋਪਾਂ ਬੰਦੂਕਾਂ ਚੱਲਣ ਲੱਗੀਆਂ ਤੇ ਨਗਾਰੇ ਖੜਕਣ ਲੱਗੇ। ਖਾਨਜ਼ਾਦਾ ਬੜਾ ਹੈਰਾਨ ਹੋਇਆ ਕਿ ਸਾਡੇ ਆਉਣ ਦੀ ਖਬਰ ਗੁਰੂ ਜੀ ਨੂੰ ਕਿਵੇਂ ਮਿਲ ਗਈ? ਉਸ ਰਾਤ ਦੀ ਠੰਢ ਨੇ ਸਭ ਤੁਰਕ ਫੌਜਾਂ ਨੂੰ ਸੁੰਨ ਕਰ ਦਿੱਤਾ। ਖਾਨਜ਼ਾਦਾ ਦਿਲ ਛੱਡ ਕੇ ਬਿਨਾਂ ਜੰਗ ਕੀਤਿਆਂ ਹੀ ਪਿਛਾਂਹ ਨੂੰ ਭੱਜ ਗਿਆ। ਰਸਤੇ ਵਿਚ ਬਰਣਾ ਪਿੰਡ ਨੂੰ ਲੁੱਟ ਕੇ ਉਹ ਭਾਲਣ ਪਿੰਡ ਜਾ ਟਿਕਿਆ। ਅਨੰਦਪੁਰ ਨੂੰ ਲੁੱਟਣ ਦੀ ਬਜਾਏ ਖਾਨਜ਼ਾਦੇ ਨੇ ਬਰਣਾ ਪਿੰਡ ਨੂੰ ਲੁੱਟ ਕੇ ਆਪਣਾ ਜੰਗ ਕਰਨ ਦਾ ਸ਼ੌਕ ਪੂਰਾ ਕਰ ਲਿਆ।

ਗਿਆਰਵੇਂ ਅਧਿਆਇ ਵਿਚ ਹੁਸੈਨੀ ਯੁੱਧ ਦਾ ਵਰਣਨ ਹੈ। ਦਿਲਾਵਰ ਖ਼ਾਂ ਦੇ ਪੁੱਤਰ ਰੁਸਤਮ ਖ਼ਾਂ ਦੇ ਹਾਰ ਖਾ ਕੇ ਲਾਹੌਰ ਪੁੱਜਣ 'ਤੇ ਗੁਲਾਮ ਹੁਸੈਨੀ ਖ਼ਾਂ ਨੂੰ ਦੋ ਹਜ਼ਾਰ ਪਠਾਣਾਂ ਦੀ ਫੌਜ ਨਾਲ ਹਮਲੇ ਲਈ ਭੇਜਿਆ ਗਿਆ। ਉਸ ਨੇ ਪਹਾੜ ਵਿਚ ਵੜਦਿਆਂ ਹੀ ਲੁੱਟ ਮਾਰ ਸ਼ੁਰੂ ਕਰ ਦਿੱਤੀ। ਪਹਾੜੀ ਰਾਜਿਆਂ ਨੇ ਟਾਕਰਾ ਕੀਤਾ ਅਤੇ ਗੁਰੂ ਜੀ ਦੀ ਮੱਦਦ ਮੰਗੀ। ਘੋਰ ਯੁੱਧ ਹੋਇਆ। ਪਹਾੜੀਆਂ ਦੀ ਜਿੱਤ ਹੋਈ। ਇਸ ਜੰਗ ਦੇ ਖਤਮ ਹੋਣ ਤੇ ਗੁਰੂ ਜੀ ਅਕਾਲ ਪੁਰਖ ਦਾ ਧੰਨਵਾਦ ਕਰਦੇ ਹਨ ਕਿ ਵੈਰੀ ਅਨੰਦਪੁਰ ਪਹੁੰਚਣ ਤੋਂ ਪਹਿਲਾਂ ਹੀ ਰਸਤੇ ਵਿਚ ਮੌਤ ਦੇ ਘਰ ਜਾ ਵਸਿਆ ਹੈ। ਜਿਹੜਾ ਜੰਗ ਦਾ ਬੱਦਲ ਅਨੰਦਪੁਰ 'ਤੇ ਵੱਸਣ ਲਈ ਚੜ੍ਹਿਆ ਸੀ ਉਹ ਕਿਸੇ ਹੋਰ ਥਾਂ ਹੀ ਜਾ ਵਸਿਆ ਹੈ

ਰਾਖਿ ਲੀਯੋ ਹਮ ਕੋ ਜਗਰਾਈ।

ਲੋਹ ਘਟਾ ਅਨ ਤੇ ਬਰਸਾਈ।

ਬਾਰ੍ਹਵੇਂ ਅਧਿਆਇ ਵਿਚ ਗੁਰੂ ਜੀ ਨੇ ਹੁਸੈਨੀ ਦੇ ਮਾਰੇ ਜਾਣ ਤੋਂ ਬਾਅਦ ਰੁਸਤਮ ਖ਼ਾਂ ਦੇ ਜੰਗ ਦਾ ਹਾਲ ਵਰਣਨ ਕੀਤਾ ਹੈ।

ਹੁਸੈਨੀ ਦੇ ਜੰਗ ਵਿਚ ਹਾਰ ਜਾਣ ਉਪਰੰਤ ਸ਼ਾਹੀ ਫੌਜ ਲਾਹੌਰ ਪਰਤ ਆਈ। ਸੂਬਾ ਦਿਲਾਵਰ ਖ਼ਾਂ ਜੰਗ ਵਿਚ ਹੁਸੈਨੀ ਦੇ ਮਾਰੇ ਜਾਣ ਦਾ ਸਮਾਚਾਰ ਸੁਣ ਕੇ ਬੜੇ ਕਰੋਧ ਵਿਚ ਆ ਗਿਆ। ਉਸਨੇ ਉਸੇ ਵੇਲੇ ਰੁਸਤਮ ਖ਼ਾਂ ਨੂੰ ਫੌਜ ਦੇ ਕੇ ਜੰਗ ਕਰਨ ਲਈ ਭੇਜ ਦਿੱਤਾ। ਰਾਜਾ ਚੰਦਨ ਰਾਇ, ਜੁਝਾਰ ਸਿੰਘ, ਗਜ ਸਿੰਘ ਜਸਵਾਲੀਏ, ਆਦਿ ਨੇ ਮੁਕਾਬਲਾ ਕੀਤਾ ਅਤੇ ਫੌਜ ਨੂੰ ਭਜਾ ਦਿੱਤਾ। ਚੰਦਨ ਰਾਇ ਅਤੇ ਜੁਝਾਰ ਸਿੰਘ ਸ਼ਹੀਦੀ ਪਾ ਗਏ ਅਤੇ ਸ਼ਾਹੀ ਫੌਜ ਬਿਮਾਰੀ ਦਾ ਬਹਾਨਾ ਬਣਾ ਕੇ ਲਾਹੌਰ ਮੁੜ ਗਈ।

ਤੇਰ੍ਹਵੇਂ ਅਧਿਆਇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਾਹਜ਼ਾਦਾ ਮੁਅਜ਼ਮ ਖਾਂ ਦੀ ਚੜ੍ਹਾਈ ਦਾ ਵਰਣਨ ਕੀਤਾ ਹੈ। ਦਿਲਾਵਰ ਖ਼ਾਂ ਦੀਆਂ ਫੌਜਾਂ ਦੇ ਕਈ ਵਾਰੀ ਹਾਰ ਜਾਣ ਦੀ ਖ਼ਬਰ ਜਦੋਂ ਔਰੰਗਜ਼ੇਬ ਨੂੰ ਦੱਖਣ ਵਿਚ ਮਿਲੀ ਤਾਂ ਉਸਨੇ ਆਪਣੇ ਪੁੱਤਰ ਮੁਅਜ਼ਮ ਖ਼ਾਂ ਨੂੰ (ਬਹਾਦਰ ਸ਼ਾਹ) ਮੁਹਿੰਮ ਲਈ ਤੋਰਿਆ। ਸ਼ਾਹਜ਼ਾਦੇ ਦੇ ਆਉਣ ਦੀ ਖ਼ਬਰ ਸੁਣ ਕੇ ਕਾਇਰ ਪਹਾੜੀਏ ਆਪਣੇ ਘਰਾਂ ਨੂੰ ਛੱਡ ਕੇ ਦੂਰ ਪਹਾੜਾਂ ਵਿਚ ਜਾ ਲੁਕੇ। ਗੁਰੂ ਜੀ ਨੂੰ ਕਈ ਡਰਪੋਕਾਂ ਨੇ ਡਰਾਇਆ ਕਿ ਤੁਸੀਂ ਵੀ ਇਸ ਆ ਰਹੇ ਤੂਫਾਨ ਤੋਂ ਬਚ ਕੇ ਲਾਂਭੇ ਹੋ ਜਾਉ। ਅਕਾਲ ਪੁਰਖ ਦੇ ਆਸਰੇ ਵਿਚ ਰਹਿਣ ਵਾਲੇ ਗੁਰੂ ਜੀ ਅਨੰਦਪੁਰ ਵਿਚ ਡਟੇ ਰਹੇ। ਕਈ ਬੁਜ਼ਦਿਲ ਗੁਰੂ ਜੀ ਦਾ ਸਾਥ ਛੱਡ ਕੇ ਭੱਜ ਗਏ।

ਇਧਰ ਨੂੰ ਚੜ੍ਹਾਈ ਕਰਕੇ ਆ ਰਿਹਾ ਮੁਅਜ਼ਮ ਖ਼ਾਂ ਆਪ ਤਾਂ ਲਾਹੌਰ ਚਲਾ ਗਿਆ ਤੇ ਆਪਣੇ ਇਕ ਅਹਿਦੀਏ ਨੂੰ ਅਨੰਦਪੁਰ ਭੇਜ ਦਿੱਤਾ। ਉਸ ਅਹਿਦੀਏ ਦਾ ਨਾਂ ਮਿਰਜ਼ਾ ਜਾਫ਼ਰ ਬੇਗ ਸੀ। ਉਹ ਬੜਾ ਨੇਕ ਦਿਲ ਇਨਸਾਨ ਸੀ। ਉਸ ਨੇ ਅਨੰਦਪੁਰ ਵਿਚ ਪਹੁੰਚ ਕੇ ਗੁਰੂ ਜੀ ਦੇ ਸਮਾਚਾਰ ਸੁਣੇ ਤਾਂ ਉਹ ਗੁਰੂ ਘਰ ਦਾ ਪ੍ਰੇਮੀ ਹੋ ਗਿਆ। ਉਸ ਨੇ ਗੁਰੂ ਜੀ ਦਾ ਸੰਗ ਛੱਡ ਕੇ ਗਏ ਸਭ ਬੇਮੁਖਾਂ ਦੇ ਘਰ ਢੁਹਾ ਦਿੱਤੇ, ਉਹਨਾਂ ਨੂੰ ਫੜ ਫੜ ਕੇ ਸਜ਼ਾਵਾਂ ਦਿੱਤੀਆਂ। ਔਰੰਗਜ਼ੇਬ ਨੇ ਆਪਣੇ ਕੋਲੋਂ ਚਾਰ ਹੋਰ ਅਹਿਦੀਏ ਭੇਜੇ ਪਰ ਗੁਰੂ ਜੀ ਦਾ ਉਹਨਾਂ ਨੇ ਕੋਈ ਨੁਕਸਾਨ ਨਾ ਕੀਤਾ ਤੇ ਵਾਪਸ ਚਲੇ ਗਏ। ਉਹਨਾਂ ਦੇ ਵਾਪਸ ਚਲੇ ਜਾਣ ਤੋਂ ਬਾਅਦ ਗੁਰੂ ਜੀ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਲਿਖਦੇ ਹਨ :

ਜਿਸਨੋ ਸਾਜਨ ਰਾਖਸੀ, ਦੁਸਮਨ ਕਵਨ ਬਿਚਾਰ।
ਛ੍ਵੈ ਨ ਸਕੈ ਤਿਹ ਛਾਂਹਿ ਕੌ, ਨਿਹਫਲ ਜਾਇ ਗਵਾਰ।

ਇਸ ਬਿਚਿਤ੍ਰ ਨਾਟਕ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰਿਸ਼ਟੀ-ਰਚਨਾ, ਦੈਂਤਾਂ, ਦੇਵਤਿਆਂ, ਅਵਤਾਰਾਂ, ਸ੍ਰੀ ਰਾਮ ਜੀ, ਲਉ, ਕੁਸ਼ੂ, ਕਈ ਰਾਜਿਆਂ, ਬੇਦੀ ਬੰਸ ਤੇ ਸੋਢੀ ਬੰਸ ਦੀ ਉਤਪਤੀ ਦਾ ਵਰਣਨ ਕੀਤਾ ਹੈ। ਆਪ ਨੇ ਆਪਣੇ ਪਿਛਲੇ ਜਨਮ ਦੇ ਸਮਾਚਾਰ, ਅਕਾਲ ਪੁਰਖ ਦੀ ਆਗਿਆ ਨਾਲ ਇਸ ਮਾਤਲੋਕ ਵਿਚ ਅਵਤਾਰ ਧਾਰਨ ਤੇ ਭੰਗਾਣੀ, ਹੁਸੈਨੀ ਤੇ ਨਦਾਉਣ ਆਦਿ ਜੰਗਾਂ ਨੂੰ ਬੜੇ ਵਿਸਥਾਰ ਨਾਲ ਲਿਖਿਆ ਹੈ। ਆਪਣੇ ਜੀਵਨ ਦੇ ਇਸ ਤੋਂ ਅਗਲੇ ਸਮਾਚਾਰ ਆਪ ਨੇ ਨਹੀਂ ਲਿਖੇ। ਜਿਵੇਂ ਇਸ ਬਾਣੀ ਦੇ ਆਰੰਭ ਦੇ ਪਹਿਲੇ ਅਧਿਆਇ ਵਿਚ ਆਪ ਜੀ ਨੇ ਅਕਾਲ ਪੁਰਖ ਦੀ ਉਸਤਤਿ ਕੀਤੀ ਹੈ, ਇਸੇ

ਤਰ੍ਹਾਂ ਅੰਤਲੇ ਅਧਿਆਇ ਵਿਚ ਵੀ 'ਅਕਾਲ ਪੁਰਖ' ਦੀ ਉਪਮਾ ਕੀਤੀ ਗਈ ਹੈ:

ਸਰਬਕਾਲ ਸਭ ਸਾਧ ਉਬਾਰੇ। ਦੁਖੁ ਦੈ ਕੈ ਦੋਖੀ ਸਭ ਮਾਰੇ।
ਅਦਭੁਤਿ ਗਤਿ ਭਗਤਨ ਦਿਖਰਾਈ। ਸਭ ਸੰਕਟ ਤੇ ਲਏ ਬਚਾਈ।
ਸਭ ਸੰਕਟ ਤੇ ਸੰਤ ਬਚਾਏ। ਸਭ ਕੰਟਕ ਕੰਟਕ ਜਿਮ ਘਾਏ।
ਦਾਸ ਜਾਨ ਮੁਰਿ ਕਰੀ ਸਹਾਇ। ਆਪ ਹਾਥੁ ਦੈ ਲਯੋ ਬਚਾਇ।

ਸਰਬਕਾਲ ਹੈ ਪਿਤਾ ਅਪਾਰਾ। ਦੇਬਿ ਕਾਲਿਕਾ ਮਾਤ ਹਮਾਰਾ।।
ਮਨੂਆ ਗੁਰ ਮੁਰਿ ਮਨਸਾ ਮਾਈ। ਜਿਨਿ ਮੋਕੋ ਸੁਭ ਕ੍ਰਿਆ ਪੜ੍ਹਾਈ।।

ਬਿਚਿਤ੍ਰ ਨਾਟਕ

੧ੴ ਸਤਿਗੁਰ ਪ੍ਰਸਾਦਿ।
ਅਥ[1] ਬਿਚਿੱਤ੍ਰ ਨਾਟਕ ਗ੍ਰੰਥ ਲਿਖਯਤੇ।
ਸ੍ਰੀ ਮੁਖਬਾਕ ਪਾਤਸਾਹੀ ੧੦

ਤ੍ਵ ਪ੍ਰਸਾਦਿ ਕਥਯਤੇ। ਦੋਹਰਾ।

ਨਮਸਕਾਰ ਸ੍ਰੀ ਖੜਗ ਕੋ, ਕਰੌਂ ਸੁ ਹਿਤੁ ਚਿਤੁ ਲਾਇ।
ਪੂਰਨ ਕਰੌਂ ਗਿਰੰਥ ਇਹੁ, ਤੁਮ ਮੁਹਿ ਕਰਹੁ ਸਹਾਇ। ੧। ੫੦੪।

ਸ੍ਰੀ ਕਾਲ ਜੀ ਕੀ ਉਸਤਤਿ।

ਤ੍ਰਿਭੰਗੀ ਛੰਦ।

ਖਗ ਖੰਡ ਬਿਹੰਡੰ ਖਲਦਲ ਖੰਡੰ,
ਅਤਿ ਰਣ ਮੰਡੰ ਬਰਬੰਡੰ।
ਭੁਜ ਦੰਡ ਅਖੰਡ, ਤੇਜ ਪ੍ਰਚੰਡੰ, ਜੋਤਿ ਅਮੰਡੰ, ਭਾਨੁ ਪ੍ਰਭੰ।
ਸੁਖ ਸੰਤਾਂ ਕਰਣੰ, ਦੁਰਮਤਿ ਦਰਣੰ
ਕਿਲਬਿਖ ਹਰਣੰ, ਅਸਿ ਸਰਣੰ।
ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ,
ਮਮ ਪ੍ਰਤਿਪਾਰਣ ਜੈ ਤੇਗੰ। ੨

ਭੁਜੰਗ ਪ੍ਰਯਾਤ ਛੰਦ।

ਸਦਾ ਏਕ ਜੋਤਯੰ, ਅਜੂਨੀ ਸਰੂਪੰ। ਮਹਾਂਦੇਵ ਦੇਵੰ, ਮਹਾਂ ਭੂਪ ਭੂਪੰ।
ਨਿਰੰਕਾਰ ਨਿਤਯੰ, ਨਿਰੂਪੰ ਨ੍ਰਿਬਾਣੰ।
ਕਲੰਕਾਰੱਣੇਯੰ ਨਮੋ ਖੜਗਪਾਣੰ[2] ।੩
ਨਿਰੰਕਾਰ ਨ੍ਰਿਬਿਕਾਰ[3], ਨਿੱਤਯੰ ਨਿਰਾਲੰ।
ਨ ਬ੍ਰਿਧੰ ਬਿਸੇਖੰ, ਨ ਤਰੁਨ ਨ ਬਾਲੰ

---

1 ਮੰਗਲ ਸੂਚਕ ਸ਼ਬਦ ਜੋ ਗ੍ਰੰਥ ਦੇ ਆਰੰਭ ਵਿਚ ਵਰਤਣ ਦੀ ਰੀਤ ਚਲੀ ਆਉਂਦੀ ਹੈ 2 ਹੱਥ ਵਿੱਚ ਖੜਗਧਾਰੀ
3 ਜੋ ਵਿਕਾਰ ਤੋਂ ਰਹਿਤ ਹੈ

ਨ ਰੰਕੰ ਨ ਰਾਯੰ, ਨ ਰੂਪੰ ਨ ਰੇਖੰ।
ਨ ਰੰਗੰ ਨ ਰਾਗੰ, ਅਪਾਰੰ ਅਭੇਖੰ। ੪
ਨ ਰੂਪੰ ਨ ਰੇਖੰ, ਨ ਰੰਗੰ ਨ ਰਾਗੰ।
ਨ ਨਾਮੰ ਨ ਠਾਮੰ, ਮਹਾਂ ਜੋਤਿ ਜਾਗੰ।
ਨ ਦ੍ਵੈਖੰ ਨ ਭੇਖੰ, ਨਿਰੰਕਾਰ ਨਿੱਤਯੰ।
ਮਹਾਂ ਜੋਗ ਜੋਗੰ, ਸੁ ਪਰਮੰ ਪਵਿਤਯੰ। ੫
ਅਜੇਯੰ[4] ਅਭੇਯੰ[5] ਅਨਾਮੰ ਅਠਾਮੰ।
ਮਹਾ ਜੋਗ ਜੋਗੰ, ਮਹਾ ਕਾਮ ਕਾਮੰ।
ਅਲੇਖੰ ਅਭੇਖੰ ਅਨੀਲੰ ਅਨਾਦੰ
ਪਰੇਯੰ ਪਵਿਤ੍ਰੰ ਸਦਾ ਨ੍ਰਿਬਖਾਦੰ[6]।੬
ਸੁਆਦੰ[7] ਅਨਾਦੰ[8] ਅਨੀਲੰ ਅਨੰਤੰ।
ਅਦ੍ਵੈਖੰ ਅਭੇਖੰ ਮਹੇਸੰ ਮਹੰਤੰ।
ਨ ਰੋਖੰ ਨ ਸੋਖੰ ਨ ਦ੍ਰੋਹੰ ਨ ਮੋਹੰ।
ਨ ਕਾਮੰ ਨ ਕ੍ਰੋਧੰ ਅਜੋਨੀ ਅਜੋਹੰ[9]।੭
ਪਰੇਯੰ[10] ਪਵਿਤ੍ਰੰ ਪੁਨੀਤੰ ਪੁਰਾਣੰ।
ਅਜੇਯੰ ਅਭੇਯੰ[11] ਭਵਿਖਯੰ ਭਵਾਣੰ।
ਨ ਰੋਗੰ ਨ ਸੋਗੰ ਸੁਨਿਤਯੰ ਨਵੀਨੰ।
ਅਜਾਯੰ ਸਹਾਯੰ ਪਰਮੰ ਪ੍ਰਬੀਨੰ। ੮
ਸੁਭੂਤੰ ਭਵਿਖਯੰ, ਭਵਾਨੰ ਭਵੇਯੰ[12],
ਨਮੋ ਨ੍ਰਿਬਿਕਾਰੰ, ਨਮੋ ਨ੍ਰਿਜੁਰੇਯੰ[13]।
ਨਮੋ ਦੇਵ ਦੇਵੰ, ਨਮੋ ਰਾਜ ਰਾਜੰ।
ਨਿਰਾਲੰਬ[14] ਨਿਤਯੰ, ਸੁ ਰਾਜਾਧਿਰਾਜੰ। ੯
ਅਲੇਖੰ ਅਭੇਖੰ, ਅਭੂਤੰ ਅਦ੍ਵੈਖੰ।
ਨ ਰਾਗੰ ਨ ਰੰਗੰ ਨ ਰੂਪੰ ਨ ਰੇਖੰ।
ਮਹਾਂ ਦੇਵ ਦੇਵੰ, ਮਹਾਂ ਜੋਗ ਜੋਗੰ।
ਮਹਾਂ ਕਾਮ ਕਾਮੰ, ਮਹਾਂ ਭੋਗ ਭੋਗੰ। ੧੦
ਕਹੂੰ ਰਾਜਸੰ ਤਾਮਸੰ, ਸਾਤਕੇਯੰ।
ਕਹੂੰ ਨਾਰਿ ਕੋ ਰੂਪ ਧਾਰੇ ਨਰੇਯੰ।
ਕਹੂੰ ਦੇਵੀਯੰ ਦੇਵਤੰ, ਦਈਤ ਰੂਪੰ।
ਕਹੂੰ ਰੂਪੰ ਅਨੇਕ ਧਾਰੇ ਅਨੂਪੰ। ੧੧
ਕਹੂੰ ਫੂਲ ਹ੍ਵੈ ਕੈ, ਭਲੇ ਰਾਜ ਫੂਲੇ।
ਕਹੂੰ ਭਵਰ ਹ੍ਵੈ ਕੈ, ਭਲੀ ਭਾਂਤਿ ਭੂਲੇ।
ਕਹੂੰ ਪਵਨ ਹ੍ਵੈ ਕੈ, ਬਹੇ ਬੇਗਿ ਐਸੇ।

---

4. ਜੋ ਜਿੱਤਿਆ ਨਹੀਂ ਜਾ ਸਕਦਾ 5. ਭੈ ਤੋਂ ਬਿਨਾਂ 6. ਨਿਰਵਿਸ਼ਾਦ 7. ਉਹ ਸਭਦਾ ਆਦਿ (ਮੁੱਢ) ਹੈ
8. ਜਿਸਦਾ ਕੋਈ ਆਦਿ (ਮੁੱਢ) ਨਹੀਂ 9. ਨਾ ਦਿੱਸਣ ਵਾਲਾ। 10. ਮਨ, ਬਾਣੀ ਤੋਂ ਪਰੇ 11. ਭੈ ਤੋਂ ਬਿਨਾਂ
12. ਹੁੰਦਾ ਰਿਹਾ ਹੈ, ਹੁਣ ਹੈ ਤੇ ਹੋਵੇਗਾ 13. ਨਿਰਲੇਪ ਨੂੰ 14. ਕਿਸੇ ਦੇ ਆਸਰੇ ਨਹੀਂ

ਕਹੇ ਮੋ ਨ ਆਵੈ, ਕਥੋਂ ਤਾਹਿ ਕੈਸੇ। ੧੨
ਕਹੂੰ ਨਾਦ ਹ੍ਵੈ ਕੈ, ਭਲੀ ਭਾਂਤਿ ਬਾਜੇ।
ਕਹੂੰ ਪਾਰਧੀ ਹ੍ਵੈ, ਧਰੇ ਬਾਨ ਰਾਜੇ।
ਕਹੂੰ ਮ੍ਰਿਗ ਹੈ ਕੈ, ਭਲੀ ਭਾਂਤਿ ਮੋਹੇ।
ਕਹੂੰ ਕਾਮਕੀ ਜਿਉ, ਧਰੇ ਰੂਪ ਸੋਹੇ। ੧੩
ਨਹੀਂ ਜਾਨਿ ਜਾਈ[15], ਕਛੂ ਰੂਪ ਰੇਖੰ।
ਕਹਾਂ ਬਾਸ ਤਾ ਕੋ, ਫਿਰੈ ਕਉਨ ਭੇਖੰ।
ਕਹਾ ਨਾਮ ਤਾ ਕੋ, ਕਹਾ ਕੈ ਕਹਾਵੈ।
ਕਹਾ ਮੈ ਬਖਾਨੋ, ਕਹੇ ਮੋ ਨ ਆਵੈ। ੧੪
ਨ ਤਾਕੋ ਕੋਈ, ਤਾਤ ਮਾਤੰ ਨਭਾਯੰ।
ਨ ਪੁਤ੍ਰੰ ਨ ਪੌਤ੍ਰੰ ਨ ਦਾਯਾ ਨ ਦਾਯੰ।
ਨ ਨੇਹੰ ਨ ਗੇਹੰ, ਨ ਸੈਨੰ ਨ ਸਾਥੰ।
ਮਹਾਂ ਰਾਜ ਰਾਜੰ, ਮਹਾਂ ਨਾਥ ਨਾਥੰ। ੧੫
ਪਰਮੰ ਪੁਰਾਨੰ, ਪਵਿਤ੍ਰੰ ਪਰੇਯੰ।
ਅਨਾਦੰ ਅਨੀਲੰ, ਅਸੰਭੰ ਅਜੇਯੰ।
ਅਭੇਦੰ ਅਛੇਦੰ, ਪਵਿਤ੍ਰੰ ਪ੍ਰਮਾਥੰ।
ਮਹਾਂ ਦੀਨ ਦੀਨੰ ਮਹਾਂ ਨਾਥ ਨਾਥੰ। ੧੬
ਅਦਾਗੰ ਅਦੱਗੰ, ਅਲੇਖੰ ਅਭੇਖੰ।
ਅਨੰਤੰ ਅਨੀਲੰ, ਅਰੂਪੰ ਅਦ੍ਵੈਖੰ।
ਮਹਾਂ ਤੇਜ ਤੇਜੰ, ਮਹਾਂ ਜ੍ਵਾਲ ਜ੍ਵਾਲੰ।
ਮਹਾਂ ਤੰਤ੍ਰ ਮੰਤ੍ਰੰ ਮਹਾਂ ਕਾਲ ਕਾਲੰ। ੧੭
ਕਰੰ ਬਾਮ ਚਾਪਯੰ, ਕ੍ਰਿਪਾਣੰ ਕਰਾਲੰ।
ਮਹਾਂ ਤੇਜ ਤੇਜੰ, ਬਿਰਾਜੈ ਬਿਸਾਲੰ।
ਮਹਾਂ ਦਾੜ੍ਹ ਦਾੜੰ ਸੁ ਸੋਹੰ ਅਪਾਰੰ।
ਜਿਨੈ ਚਰਬੀਯੰ, ਜੀਵ ਜੱਗਯੰ ਹਜਾਰੰ। ੧੮
ਡਮਾ ਡਮ ਡਉਰੂ, ਸਿਤਾਸੇਤ ਛੱਤ੍ਰੰ।
ਹਾਹਾ ਹੂਹ ਹਾਸੰ, ਝਮਾ ਝੱਮ ਅੱਤ੍ਰੰ।
ਮਹਾਂ ਘੋਰ ਸਬਦੰ, ਬਜੇ ਸੰਖ ਐਸੰ,
ਪ੍ਰਲੈਕਾਲ ਕੇ ਕਾਲ, ਕੀ ਜ੍ਵਾਲ ਜੈਸੰ। ੧੯

ਰਸਾਵਲ ਛੰਦ

ਘਣੰ ਘੰਟ ਬਾਜੰ। ਧੁਣੰ ਮੇਘ ਲਾਜੰ।
ਭਯੋ ਸੱਦ ਏਵੰ। ਹੜ੍ਯੋ ਨੀਰਧੇਵੇ। ੨੦
ਘੁਰੰ ਘੁੰਘਰੇਯੰ। ਧੁਣੰ ਨੇਵਰੇਯੰ।

15 ਨਹੀ ਜਾਣਿਆ ਜਾਂਦਾ

ਮਹਾਂ ਨਾਦ ਨਾਦੰ। ਸੁਰੰ ਨਿਰਬਿਖਾਦੰ। ੨੧
ਸਿਰੰ ਮਾਲ ਰਾਜੰ। ਲਖੇ ਰੁੱਦ੍ਰ ਲਾਜੰ।
ਸੁਭੇ ਚਾਰ ਚਿੱਤ੍ਰੰ। ਪਰਮੰ ਪਵਿਤ੍ਰੰ। ੨੨
ਮਹਾਂ ਗਰਜ ਗਰਜੰ। ਸੁਣੇ ਦੂਤ ਲਰਜੰ।
ਸ੍ਰਵੰ ਸ੍ਰਣ ਸੋਹੰ। ਮਹਾਂ ਮਾਨ ਮੋਹੰ। ੨੩

ਭੁਜੰਗ ਪ੍ਰਯਾਤ ਛੰਦ

ਸ੍ਰਿਜੇ ਸੇਤਜੰ ਜੇ ਹਜੰ ਉਤਭੁਜੇਵੰ।
ਰਚੇ ਅੰਡਜੇ ਖੰਡ ਬ੍ਰਹਮੰਡ ਏਵੰ।
ਦਿਸਾ ਬਿਦਿ ਸਾਯੰ ਜਿਮੀ ਆਸਮਾਣੰ।
ਚਤੁਰ ਬੇਦ ਕਥਯੰ ਕੁਰਾਣੰ ਪੁਰਾਣੰ। ੨੪
ਰਚੇ ਰੈਣ ਦਿਵਸੰ ਥਪੇ ਸੂਰ ਚੰਦ੍ਰੰ।
ਠਟੇ ਦਈਵ ਦਾਨੋ ਰਚੇ ਬੀਰ ਬਿੰਦ੍ਰੰ।
ਕਰੀ ਲੋਹ ਕਲਮੰ ਲਿਖਯੋ ਲੇਖ ਮਾਥੰ।
ਸਬੈ ਜੋਰ ਕੀਨੇ ਬਲੀਕਾਲ ਹਾਥੰ। ੨੫
ਕਈ ਮੇਟਿ ਡਾਰੇ ਉਸਾਰੇ ਬਨਾਏ।
ਉਪਾਰੇ ਗੜੇ ਫੇਰਿ ਮੇਟੇ ਉਪਾਏ।
ਕ੍ਰਿਆ ਕਾਲ ਜੂਕੀ ਕਿਨੂ ਨਾ ਪਛਾਨੀ।
ਘਨਯੋ ਪੈ ਬਿਹੈ ਹੈ ਘਨਯੋ ਪੈ ਬਿਹਾਨੀ। ੨੬
ਕਿਤੇ ਕ੍ਰਿਸਨ ਜੇ ਕੀਟ ਕੋਟੇ ਬਨਾਏ।
ਕਿਤੇ ਰਾਮ ਸੇ ਮੇਟਿ ਡਾਰੇ ਉਪਾਏ।
ਮਹਾਂਦੀਨ ਕੇਤੇ ਪ੍ਰਿਥੀ ਮਾਝਿ ਹੂਏ।
ਸਮੈ ਆਪਨੀ ਆਪਨੀ ਅੰਤਿ ਮੂਏ। ੨੭
ਜਿਤੇ ਅਉਲੀਆ ਅੰਬੀਆ ਹੋਇ ਬੀਤੇ।
ਤਿਤਯੋ ਕਾਲ ਜੀਤਾ ਨ ਤੇ ਕਾਲ ਜੀਤੇ।
ਜਿਤੇ ਰਾਮ ਸੇ ਕ੍ਰਿਸਨ ਹੁਇ ਬਿਸਨੁ ਆਏ।
ਤਿਤਯੋ ਕਾਲ ਖਾਪਿਓ ਨ ਤੇ ਕਾਲ ਘਾਏ। ੨੮
ਜਿਤੇ ਇੰਦ੍ਰ ਸੇ ਚੰਦ੍ਰ ਸੇ ਹੋਤ ਆਏ।
ਤਿਤਯੋ ਕਾਲ ਖਾਪਾ ਨ ਤੇ ਕਾਲਿ ਘਾਏ।
ਜਿਤੇ ਅਉਲੀਆ ਅੰਬੀਆ ਗਉਸ ਹ੍ਵੈ ਹੈ।
ਸਭੈ ਕਾਲ ਕੇ ਅੰਤ ਦਾੜ੍ਹਾਂ ਤਲੈ ਹੈਂ। ੨੯
ਜਿਤੇ ਮਾਨਧਾਤਾਦਿ ਰਾਜਾ ਸੁਹਾਏ।
ਸਭੈ ਬਾਂਧਿ ਕੈ ਕਾਲ ਜੇਲੈ ਚਲਾਏ।
ਜਿਨੈ ਨਾਮ ਤਾ ਕੋ ਉਚਾਰੋ ਉਬਾਰੇ।
ਬਿਨਾ ਸਾਮ ਤਾ ਕੀ ਲਖੇ ਕੋਟਿ ਮਾਰੇ। ੩੦

ਤ੍ਵ ਪ੍ਰਸਾਦਿ। ਰਸਾਵਲ ਛੰਦ।

ਚਮੱਕਹਿ ਕ੍ਰਿਪਾਣੰ। ਅਭੂਤੰ ਭਯਾਣੰ।
ਧੁਣੰ ਨੇਵਰਾਣੰ। ਘੁਰੰ ਘੁੰਘ੍ਰਯਾਣੰ। ੩੧
ਚਤੁਰ ਬਾਂਹ ਚਾਰੰ। ਨਿਜੂਟੰ ਸੁਧਾਰੰ।
ਗਦਾ ਪਾਂਸਿ ਸੋਹੰ। ਜਮੰ ਮਾਨਮੋਹੰ। ੩੨
ਸੁਭੰ ਜੀਭ ਜੁਆਲੰ। ਸੁ ਦਾੜ੍ਹਾਂ ਕਰਾਲੰ।
ਬਜੀ ਬੰਬ ਸੰਖੰ। ਉਠੇ ਨਾਦ ਬੰਖੰ। ੩੩
ਸੁਭੰ ਰੂਪ ਸਿਆਮੰ। ਮਹਾਂ ਸੋਭ ਧਾਮੰ।
ਛਬੇ ਚਾਰੁ ਚਿਤ੍ਰੰ। ਪਰੇਅੰ ਪਵਿਤ੍ਰੰ। ੩੪

ਭੁਜੰਗ ਪ੍ਰਯਾਤ ਛੰਦ।

ਸਿਰੰ ਸੇਤ ਛਤ੍ਰੰ ਸੁ ਸੁਭ੍ਰੰ ਬਿਰਾਜੰ।
ਲਖੇ ਛੈਲ ਛਾਇਆ ਕਰੇ ਤੇਜ ਲਾਜੰ।
ਬਿਸਾ ਲਾਲ ਨੈਨੰ ਮਹਾਂਰਾਜੰ ਸੋਹੰ।
ਢਿਰੰ ਅੰਸੁਮਾਲੰ ਹਸੰ ਕੋਟਿ ਕ੍ਰੋਹੰ। ੩੫
ਕਹੂੰ ਰੂਪ ਧਾਰੇ ਮਹਾਰਾਜ ਸੋਹੰ।
ਕਹੂੰ ਦੇਵ ਕੰਨਿਆਨਿ ਕੇ ਮਾਨ ਮੋਹੰ।
ਕਹੂੰ ਬੀਰ ਹ੍ਵੈ ਕੈ ਧਰੇ ਬਾਨ ਪਾਨੰ।
ਕਹੂੰ ਭੂਪ ਹ੍ਵੈ ਕੈ ਬਜਾਏ ਨਿਸਾਨੰ। ੩੬

ਰਸਾਵਲ ਛੰਦ

ਧਨੁਰ ਬਾਨ ਧਾਰੇ। ਛਕੇ ਛੈਲ ਭਾਰੇ।
ਲਏ ਖੱਗ ਐਸੈ। ਮਹਾਂਬੀਰ ਜੈਸੇ। ੩੭
ਜੁਰੇ ਜੰਗ ਜੋਰੰ। ਕਰੇ ਜੁੱਧ ਘੋਰੰ।
ਕ੍ਰਿਪਾ ਨਿਧਿ ਦਿਆਲੰ। ਸਦਾਯੰ ਕ੍ਰਿਪਾਲੰ। ੩੮
ਸਦਾ ਏਕ ਰੂਪੰ। ਸਭੈ ਲੋਕ ਭੂਪੰ।
ਅਜੇਅੰ ਅਜਾਯੰ ਸਰਨਿਯੰ ਸਹਾਯੰ। ੩੯
ਤਪੈ ਖੱਗਪਾਨੰ। ਮਹਾਂ ਲੋਕਦਾਨੰ।
ਭਵਿਖਿਅੰ ਭਵੇਅੰ। ਨਮੋ ਨਿਰ ਜੁਰੇਅੰ। ੪੦
ਮਧੋ ਮਾਨ ਮੁੰਡੰ। ਸੁਭੰ ਰੁੰਡ ਝੁੰਡੰ।
ਸਿਰੰ ਸੇਤ ਛੱਤ੍ਰੰ। ਲਸੰ ਹਾਥ ਅੱਤ੍ਰੰ। ੪੧
ਸੁਣੇ ਨਾਦ ਭਾਰੀ। ਤ੍ਰਸੇ ਛਤ੍ਰਧਾਰੀ।
ਦਿਸਾ ਬਸਤ੍ਰ ਰਾਜੰ। ਸੁਣੇ ਦੋਖ ਭਾਜੰ। ੪੨
ਸੁਣੇ ਗੱਦ ਸੱਦੰ। ਅਨੰਤੰ ਬਿਹੱਦੰ।
ਘਟਾ ਜਾਣ ਸਿਆਮੰ। ਦੁਤੰ ਅਭਿਰਾਮੰ। ੪੩

ਚਤੁਰ ਬਾਹਚਾਰੰ। ਕਰੀਟੰ ਸੁਧਾਰੰ।
ਗਦਾ ਸੰਖ ਚੱਕ੍ਰੰ। ਦਿਪੈ ਕ੍ਰੂਰ ਬੱਕ੍ਰੰ। ੪੪

ਨਰਾਜ ਛੰਦ

ਅਨੂਪ ਰੂਪ ਰਾਜਿਅੰ। ਨਿਹਾਰ ਕਾਮ ਲਾਜਿਯੰ।
ਅਲੋਕ ਲੋਕ ਸੋਭਿਅੰ। ਬਿਲੋਕ ਲੋਕ ਲੋਭਿਅੰ। ੪੫
ਚਮੱਕਿ ਚੰਦ੍ਰ ਸੀਸਿਯੰ। ਰਹਿਯੋ ਲਜਾਇ ਈਸਯੰ।
ਸੁ ਸੋਭ ਨਾਗ ਭੂਖੰਣੰ। ਅਨੇਕ ਦੁਸਟ ਦੂਖਣੰ। ੪੬
ਕ੍ਰਿਪਾਣ ਪਾਣ ਧਾਰੀਯੰ। ਕਰੋਰ ਪਾਪ ਟਾਰੀਯੰ।
ਗਦਾ ਗ੍ਰਿਸਟ ਪਾਣਿਯੰ। ਕਮਾਣ ਬਾਣ ਤਾਣਿਯੰ। ੪੭
ਸਬਦ ਸੰਖ ਬੱਜਿਯੰ। ਘਣੰਕਿ ਘੁੰਮਰ ਗੱਜਿਯੰ।
ਸਰਨਿ ਨਾਥ ਤੋਰੀਯੰ। ੳੁਬਾਰ ਲਾਜ ਮੋਰੀਯੰ। ੪੮
ਅਨੇਕ ਰੂਪ ਸੋਹੀਯੰ। ਬਿਸੇਖ ਦੇਵ ਮੋਹੀਯੰ।
ਅਦੇਵ ਦੇਵ ਦੇਵਲੰ। ਕ੍ਰਿਪਾ ਨਿਧਾਨ ਕੇਵਲੰ। ੪੯
ਸੁ ਆਦਿ ਅੰਤਿ ਏਕਯੰ। ਧਰੇ ਸਰੂਪ ਅਨੇਕਿਯੰ।
ਕ੍ਰਿਪਾਣ ਪਾਣ ਰਾਜਈ। ਬਿਲੋਕ ਪਾਪ ਭਾਜਈ। ੫੦
ਅਲੰਕ੍ਰਿਤ ਸੁ ਦੇਹਯੰ। ਤਨੋ ਮਨੋ ਕਿ ਮੋਹਿਯੰ।
ਕਮਾਣ ਬਾਣ ਧਾਰ ਹੀ। ਅਨੇਕ ਸਤ੍ਰ ਟਾਰ ਹੀ। ੫੧
ਘਮਕਿ ਘੁੰਘਰੰ ਸੁਰੰ। ਨਵੰ ਨਨਾਦ ਨੂਪਰੰ।
ਪ੍ਰਜੁਆਲ ਬਿੱਜੁਲੰ ਜੁਲੰ। ਪਵਿਤ੍ਰ ਪਰਮ ਨਿਰਮਲੰ। ੫੨

ਤ੍ਵਪ੍ਰਸਾਦਿ। ਤੋਟਕ ਛੰਦ।

ਨਵ ਨੇਵਰ ਨਾਦ ਸੁਰੰ ਨ੍ਰਿਮਲੰ।
ਮੁਖ ਬਿਜੁਲ ਜੁਆਲ ਘੰਟੰ ਪ੍ਰਜੁਲੰ।
ਮਦਰਾ ਕੰਰ ਮੱਤ ਮਹਾ ਭਭਕੰ।
ਬਨ ਮੈ ਮਨੋ ਬਾਘ ਬਚਾ ਬਬਕੰ। ੫੩
ਭਵ ਭੂਤ ਭਵਿਖ ਭਵਾਨ ਭਵੰ।
ਕਲ ਕਾਰਣ ੳੁਬਾਰਣ ਏਕ ਤੁਵੰ।
ਸਭ ਠੌਰ ਨਿਰੰਤਰ ਨਿਤ ਨਯੰ।
ਮ੍ਰਿਦ ਮੰਗਲ ਰੂਪ ਤੁਯੰ ਸੁਭਸੰ। ੫੪
ਦਿੜ੍ਹ ਦਾੜ ਕਰਾਲ ਦ੍ਵੈ ਸੇਤ ੳੁਧੰ।
ਜਿਹ ਭਾਜਤ ਦੁਸਟ ਬਿਲੋਕ ਜੁਧੰ।
ਮਦ ਮੱਤ ਕ੍ਰਿਪਾਣ ਕਰਾਲ ਧਰੰ।
ਜਯ ਸੱਦ ਸੁਰ ਸੁਰਯੰ ੳੁਚਰੰ। ੫੫

ਨਵ ਕਿੰਕਣ ਨੇਵਰ ਨਾਦ ਹੂੰਅੰ ।
ਚਲ ਚਾਲ ਸਭਾਚਲ ਕੰਪ ਭੂਅੰ ।
ਘਣ ਘੁੰਘਰ ਘੰਟਣ ਘੋਰ ਸੁਰੰ ।
ਚਰ ਚਾਰ ਚਰਾ ਚਰਯੰ ਹੁਹਰੰ । ੫੬
ਚਲ ਚੌਦਹੂੰ ਚੱਕ੍ਰਨ ਚੱਕ੍ਰ ਫਿਰੰ ।
ਬਢਵੰ ਘਟਵੰ ਹਰੀਅੰ ਸੁਭਰੰ ।
ਜਗ ਜੀਵ ਜਿਤੇ ਜਲਯੰ ਥਲਯੰ ।
ਅਸ ਕੋ ਜੁ ਤਵਾਇਸਿਅੰ ਮਲਯੰ । ੫੭
ਘਟ ਭਾਦਵ ਮਾਸ ਕੀ ਜਾਣ ਸੁੰਭ ।
ਤਨ ਸਾਵਰੇ ਰਾਵਰੇਅੰ ਹੁਲਸੰ ।
ਰਦ ਪੰਗਤਿ ਦਾਮਿਨੀਅੰ ਦਮੰਕੰ ।
ਘਟ ਘੁੰਘਰ ਘੰਟ ਸੁਰ ਘਮਕੰ । ੫੮

ਭੁਜੰਗ ਪ੍ਰਯਾਤ ਛੰਦ

ਘਟਾ ਸਾਵਣੰ ਜਾਣ ਸਯਾਮੰ ਸੁਹਾਯੰ ।
ਮਣੀ ਨੀਲ ਨਗਿਯੰ ਲਖ ਸੀਸ ਨਿਆਯੰ ।
ਮਹਾ ਸੁੰਦਰ ਸਯਾਮੰ ਮਹਾਂ ਅਭਿਰਾਮੰ ।
ਮਹਾਂ ਰੂਪ ਰੂਪੰ ਮਹਾਂ ਕਾਮ ਕਾਮੰ । ੫੯
ਫਿਰੈ ਚੱਕ੍ਰ ਚਉਦਹ ਪੁਰੀਯੰ ਮਧਿਆਣੰ ।
ਇਸੋ ਕੌਨ ਬੀਯੰ ਫਿਰੈ ਆਇਸਾਣੰ ।
ਕਹੋ ਕੁੰਟ ਕੌਨੈ ਬਿਖੈ ਭਾਜ ਬਾਚੈ ।
ਸਭੰ ਸੀਸ ਕੇ ਸੰਗ ਸ੍ਰੀ ਕਾਲ ਨਾਚੈ । ੬੦
ਕਰੇ ਕੋਟ ਕੋਊ ਧਰੇ ਕੋਟਿ ਓਟੰ ।
ਬਚੈਗੋ ਨ ਕਿਉਂਹੂੰ ਕਰੈ ਕਾਲ ਚੋਟੰ ।
ਲਿਖੰ ਜੰਤ੍ਰ ਕੇਤੇ ਪੜ੍ਹੰ ਮੰਤ੍ਰ ਕੋਟੰ ।
ਬਿਨਾ ਸਰਨਿ ਤਾ ਕਿ ਨਹੀਂ ਓਰ ਓਟੰ । ੬੧
ਲਿਖੰ ਜੰਤ੍ਰ ਥਾਕੇ ਪੜੰ ਮੰਤ੍ਰ ਹਾਰੈ ।
ਕਰੇ ਕਾਲ ਤੇ ਅੰਤ ਲੈ ਕੈ ਬਿਚਾਰੇ ।
ਕਿਤਿਓ ਤੰਤ੍ਰ ਸਾਧੇ ਜੁ ਜਨਮ ਬਿਤਾਇਓ ।
ਭਏ ਫੋਕਟੰ ਕਾਜ ਏਕੈ ਨ ਆਇਓ । ੬੨
ਕਿਤੇ ਨਾਸ ਮੂੰਦੇ ਭਏ ਬ੍ਰਹਮਚਾਰੀ ।
ਕਿਤੇ ਕੰਠ ਕੰਠੀ ਜਟਾ ਸੀਸ ਧਾਰੀ ।
ਕਿਤੇ ਚੀਰ ਕਾਨੰ ਜ ਗੀਸੰ ਕਹਾਯੰ ।
ਸਭੇ ਫੋਕਟੰ ਧਰਮ ਕਾਮੰ ਨ ਆਯੰ । ੬੩

ਮਧੁ ਕੀਟਭੰ ਰਾਛਸੇਸੰ ਬਲੀਅੰ।
ਸਮੇ ਆਪਨੀ ਕਾਲ ਤੇਊ ਦਲੀਅੰ।
ਭਏ ਸੁੰਭ ਨੈਸੁੰਭ ਸ੍ਰੋਣੰਤਬੀਜੰ।
ਤੇਊ ਕਾਲ ਕੀਨੇ ਪੁਰੇਜੇ ਪੁਰੇਜੰ। ੬੪
ਬਲੀ ਪ੍ਰਿਥੀਅੰ ਮਾਨਧਾਤਾ ਮਹੀਪੰ।
ਜਿਨੈ ਰੱਥ ਚੱਕ੍ਰੰ ਕੀਏ ਸਾਤ ਦੀਪੰ।
ਭੁਜੰ ਭੀਮ ਭਰਥੰ ਜੰਗ ਜੀਤ ਡੰਡਯੰ।
ਤਿਨੈ ਅੰਤ ਕੇ ਅੰਤ ਕੋ ਕਾਲ ਖੰਡਯੰ। ੬੫
ਜਿਨੈ ਦੀਪ ਦੀਪੰ ਦੁਹਾਈ ਫਿਰਾਈ।
ਭੁਜਾ ਦੰਡ ਦੈ ਛੋਣਿ ਛੱਤ੍ਰੰ ਛਿਨਾਈ।
ਕਰੇ ਜੰਗ ਕੋਟੰ ਜਸੰ ਅਨਿਕ ਲੀਤੇ।
ਵਹੈ ਬੀਰ ਬੰਕੇ ਬਲੀ ਕਾਲ ਜੀਤੇ। ੬੬
ਕਈ ਕੋਟ ਲੀਨੇ ਜਿਨੈ ਦੁਰਗ ਢਾਹੇ।
ਕਿਤੇ ਸੂਰਬੀਰਾਨ ਕੇ ਸੈਨ ਗਾਹੇ।
ਕਈ ਜੰਗ ਕੀਨੇ ਸੁ ਸਾਕੇ ਪਵਾਰੇ।
ਵਹੈ ਦੀਨ ਦੇਖੈ ਗਿਰੇ ਕਾਲ ਮਾਰੇ। ੬੭
ਜਿਨੈ ਪਾਤਿਸਾਹੀ ਕਰੀ ਕੋਟਿ ਜੁੱਗਿਸੰ।
ਰਸੰ ਆਨਰਸੰ ਭਲੀ ਭਾਂਤਿ ਭੁਗਿਯੰ।
ਵਹੈ ਅੰਤ੍ਰ ਕੋ ਪਾਂਵ ਨਾਗੇ ਪਧਾਰੇ।
ਗਿਰੇ ਦੀਨ ਦੇਖੇ ਹਠੀ ਕਾਲ ਮਾਰੇ। ੬੮
ਜਿਨੈ ਖੰਡੀਅੰ ਦੰਡਧਾਰੰ ਅਪਾਰੰ।
ਕਰੇ ਚੰਦ੍ਰਮਾ ਸੂਰ ਚੇਰੇ ਦੁਆਰੰ।
ਜਿਨੈ ਇੰਦ੍ਰ ਸੇ ਜੀਤ ਕੇ ਛੋਡਿ ਡਾਰੇ।
ਵਹੈ ਦੀਨ ਦੇਖੇ ਗਿਰੇ ਕਾਲ ਮਾਰੇ। ੬੯

ਰਸਾਵਲ ਛੰਦ।

ਜਿਤੇ ਰਾਮ ਹੁਏ। ਸਭੈ ਅੰਤਿ ਮੂਏ।
ਜਿਤੇ ਕ੍ਰਿਸਨ ਹ੍ਵੈ ਹੈ। ਸਭੈ ਅੰਤਿ ਜੈ ਹੈ। ੭੦
ਜਿਤੇ ਦੇਵ ਹੋਸੀ। ਸਭੈ ਅੰਤ ਜਾਸੀ।
ਜਿਤੇ ਬੋਧ ਹ੍ਵੈ ਹੈ। ਸਭੈ ਅੰਤਿ ਛੈ ਹੈ। ੭੧
ਜਿਤੇ ਦੇਵਰਾਯੰ। ਸਭੈ ਅੰਤ ਜਾਯੰ।
ਜਿਤੇ ਦਈਤ ਏਸੰ। ਤਿਤਯੋ ਕਾਲ ਲੇਸੰ। ੭੨
ਨਰਸਿੰਘਾ ਵਤਾਰੰ। ਵਹੇ ਕਾਲ ਮਾਰੰ।
ਬਡੋ ਡੰਡਧਾਰੀ। ਹਣਿਓ ਕਾਲ ਭਾਰੀ। ੭੩
ਦਿਜੰ ਬਾਵਨੇਯੰ। ਹਣਿਯੋ ਕਾਲ ਤੇਯੰ।
ਮਹਾਂ ਮੱਛ ਮੁੰਡੰ। ਫਧਿਓ ਕਾਲ ਝੁੰਡੰ। ੭੪

ਜਿਤੇ ਹੋਇ ਬੀਤੇ। ਤਿਤੇ ਕਾਲ ਜੀਤੇ।
ਜਿਤੇ ਸਰਨਿ ਜੈ ਹੈ। ਤਿਤਿਓ ਰਾਖਿ ਲੈਹੈ। ੭੫

ਭੁਜੰਗ ਪ੍ਰਯਾਤ ਛੰਦ।

ਬਿਨਾ ਸਰਨਿ ਤਾਕੀ ਨ ਅਉਰੈ ਉਪਾਯੰ।
ਕਹਾ ਦੇਵ ਦਈਤੰ ਕਹਾ ਰੰਕ ਰਾਯੰ।
ਕਹਾ ਪਾਤਿਸਾਹੰ ਕਹਾ ਉਮਰਾਯੰ।
ਬਿਨਾ ਸਰਨਿ ਤਾਕੀ ਨ ਕੋਟੈ ਉਪਾਯੰ। ੭੬
ਜਿਤੇ ਜੀਵ ਜੰਤੰ ਸੁ ਦੁਨੀਅੰ ਉਪਾਯੰ।
ਸਭੈ ਅੰਤਿਕਾਲੰ ਬਲੀ ਕਾਲਿ ਘਾਯੰ।
ਬਿਨਾ ਸਰਨਿ ਤਾਕੀ ਨਹੀਂ ਔਰ ਓਟੰ।
ਲਿਖੇ ਜੰਤ੍ਰ ਕੇਤੇ ਪੜੇ ਮੰਤ੍ਰ ਕੋਟੰ। ੭੭

ਨਿਰਾਜ ਛੰਦ।

ਜਿਤੇਕਿ ਰਾਜ ਰੰਕਯੰ। ਹਨੇ ਸੁ ਕਾਲ ਬੰਕਯੰ।
ਜਿਤੇਕਿ ਲੋਕ ਪਾਲਯੰ। ਨਿਦਾਨ ਕਾਲ ਦਾਲਯੰ। ੭੮
ਕ੍ਰਿਪਾਲ ਪਾਣਿ ਜੇ ਜਪੈ। ਅਨੰਤ ਥਾਟ ਤੇ ਥਪੈ।
ਜਿਤੇਕਿ ਕਾਲ ਧਿਆਇ ਹੈ। ਜਗੱਤਿ ਜੀਤ ਜਾਇ ਹੈ। ੭੯
ਬਚਿੱਤ੍ਰ ਚਾਰੁ ਚਿਤ੍ਰਯੰ। ਪਰਮਯੰ। ਪਵਿਤ੍ਰਯੰ।
ਅਲੋਕ ਰੂਪ ਰਾਜਿਯੰ। ਸੁਣੇ ਸੁ ਪਾਪ ਭਾਜਯੰ। ੮੦
ਬਿਸਾਲ ਲਾਲ ਲੋਚਨੰ। ਬਿਅੰਤ ਪਾਪ ਮੋਚਨੰ।
ਚਮਕ ਚੰਦ੍ਰ ਚਾਰਯੰ। ਅਘੀ ਅਨੇਕ ਤਾਰਯੰ। ੮੧

ਰਸਾਵਲ ਛੰਦ।

ਜਿਤੇ ਲੋਕ ਪਾਲੰ। ਤਿਤੇ ਜ਼ੇਰ ਕਾਲੰ।
ਜਿਤੇ ਸੂਰ ਚੰਦ੍ਰੰ। ਕਹਾ ਇੰਦ੍ਰ ਬਿੰਦ੍ਰ। ੮੨

ਭੁਜੰਗ ਪ੍ਰਯਾਤ ਛੰਦ।

ਫਿਰੈ ਚੌਦਹੂੰ ਲੋਕਯੰ ਕਾਲ ਚਕ੍ਰੰ। ਸਭੈ ਨਾਥ ਨਾਥ ਭ੍ਰਮੰ ਭਉਹ ਬੱਕ੍ਰੰ।
ਕਹਾ ਰਾਮ ਕ੍ਰਿਸਨੰ ਕਹਾ ਚੰਦ ਸੂਰੰ।
ਸਭੈ ਹਾਥ ਬਾਂਧੇ ਖਰੇ ਕਾਲ ਹਜੂਰੰ। ੮੩

ਸਵੈਯਾ।

ਕਾਲ ਹੀ ਪਾਇ ਭਯੋ ਭਗਵਾਨ ਸੁ
ਜਾਗਤ ਯਾ ਜਗ ਜਾਕੀ ਕਲਾ ਹੈ।
ਕਾਲ ਹੀ ਪਾਇ ਭਯੋ ਬ੍ਰਹਮਾ ਸਿਵ

ਕਾਲ ਹੀ ਪਾਇ ਭਯੋ ਜੁਗੀਆ ਹੈ।
ਕਾਲ ਹੀ ਪਾਇ ਸੁਰਾ ਸੁਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ।
ਅਉਰ ਸਕਾਲ ਸਭੈ ਬਸਿ ਕਾਲ ਕੇ
ਏਕ ਹੀ ਕਾਲ ਅਕਾਲ ਸਦਾ ਹੈ। ੮੪

ਭੁਜੰਗ ਪ੍ਰਯਾਤ ਛੰਦ।

ਨਮੋ ਦੇਵ ਦੇਵੰ ਨਮੋ ਖੜਗ ਧਾਰੰ।
ਸਦਾ ਏਕ ਰੂਪ ਸਦਾ ਨਿਰ ਬਿਕਾਰੰ।
ਨਮੋ ਰਾਜਸੰ ਸਾਤਕੰ ਤਾਮਸੇਅੰ।
ਨਮੋ ਨਿਰਬਿਕਾਰੰ ਨਮੋ ਨਿਰਜੁਰੇਅੰ। ੮੫

ਰਸਾਵਲ ਛੰਦ

ਨਮੋ ਬਾਣ ਪਾਣੰ। ਨਮੋ ਨਿਰਭਯਾਣੰ।
ਨਮੋ ਦੇਵ ਦੇਵੰ। ਭਵਾਣੰ ਭਵੇਅੰ।੮੬

ਭੁਜੰਗ ਪ੍ਰਯਾਤ ਛੰਦ

ਨਮੋ ਖਗ ਖੰਡੰ ਕ੍ਰਿਪਾਣ ਕਟਾਰੰ।
ਸਦਾ ਏਕ ਰੂਪੰ ਸਦਾ ਨਿਰ ਬਿਕਾਰੰ।
ਨਮੋ ਬਾਣ ਪਾਣੰ ਨਮੋ ਦੰਡ ਧਾਰਿਯੰ।
ਜਿਨੈ ਚੌਦ ਹੂੰ ਲੋਕ ਜੋਤੰ ਬਿਥਾਰਿਯੰ। ੮੭
ਨਮਸਕਾਰਯੰ ਮੋਰ ਤੀਰੰ ਤੁਫੰਗੰ।
ਨਮੋ ਖਗ ਅਦੱਗੰ ਅਭੈਅੰ ਅਭੰਗੰ।
ਗਦਾਯੰ ਗ੍ਰਿਸਟੰ ਨਮੋ ਸੈਹਥੀਅੰ।
ਜਿਨੈ ਤੁੱਲੀਯੰ ਬੀਰ ਬੀਯੋ ਨ ਬੀਅੰ। ੮੮

ਰਸਾਵਲ ਛੰਦ

ਨਮੋ ਚੱਕ੍ਰ ਪਾਣੰ। ਅਭੂਤੰ ਭਯਾਣੰ।
ਨਮੋ ਉਗ੍ਰਦਾੜੰ ਮਹਾਂ ਗ੍ਰਿਸਟ ਗਾੜੰ। ੮੯
ਨਮੋ ਤੀਰ ਤੋਪੰ। ਜਿਨੈ ਸਤ੍ਰ ਘੋਪੰ।
ਨਮੋ ਧੋਪ ਪੱਟੰ। ਜਿਲੇ ਦੁਸਟ ਦੱਟੰ।੯੦
ਜਿਤੇ ਸਸਤ੍ਰ ਨਾਮੰ। ਨਮਸਕਾਰ ਤਾਮੰ।
ਜਿਤੇ ਅਸਤ੍ਰ ਭੈਯੰ। ਨਮਸਕਾਰ ਤੇਯੰ। ੯੧

ਸਵੈਯਾ

ਮੇਰੁ[16] ਕਰੋ ਤ੍ਰਿਣ[17] ਤੇ ਮੁਹਿ ਜਾਹਿ[18],

---

16. ਮੇਰੁ ਪਰਬਤ 17. ਤੀਲੇ ਤੋਂ 18. ਮੇਰੇ ਵਰਗੇ ਨੂੰ

ਗਰੀਬ ਨਿਵਾਜ ਨ ਦੂਸਰ ਤੋ ਸੋ।
ਭੂਲ ਛਿਮੋ ਹਮਰੀ ਪ੍ਰਭ ਆਪਨ, ਭੂਲਨ ਹਾਰ ਕਹੂੰ, ਕੋਊ ਮੋ ਸੋ।
ਸੇਵ ਕਰੀ ਤੁਮਰੀ ਤਿਨ ਕੇ ਸਭ ਹੀ,
ਗ੍ਰਿਹ ਦੇਖੀਅਤ ਦ੍ਰਬ[19] ਭਰੇ ਸੋ[20]।
ਯਾ ਕਲ[21] ਮੇ ਸਭ ਕਾਲ ਕ੍ਰਿਪਾਨ ਕੇ
ਭਾਰੀ ਭੁਜਾਨ ਕੋ ਭਾਰੀ ਭਰੋਸੋ। ੯੨
ਸੁੰਭ ਨਿਸੁੰਭ ਸੇ ਕੋਟ ਨਿਸਾਚਰ ਜਾਹਿ ਛਿਨੇਕ ਬਿਖੈ ਹਨਿ ਡਾਰੇ।
ਧੂਮਰ ਲੋਚਨ ਚੰਡ ਅਉ ਮੁੰਡ ਸੇ,
ਮਾਹਿਖ[22] ਸੇ ਪਲ ਬੀਚ ਨਿਵਾਰੇ।
ਚਾਮਰ ਸੇ ਰਣਿ ਚਿੱਛੁਰ[23] ਸੇ ਰਕਤਿੱਛਣ[24]
ਸੇ ਝਟ ਦੈ ਝਝਕਾਰੇ।
ਐਸੋ ਸੁ ਸਾਹਿਬੁ ਪਾਇ ਕਹਾ,
ਪਰਵਾਹ ਰਹੀ ਇਹ ਦਾਸ ਤਿਹਾਰੇ। ੯੩
ਮੁੰਡਹੁ ਸੇ ਮਧੁ ਕੀਟਭ ਸੇ, ਮੁਰ ਸੇ ਅਘ ਸੇ ਜਿਨਿ ਕੋਟਿ ਦਲੇ ਹੈ।
ਓਟਿ ਕਰੀ ਕਬਹੂੰ ਨ ਜਿਨੈ ਰਣਿ,
ਚੋਟ ਪਰੀ ਪਗ ਦ੍ਵੈ ਨ ਟਲੇ ਹੈ।
ਸਿੰਧੁ ਬਿਖੈ ਜੇ ਨ ਬੂਡੇ ਨਿਸਾਚਰ ਪਾਵਕਬਾਣ ਬਹੇ ਨ ਜਲੇ ਹੈ।
ਤੇ ਅਸਿ[25] ਤੋਰਿ ਬਿਲੋਕਿ ਅਲੋਕ ਸੁ
ਲਾਜ ਕੋ ਛਾਡਿ ਕੈ ਭਾਜਿ ਚਲੇ ਹੈ। ੯੪
ਰਾਵਣ ਸੇ ਮਹਿਰਾਵਣ ਸੇ, ਘਟਕਾਨਹੁ ਸੇ ਪਲ ਬੀਚ ਪਛਾਰੇ।
ਬਾਰਦ ਨਾਦ[26] ਅਕੰਪਨ ਸੇ ਜਗ
ਜੰਗ ਜੁਰੇ ਜਿਨ ਸਿਉ ਜਮ ਹਾਰੇ।
ਕੁੰਭ ਅਕੁੰਭ ਸੇ ਜੀਤ ਸਭੈ ਜਗਿ,
ਸਾਤ ਹੂੰ ਸਿੰਧ ਹਥਿਆਰ ਪਖਾਰੇ।
ਜੇ ਜੇ ਹੁਤੇ ਅਕਟੇ ਬਿਕਟੇ,
ਸੁ ਕਟੇ ਕਰਿ ਕਾਲ ਕ੍ਰਿਪਾਨ ਕੇ ਮਾਰੇ। ੯੫
ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ,
ਤੋ ਕਿਹ ਕੁੰਟ ਕਹੋ ਭਜਿ ਜਈਯੈ।
ਆਗੇ ਹੂੰ ਕਾਲਧਰੇ ਅਸਿ[27] ਗਾਜਤ,
ਛਾਜਤ ਹੈ ਜਿੱਹ ਤੇ ਨਸਿ ਅਈਯੈ
ਐਸੋ ਨ ਕੈ ਗਯੋ ਕੋਈ ਸੁ ਦਾਵ ਰੇ,
ਜਾਹਿ ਉਪਾਵ ਸੋ ਘਾਵ ਬਚਈਯੈ।
ਜਾਤੇ ਨ ਛੂਟੀਐ ਮੂੜ ਕਹੂ,

19. ਧਨ 20. ਭਰਿਆ ਹੋਇਆ 21. ਇਸ ਕਲਜੁਗ ਵਿਚ 22. ਮਹਿਖਾਸੁਰ ਜੇਹੇ 23. (ਇੱਕ ਅੱਖ ਵਾਲੇ) ਚਿੱਛੁਰਾਸੁਰ ਵਰਗੇ 24. (ਲਾਲ ਨੈਣਾਂ ਵਾਲੇ) ਰਕਤਿੱਛਣ ਦੈਂਤ ਜੇਹੇ 25. ਉਹ ਤੇਰੀ ਅਚਰਜ ਤਲਵਾਰ ਨੂੰ ਵੇਖ ਕੇ 26. ਮੇਘਨਾਦ 27. ਤਲਵਾਰ ਪਕੜੇ ਹੋਏ

ਹਸਿ ਤਾਕੀ ਨ ਕਿਉ ਸਰਣਾਗਤਿ ਜਈਯੈ। ੯੬
ਕ੍ਰਿਸਨ ਅਉ ਬਿਸਨ ਜਪੇ ਤੁਹਿ ਕੋਟਿਕ
ਰਾਮ ਰਹੀਮ ਭਲੀ ਬਿਧਿ ਧਿਆਯੋ।
ਬ੍ਰਹਮ ਜਪਿਓ ਅਰੁ ਸੰਭੁ ਥਪਿਓ,
ਤਹਿ ਕੋ ਤੁਹਿਕੋ ਕਿਨ ਹੂੰ ਨ ਬਚਾਯੋ।
ਕੋਟਿ ਕਰੀ ਤਪਸਾ ਦਿਨ ਕੋਟਿਕ,
ਕਾਹੂ ਨ ਕੌਡੀ ਕੋ ਕਾਮ ਕਢਾਯੋ
ਕਾਮ ਨ ਮੰਤ੍ਰ[28] ਕਸੀਰੇ ਕੇ ਕਾਮ ਨ,
ਕਾਲ ਕੋ ਘਾਉ ਕਿਨਹੂੰ ਨ ਬਚਾਯੋ।੯੭
ਕਾਹੇ ਕੋ ਕੂਰ[29] ਕਰੇ ਤਪਸਾ ਇਨ ਕੀ,
ਕੋਊ ਕੌਡੀ ਕੇ ਕਾਮ ਨ ਐ ਹੈ।
ਤੋਹਿ ਬਚਾਇ ਸਕੈ ਕਹੁ ਕੈਸੇ ਕੈ,
ਆਪਨ ਘਾਵ ਬਚਾਇ ਨ ਐ ਹੈ।
ਕੋਪ ਕਰਾਲ ਕੀ ਪਾਵਕ ਕੁੰਡ ਮੈ
ਆਪਿ ਟੰਗਿਓ ਤਿਮ ਤੋਹਿ ਟੰਗੈ ਹੈ।
ਚੇਤ ਰੇ ਚੇਤ ਅਜੋ ਜੀਅ ਮੈ ਜੜ੍ਹ,
ਕਾਲ ਕ੍ਰਿਪਾ ਬਿਨੁ ਕਾਮ ਨ ਐ ਹੈ। ੯੮
ਤਾਹਿ ਪਛਾਨਤ ਹੈ ਨ ਮਹਾ ਪਸੁ,
ਜਾ ਕੋ ਪ੍ਰਤਾਪੁ ਤਿਹੂੰ ਪੁਰ ਮਾਹੀ।
ਪੂਜਤ ਹੈ ਪਰਮੇਸਰ ਕੈ,
ਜਿਹ ਕੈ ਪਰਸੈ ਪਰਲੋਕ ਪਰਾਹੀ।
ਪਾਪ ਕਰੋ ਪਰਮਾਰਥ ਕੈ,
ਜਿਹ ਪਾਪਨ ਤੇ ਅਤਿ ਪਾਪ ਲਜਾਈ।
ਪਾਇ ਪਰੋ ਪਰਮੇਸਰ ਕੇ,
ਜੜ ਪਾਹਨ ਮੈ ਪਰਮੇਸਰ ਨਾਹੀ। ੯੯
ਮੋਨ ਭਜੇ ਨਹੀ ਮਾਨ ਤਜੇ ਨਹੀ ਭੇਖ ਸਜੇ ਨਹੀ ਮੂੰਡ ਮੁੰਡਾਏ।
ਕੰਠਿ ਨ ਕੰਠੀ ਕਠੋਰ ਧਰੈ, ਨਹੀ ਸੀਸ ਜਟਾਨ ਕੇ ਜੂਟ ਸਹਾਏ।
ਸਾਚੁ ਕਹੋ ਸੁਨਿ ਲੈ ਚਿਤੁ ਦੈ ਬਿਨੁ
ਦੀਨ ਦਿਆਲ ਕੀ ਸਾਮ ਸਿਧਾਏ।
ਪ੍ਰੀਤਿ ਕਰੇ ਪ੍ਰਭ ਪਾਯਤ ਹੈ,
ਕਿਰਪਾਲ ਨ ਭੀਜਤ ਲਾਂਡ ਕਟਾਏ। ੧੦੦
ਕਾਗਦ ਦੀਪ ਸਭੈ ਕਰਿਕੈ, ਅਰ ਸਾਤ ਸਮੁੰਦ੍ਰਨ ਦੀ ਮਸੁ ਕੈ ਹੋ।
ਕਾਟਿ ਬਨਾਸਪਤੀ ਸਿਗਰੀ, ਲਿਖਬੇ ਹੂੰ ਕੇ ਲੇਖਨ ਕਾਜਿ ਬਨੈ ਹੋ।
ਸਾਰਸੁਤੀ[30] ਬਕਤਾ[31] ਕਰਿ ਕੈ,

28. ਕੋਈ ਕਾਮਨਾ ਮਨ ਵਿਚ ਧਾਰ ਕੇ ਜਪਿਆ ਹੋਇਆ ਮੰਤ੍ਰ 29. ਝੂਠੀ 30. ਸਰਸਵਤੀ, ਵਿਦਿਆ ਦੀ ਦੇਵੀ ਨੂੰ 31. ਉਚਾਰਨ ਵਾਲੀ ਜੀਭ

ਜੁਗ ਕੋਟਿ ਗਨੇਸ਼ ਕੋ ਹਾਥਿ ਲਿਖੈ ਹੋ।
ਕਾਲ ਕ੍ਰਿਪਾਨ ਬਿਨਾ ਬਿਨਤੀ ਨ
ਤਊ ਤੁਮ ਕੋ ਪ੍ਰਭ ਨੈਕੁ ਰਿਝੈ ਹੋ। ੧੦੧
ਇਤਿ ਸ੍ਰੀ 'ਬਚਿਤ੍ਰ ਨਾਟਕ' ਗ੍ਰੰਥੇ ਸ੍ਰੀ ਕਾਲਜੀ ਕੀਉਸਤਤਿ।
ਪ੍ਰਿਥਮ ਧਿਆਇ ਸੰਪੂਰਨ ਸੁਭਮੰਸਤੁ। ਅਫਜੂੰ।੧੦੧

ਕਾਵਿ-ਵੰਸ ਵਰਣਨ

ਚੌਪਈ

ਤੁਮਰੀ ਮਹਿਮਾ ਅਪਰ ਅਪਾਰਾ। ਜਾ ਕਾ ਲਹਿਓ ਨ ਕਿਨ ਹੂੰ ਪਾਰਾ।
ਦੇਵ ਦੇਵ ਰਾਜਨ ਕੇ ਰਾਜਾ ਦੀਨ ਦਿਆਲ ਗਰੀਬ ਨਿਵਾਜਾ। ੧

ਦੋਹਰਾ

ਮੂਕ[32] ਊਚਰੈ ਸਾਸਤ੍ਰ[33] ਖਟਿ ਪਿੰਗ[34] ਗਿਰਨ ਚੜ੍ਹਿ ਜਾਇ।
ਅੰਧ ਲਖੇ ਬਧਰੋ[35] ਸੁਨੈ, ਜੋ ਕਾਲ ਕ੍ਰਿਪਾ ਕਰਾਇ। ੨

ਚੌਪਈ

ਕਹਾ ਬੁੱਧਿ ਪ੍ਰਭ ਤੁੱਛ ਹਮਾਰੀ।
ਬਰਨਿ ਸਕੈ ਮਹਿਮਾ ਜੁ ਤਿਹਾਰੀ।
ਹਮ ਨ ਸਕਤ ਕਰਿ ਸਿਫਤ ਤੁਮਾਰੀ।
ਆਪ ਲੇਹੁ ਤੁਮ ਕਥਾ ਸੁਧਾਰੀ। ੩
ਕਹਾ ਲਗੈ ਇਹ ਕੀਟ[36] ਬਖਾਨੈ।
ਮਹਿਮਾ ਤੋਰਿ ਤੁਹੀ ਪ੍ਰਭ ਜਾਨੈ।
ਪਿਤਾ ਜਨਮ ਜਿਮ ਪੂਤ ਨ ਪਾਵੈ।
ਕਹਾ ਤਵਨ ਕਾ ਭੇਦ ਬਤਾਵੈ। ੪
ਤੁਮਰੀ ਪ੍ਰਭਾ ਤੁਮੈ ਬਨਿ ਆਈ।
ਅਉਰਨ ਤੇ ਨਹੀ ਜਾਤ ਬਤਾਈ।
ਤੁਮਰੀ ਕ੍ਰਿਆ ਤੁਮ ਹੀ ਪ੍ਰਭ ਜਾਨੋ।
ਊਚ ਨੀਚ ਕਸ[37] ਸਕਤ ਬਖਾਨੋ। ੫
ਸੇਸ ਨਾਗ ਸਿਰ ਸਹਸ[38] ਬਨਾਈ। ਦ੍ਵੈ ਸਹੰਸ ਰਸਨਾਹ[39] ਸੁਹਾਈ
ਰਟਤ ਅਬ ਲਗੇ ਨਾਮ ਅਧਾਰਾ।
ਤਮਰੋ ਤਊ ਨ ਪਾਵਤ ਪਾਰਾ। ੬
ਤੁਮਰੀ ਕ੍ਰਿਆ ਕਹਾ ਕਉ ਕਹੈ।

---

32. ਗੂੰਗਾ 33. ਛੇ (ਸ਼ਾਸ੍ਤ੍ਰ) 34. ਪਿੰਗਲਾ 35. ਬੋਲਾ 36. ਕੀੜਾ 37. ਕਿਸ ਤਰ੍ਹਾਂ 38. ਹਜ਼ਾਰ 39. ਜੀਭਾਂ

ਸਮਝਤ ਬਾਤ ਉਰਝਿ ਮਤਿ ਰਹੈ।
ਸੂਛਮ ਰੂਪ ਨ ਬਰਨਾ ਜਾਈ।
ਬਿਰਧ ਸਰੂਪਹਿ ਕਹੋਂ ਬਨਾਈ। ੭
ਤੁਮਰੀ ਪ੍ਰੇਮ ਭਗਤਿ ਜਬ ਗਹਿਹੋ।
ਛੋਰਿ ਕਥਾ ਸਭ ਹੀ ਤਬ ਕਹਿ ਹੋ।
ਅਬ ਮੈ ਕਹੋਂ ਸੁ ਅਪਨੀ ਕਥਾ।
ਸੋਢੀ ਬੰਸ ਉਪਜਿਯਾ ਜਥਾ। ੮

ਦੋਹਰਾ

ਪ੍ਰਥਮ ਕਥਾ ਸੰਛੇਪ ਤੇ ਕਹੋ ਸੁ ਹਿਤ ਚਿਤੁ ਲਾਇ।
ਬਹੁਰਿ ਬਡੋ ਬਿਸਥਾਰ ਕੈ ਕਹਿ ਹੋ ਸਭੈ ਸੁਨਾਇ। ੯

ਚੌਪਈ

ਪ੍ਰਿਥਮ ਕਾਲ ਜਬ ਕਰਾ ਪਸਾਰਾ।
ਓਅੰਕਾਰ ਤੇ ਸ੍ਰਿਸਟਿ ਉਪਾਰਾ।
ਕਾਲਸੈਣ ਪ੍ਰਥਮੈ ਭਇਓ ਭੂਪਾ।
ਅਧਿਕ ਅਤੁਲ ਬਲਿ ਰੂਪ ਅਨੂਪਾ। ੧੦
ਕਾਲਕੇਤੁ ਦੂਸਰ ਭੂਅ ਭਇਓ।
ਕ੍ਰੂਰਬਰਸ ਤੀਸਰ ਜਗਿ ਠਯੋ।
ਦੇਖਿਆ ਜਾਏ ਤਾਂ ਗੁਰੂ ਸਾਹਿਬ ਨੇ ਚੰਡੀ ਚਰਿਤ੍ਰਾਂ ਨੂੰ ਮੁੜ ਮੁੜ ਕੇ ਭਿੰਨ ਭਿੰਨ ਕਾਵਿ ਰੂਪਾਂ ਵਿਚ ਚਿਤਰਿਆ ਹੈ 'ਚੰਡੀ ਚਰਿਤ੍ਰ ਉਕਤਿ ਬਿਲਾਸ', 'ਚੰਡੀ ਚਰਿਤ੍ਰ (ਦੂਜਾ)' ਅਤੇ 'ਵਾਰ ਸ੍ਰੀ ਭਗਉਤੀ ਜੀ ਕੀ' ਸੰਪੂਰਨ ਸੁਤੰਤਰ ਰਚਨਾਵਾਂ ਹਨ। 'ਚੰਡੀ ਚਰਿਤ੍ਰ ਉਕਤਿ ਬਿਲਾਸ ਵਿਚ ਸਵੈਯਾ, ਤੋਟਕ ਛੰਦ, ਸੋਰਠਾ, ਦੋਹਰਾ ਦਾ ਪ੍ਰਯੋਗ ਹੋਇਆ ਹੈ। 'ਚੰਡੀ ਚਰਿਤ੍ਰ ਦੂਜਾ' ਨੂੰ ਨਰਾਜ, ਭੁਜੰਗ ਪ੍ਰਯਾਤ, ਤੋਟਕ, ਰੁਆਲ ਛੰਦ, ਦੋਹਰਾ ਅਤੇ ਚਉਪਈ ਵਿਚ ਨਿਭਾਇਆ ਹੈ ਅਤੇ 'ਵਾਰ ਸ੍ਰੀ ਭਗਉਤੀ ਜੀ ਕੀ' ਵਿਚ ਕੇਵਲ 'ਪਉੜੀ' ਦਾ ਪ੍ਰਯੋਗ ਹੈ। ਚੰਡੀ ਚਰਿਤ੍ਰਾਂ ਵਿਚੋਂ 'ਉਕਤਿ ਬਿਲਾਸ' ਜਿਥੇ ਅਕਾਰ ਦੇ ਪੱਖ ਤੋਂ ਲੰਮੀ ਰਚਨਾ ਹੈ ਉਥੇ 'ਵਾਰ ਸ੍ਰੀ ਭਗਉਤੀ ਜੀ ਕੀ' ਸਭ ਤੋਂ ਛੋਟੀ। 'ਉਕਤਿ ਬਿਲਾਸ' ਵਿਚ 233 ਛੰਦ ਹਨ। 'ਚੰਡੀ ਚਰਿਤ੍ਰ (ਦੂਜਾ)' ਵਿਚ 262 ਤੇ 'ਚੰਡੀ ਦੀ ਵਾਰ' ਵਿਚ ਕੇਵਲ 25 ਪਉੜੀਆਂ ਹਨ। 'ਚੰਡੀ ਚਰਿਤ੍ਰ (ਦੂਜਾ)' ਪਹਿਲੇ ਚੰਡੀ ਚਰਿਤ੍ਰ ਦਾ ਭਿੰਨ ਛੰਦ ਤੇ ਤੋਲਾਂ ਵਿਚ ਸੰਖੇਪ ਰੂਪ ਹੈ। 'ਚੰਡੀ ਦੀ ਵਾਰ', 'ਚੰਡੀ ਚਰਿਤ੍ਰ (ਦੂਜਾ)' ਦਾ ਪੰਜਾਬੀ ਵਿਚ ਇਕ ਤਰ੍ਹਾਂ ਨਾਲ ਉਲਥਾ ਹੈ। ਇਨ੍ਹਾਂ ਰਚਨਾਵਾਂ ਵਿਚ ਥੀਮ ਅਤੇ ਉਸਦੀ ਪ੍ਰਸਤੁਤੀ ਦੀ ਪੱਧਰ ਉਪਰ ਚੋਖੀ ਸਾਂਝ ਹੈ। ਤਿੰਨੇ 'ਨੇਕੀ ਦੀ ਜਿੱਤ ਅਤੇ ਬਦੀ ਦੀ ਹਾਰ' ਦੀ ਮੱਧਕਾਲੀਨ ਰੂੜ੍ਹੀ ਨੂੰ ਦ੍ਰਿੜ੍ਹ ਕਰਦੀਆਂ ਹਨ। ਪਹਿਲੀਆਂ ਦੋਨਾਂ ਰਚਨਾਵਾਂ ਵਿਚ ਭਾਸ਼ਾ (ਬ੍ਰਿਜ) ਦੀ ਸਾਂਝ ਤੋਂ ਇਲਾਵਾ ਮੰਗਲਾਚਰਣ, ਮੂਲ ਕਥਾ ਅਤੇ ਕਥਾਨਕ ਦੀ ਵੀ ਸਾਂਝ ਹੈ। ਦੂਸਰੀ ਰਚਨਾ ਪਹਿਲੀ ਦੀ ਨਿਰੰਤਰਤਾ ਨੂੰ ਹੀ ਉਜਾਗਰ ਕਰਦੀ ਜਾਪਦੀ ਹੈ। ਅੰਤਰ ਕੇਵਲ 'ਬਲ' ਦਾ ਹੈ। ਜਿਥੇ ਪਹਿਲੀ ਵਿਚ 'ਬਲ' ਵਰਣਨ ਉਪਰ ਹੈ ਉਥੇ ਦੂਜੀ ਵਿਚ ਦੇਵੀ ਦੀ ਅਰਾਧਨਾ ਉਪਰ। ਤੀਸਰੀ ਰਚਨਾ ਅਰਥਾਤ 'ਚੰਡੀ ਦੀ ਵਾਰ' ਵੀ ਉਕਤ ਪ੍ਰਯੋਜਨ ਨੂੰ ਉਸੇ ਥੀਮ, ਰੂਪ ਦ੍ਰਿਸ਼ਟੀ ਅਤੇ ਉਦੇਸ਼ ਸਹਿਤ ਉਜਾਗਰ ਕਰਦੀ ਹੈ। ਅੰਤਰ ਹੈ ਤਾਂ ਕੇਵਲ ਭਾਸ਼ਾ (ਪੰਜਾਬੀ) ਦਾ। 'ਚੰਡੀ ਚਰਿਤ੍ਰ ਉਕਤਿ ਬਿਲਾਸ' ਦਾ ਆਰੰਭ ਮੰਗਲਾਚਰਣ ਦੇ ਰੂਪ ਵਿਚ ਅਕਾਲ ਪੁਰਖ ਦੇ ਨਿਰਾਕਾਰ ਸਰੂਪ ਦੀ ਅਰਾਧਨਾ ਨਾਲ ਹੋਇਆ ਹੈ। ਵਾਰ ਦਾ 'ਵਾਹਿਗੁਰੂ ਜੀ ਕੀ ਫਤਹਿ' ਲਿਖਣ ਉਪਰੰਤ ਭਗੌਤੀ ਦੀ ਸਹਾਇਤਾ ਦੀ ਅਭਿਲਾਖਾ ਕਰਦਿਆਂ ਗੁਰੂ ਸਾਹਿਬਾਨ ਦੀ ਅਰਾਧਨਾ ਨਾਲ ਹੋਇਆ ਹੈ। 'ਚੰਡੀ ਚਰਿਤ੍ਰ (ਦੂਜਾ)' ਪਹਿਲੀ ਰਚਨਾ ਦਾ ਹੀ ਇਕ ਦੂਜਾ ਰੂਪ ਮੰਨਦਿਆ ਹੋਇਆ ਉਸ ਵਿਚ ਮੰਗਲਾਚਰਣ ਦਾ ਕੋਈ ਪਦ ਦਰਜ ਨਹੀਂ ਹੋਇਆ।

ਇਨ੍ਹਾਂ ਦਾ ਕਥਾ ਸ੍ਰੋਤ ਪੁਰਾਤਨ ਭਾਰਤੀ ਗ੍ਰੰਥ 'ਮਾਰਕੰਡੇ ਪੁਰਾਣ' ਅਤੇ 'ਭਾਗਵਤ ਸਕੰਧ' ਵਿਚਲੀ ਚੰਡੀ ਜਾਂ ਦੁਰਗਾ ਦੀ ਗਾਥਾ ਹੈ। ਜਿਵੇਂ ਕਿ 'ਚੰਡੀ ਕੀ ਵਾਰ' ਦੀਆਂ

ਉਪਰੋਕਤ ਪੰਕਤੀਆਂ ਵਿਚ ਦੇਖਿਆ ਗਿਆ ਹੈ ਕਿ ਇਸ ਗਾਥਾ ਦੇ ਮੂਲ ਢਾਂਚੇ ਵਿਚ ਦੇਵਤਿਆਂ ਅਤੇ ਦੈਂਤਾਂ ਦੇ ਪਰਸਪਰ ਯੁੱਧ ਰਾਹੀਂ ਕੁਦਰਤ ਦੇ ਅੰਤਰੀਵ ਸਦੀਵੀ ਵਿਰੋਧਾ ਨੂੰ ਲੋਕ ਚੇਤਨਾ ਵਿਚ ਸਮੋਣ ਦਾ ਉੱਦਮ ਹੋਇਆ ਹੈ। ਇਸ ਤਰ੍ਹਾਂ ਇਨ੍ਹਾਂ ਰਚਨਾਵਾਂ ਦੇ ਕਥਾਨਕ ਦੀ ਬੁਣਤੀ ਦੇਵਤਿਆਂ ਅਤੇ ਦੈਂਤਾਂ ਦੇ ਯੁੱਧਾਂ ਉਪਰ ਆਧਾਰਿਤ ਹੈ। ਰਾਜ ਦੇ ਖੁੱਸ ਜਾਣ ਅਤੇ ਮਹਿਖਾਸੁਰ ਦੈਂਤ ਤੋ ਹਾਰ ਜਾਣ ਉਪਰੰਤ ਦੇਵਤੇ ਸਣੇ ਇੰਦ੍ਰ ਦੇ ਬੇਬਸ ਅਤੇ ਨਿਆਸਰੇ ਹੋ ਕੇ ਦੁਰਗਾ ਦੀ ਸ਼ਰਨ ਵਿਚ ਆਉਂਦੇ, ਉਸ ਨੂੰ ਆਪਣੀ ਬਿਰਥਾ ਸੁਣਾਉਂਦੇ ਅਤੇ ਸਹਾਇਤਾ ਲਈ ਬੇਨਤੀ ਕਰਦੇ ਹਨ। ਦੁਰਗਾ ਦੇਵਤਿਆਂ ਨੂੰ ਨਿਸਚਿੰਤ ਹੋਣ ਲਈ ਆਖਦੀ ਅਤੇ ਦੈਂਤਾਂ ਦਾ ਨਾਸ ਕਰਨ ਲਈ ਸ਼ੇਰ ਮੰਗਾਉਂਦੀ ਹੈ ਤੇ ਉਸ ਤੇ ਸਵਾਰ ਹੋ ਸੰਖ, ਚੱਕ੍ਰ, ਗਦਾ ਲੈ ਰਣ ਵਿਚ ਉਤਰਦੀ ਹੈ :

ਇਕਤ ਦਿਹਾੜੈ ਆਈ ਨ੍ਹਾਵਣ ਦੁਰਗ ਸ਼ਾਹ।।
ਦੇਵੀਂ ਬ੍ਰਿਥਾ ਸੁਣਾਈ ਅਪਣੇ ਹਾਲ ਦੀ :
"ਛੀਨਿ ਲਈ ਠਕੁਰਾਈ ਸਾਤੋਂ ਦਾਨਵੀਂ।।
ਲੋਕੀਂ ਤਿਹੀਂ ਫਿਰਾਈ ਦੋਹੀ ਆਪਣੀ।।
ਬੈਠੇ ਵਾਇ ਵਧਾਈ, ਤੇ ਅਮਰਾਵਤੀ।।
ਦਿੱਤੇ ਦੇਵ ਭਜਾਈ, ਸਭਨਾਂ ਰਾਕਸ਼ਾਂ।।
ਕਿਨੈਂ ਨ ਜਿਤਿਆ ਜਾਈ ਮਹਿਖੇ ਦੈਂਤ ਨੂੰ।।
ਤੇਰੀ ਸਾਮ ਤਕਾਈ, ਦੇਵੀਂ ਦੁਰਗਸ਼ਾਹ।।੪
ਦੁਰਗਾ, ਬੈਣ ਸੁਣੰਦੀ, ਹੱਸੀ ਹੜ ਹੜਾਇ।।
ਓਹੀ ਸੀਹੁ ਬੁਲਾਇਆ, ਰਾਕਸ਼-ਭੱਖਣਾ।।
"ਚਿੰਤਾ ਕਰਹੁ ਨ ਕਾਈ" ਦੇਵਾਂ ਨੂੰ ਆਖਿਆ।।
ਰੋਹ ਹੋਈ ਮਹਾਂਮਾਈ ਰਾਕਸ਼ਿ ਮਾਰਣੇ।।੫

ਇਸ ਤਰ੍ਹਾਂ ਦੁਰਗਾ ਕਈ ਵਾਰੀ ਰਾਜ ਜਿੱਤ ਕੇ ਦੇਵਤਿਆਂ ਨੂੰ ਸੌਂਪਦੀ ਹੈ ਤੇ ਮੁੜ ਕਈ ਵਾਰੀ ਦੈਂਤ ਜ਼ੋਰ ਪਕੜ ਕੇ ਰਾਜ ਖੋਹ ਲੈਂਦੇ ਹਨ। ਅੱਠ ਮੁਖੀ ਦੈਂਤ ਸੈਨਾਪਤੀ ਦੁਰਗਾ ਨਾਲ ਵਾਰੋ ਵਾਰੀ ਯੁੱਧ ਕਰਦੇ ਹਨ। ਸਾਰੇ ਚੰਡੀ ਚਰਿਤ੍ਰਾਂ ਵਿਚ ਇਹੋ ਅੱਠ ਦੈਂਤ ਸੈਨਾਪਤੀ ਮੌਜੂਦ ਹਨ ਜੋ ਇਕੋ ਕ੍ਰਮ ਅਨੁਸਾਰ ਹੀ ਆਉਂਦੇ ਹਨ। ਇਹ ਅੱਠ ਦੈਂਤ ਸੈਨਾਪਤੀ ਹਨ: ਮਧੁ, ਕੈਂਟਬ, ਮਹਿਖਾਸੁਰ, ਧੂਮ੍ਰਲੋਚਨ, ਚੰਡ, ਮੁੰਡ, ਰਕਤਬੀਜ, ਨਿਸੁੰਭ ਤੇ ਸੁੰਭ। ਦੁਰਗਾ ਇਨ੍ਹਾਂ ਸਾਰਿਆਂ ਦਾ ਨਾਸ ਕਰਕੇ ਅੰਤ ਉਪਰ ਸਦਾ ਲਈ ਦੇਵਤਿਆ ਨੂੰ ਰਾਜ ਸੌਂਪ ਦੇਂਦੀ ਹੈ।

ਇਥੇ ਇਹ ਧਿਆਨ ਦੇਣ ਦੀ ਲੋੜ ਹੈ ਕਿ ਇਸ ਤਰ੍ਹਾਂ ਦੇ ਪੌਰਾਣਿਕ ਕਥਾਨਕਾਂ ਦੇ ਚਿਤ੍ਰਣ ਵਿਚ ਵੀ ਗੁਰੂ ਜੀ ਨੇ ਨਿਰਾਕਾਰ ਅਕਾਲ ਪੁਰਖ ਦੀ ਟੇਕ ਨੂੰ ਕਿਤੇ ਭੰਗ ਨਹੀਂ ਹੋਣ ਦਿੱਤਾ। 'ਉਕਤਿ ਬਿਲਾਸ' ਦਾ ਆਰੰਭ ਉਸ ਅਪਾਰ, ਅਲੇਖ, ਅਨੰਤ, ਅਕਾਲ, ਅਭੇਖ, ਅੱਲਖ, ਅਨਾਸਾ ਆਦਿ ਅਕਥ ਵਿਸ਼ੇਸ਼ਣਾਂ ਦੇ ਸੰਬੋਧਨ ਰਾਹੀਂ ਹੋਇਆ ਹੇ ਅਤੇ ਅੰਤ ਵਿਚ ਅੰਕਤ ਸ਼ਿਵਾ ਪ੍ਰਤਿ ਅਰਦਾਸ ਦੀ ਭਾਵ ਧਾਰਾ ਗੁਰੂ ਜੀ ਦੀ ਜੀਵਨ ਦ੍ਰਿਸ਼ਟੀ ਦਾ ਕੇਂਦਰੀ ਮੰਤਵ ਬੜੀ ਸਪਸ਼ਟਤਾ ਨਾਲ ਉਜਾਗਰ ਕਰਦੀ ਹੈ। ਇਹ ਅਰਦਾਸ 'ਧਰਮ ਜੁੱਧ ਕਾ ਚਾਇ' ਪ੍ਰਤੀ ਸਮਰਪਿਤ ਇਕ ਵਿਆਪਕ ਧਰਮ ਦੀ ਸਥਾਪਨਾ ਦੇ ਜਤਨਾ ਦਾ

ਨੀਂਹ ਪੱਥਰ ਹੈ :

ਦੇਹ ਸਿਵਾ ਬਰੁ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ।।
ਨ ਡਰੋ ਅਰਿ ਸੋ ਜਬ ਜਾਇ ਲਰੋ,
ਨਿਸਚੈ ਕਰ ਅਪਨੀ ਜੀਤ ਕਰੋਂ।।
ਅਰੁ ਸਿਖਹੋਂ ਆਪਨੇ ਹੀ ਮਨ ਕੋ,
ਇਹ ਲਾਲਚ ਹਉ ਗੁਨ ਤਉ ਉਚਰੋਂ
ਜਬ ਆਵ ਕੀ ਅਉਧ ਨਿਦਾਨ ਬਨੈ,
ਅਤਿ ਹੀ ਰਨ ਮੈ ਤਬ ਜੂਝ ਮਰੋਂ।।੨੩੩

ਇਸ ਰਚਨਾ ਦੀ ਕਥਾ ਨੂੰ ਸੱਤ ਅਧਿਆਇਆਂ ਵਿਚ ਵੰਡਿਆ ਹੋਇਆ ਹੈ। ਪਹਿਲੇ ਅਧਿਆਇ ਦੇ ਬਾਰਾਂ ਪਦਾਂ ਵਿਚ ਅਕਾਲ ਪੁਰਖ ਦਾ ਸਿਮਰਨ ਹੈ ਅਤੇ ਇਸ ਦੇ ਅੰਤਰਗਤ ਚੰਡੀ ਦੀ ਵੰਦਨਾ ਹੋਈ ਹੈ। ਦੂਜੇ ਅਧਿਆਇ ਦੇ ਚਾਲੀ ਪਦਾਂ ਵਿਚ ਦੇਵਤਿਆਂ ਦਾ ਮਹਿਖਾਸੁਰ ਨਾਲ ਯੁੱਧ ਅਤੇ ਉਸਦੇ ਮਾਰੇ ਜਾਣ ਦਾ ਵਰਣਨ ਹੈ। ਤੀਜੇ ਅਧਿਆਇ ਦੇ ਕੁਲ 48 ਪਦ ਹਨ। ਇਨ੍ਹਾਂ ਵਿਚ ਸੁੰਭ-ਨਿਸੁੰਭ ਦੈਂਤਾਂ ਨਾਲ ਦੇਵੀ ਦੇ ਯੁੱਧ ਦਾ ਵਰਣਨ ਕਰਦਿਆਂ ਦੇਵੀ ਦੀ ਸੁੰਦਰਤਾ ਤੇ ਸੁੰਭ ਦਾ ਮੋਹਿਤ ਹੋਣਾ, ਧੂਮ੍ਰਲੋਚਨ ਦੈਂਤ ਨੂੰ ਪਕੜਨ ਲਈ ਭੇਜਣਾ, ਇਸ ਕੰਮ ਵਿਚ ਸਫਲ ਨਾ ਹੋਣਾ ਅਤੇ ਅੰਤ ਵਿਚ ਦੈਂਤ ਦੇ ਮਾਰੇ ਜਾਣ ਦਾ ਬਿਰਤਾਂਤ ਹੈ।

ਚੌਥੇ ਅਧਿਆਇ ਵਿਚ ਧੂਮ੍ਰਲੋਚਨ ਦੈਂਤ ਦੇ ਮਾਰੇ ਜਾਣ ਉਪਰੰਤ ਚੰਡ ਅਤੇ ਮੁੰਡ ਨਾਮਕ ਰਾਖਸ਼ ਦੁਰਗਾ ਨਾਲ ਯੁੱਧ ਕਰਨ ਲਈ ਆਉਂਦੇ ਹਨ। ਦੋਵੇਂ ਰਾਖਸ਼ ਆਪਣੀ ਅਪਾਰ ਸੈਨਾ ਦੁਆਰਾ ਦੇਵੀ ਨਾਲ ਯੁੱਧ ਕਰਦੇ ਹਨ ਅਤੇ ਅੰਤ ਵਿਚ ਦੋਵੇਂ ਹੀ ਦੇਵੀ ਦੀ ਤਲਵਾਰ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਵਿਚ ਕੁਲ 16 ਪਦ ਹਨ। ਪੰਜਵੇਂ ਅਧਿਆਇ ਵਿਚਲੀ ਪਦ ਸੰਖਿਆ 56 ਹੈ। ਚੰਡ ਮੁੰਡ ਦੈਂਤਾਂ ਦੀ ਮੌਤ ਤੋਂ ਬਾਅਦ ਸੁੰਭ ਅਤੇ ਨਿਸੁੰਭ ਨੇ ਰਕਤਬੀਜ ਨੂੰ ਇਕ ਵਿਸ਼ਾਲ ਸੈਨਾ ਦੇ ਕੇ ਯੁੱਧ ਲਈ ਭੇਜਿਆ। ਰਕਤਬੀਜ ਨੂੰ ਇਹ ਵਰਦਾਨ ਪ੍ਰਾਪਤ ਸੀ ਕਿ ਜਿੰਨੀਆਂ ਵੀ ਉਸ ਦੇ ਰਕਤ ਦੀਆਂ ਬੂੰਦਾਂ ਜ਼ਮੀਨ ਤੇ ਡਿੱਗਦੀਆਂ ਸਨ ਉਤਨੇ ਹੀ ਰਕਤਬੀਜ ਹੋਰ ਉਤਪੰਨ ਹੋ ਜਾਂਦੇ ਸਨ। ਦੁਰਗਾ ਨੇ ਆਪਣੇ ਮਸਤਕ ਤੋਂ ਜੁਆਲਾ ਪਰਗਟ ਕਰਕੇ ਕਾਲੀ ਨੂੰ ਜਨਮ ਦਿੱਤਾ ਅਤੇ ਕਾਲੀ ਨੂੰ ਕਿਹਾ ਕਿ ਮੈਂ ਰਕਤ-ਬੀਜ ਦਾ ਬੱਧ ਕਰਦੀ ਹਾਂ, ਤੂੰ ਉਸ ਦਾ ਰਕਤ ਪੀ ਲਵੀਂ। ਇਸ ਤਰ੍ਹਾਂ ਚੰਡੀ ਅਤੇ ਕਾਲੀ ਦੁਆਰਾ ਮਿਲ ਕੇ ਰਕਤਬੀਜ ਦਾ ਬੱਧ ਹੋਇਆ :

ਜੁੱਧ ਰਕਤ੍ਰ ਬੀਜ ਕਰਿਯੋ, ਧਰਨੀ ਪਰ ਸੌ ਸੁਰ ਦੇਖਤ ਸਾਰੇ।
ਜੇਤਕ ਸ੍ਰੋਨ ਕੀ ਬੂੰਦ ਗਿਰੈ, ਉਠਿ ਤੇਤਕ ਰੂਪ ਅਨੇਕਹਿ ਧਾਰੇ।
ਜਗਨਿ ਆਨਿ ਫਿਰੀ ਚਹੂੰ ਓਰ ਤੇ, ਸੀਸ ਜਟਾ ਕਰਿ ਖੱਪਰ ਭਾਰੇ।
ਸ੍ਰੋਨਤ ਬੂੰਦ ਪਰੈਂ ਅਚਵੈਂ ਸਭ, ਖੱਗ ਲੈ ਚੰਡ ਪ੍ਰਚੰਡ ਸੰਘਾਰੇ।
ਕਾਲੀ ਅਉ ਚੰਡਿ ਕੁਵੰਡ ਸੰਭਾਰ ਕੈ, ਦੈਤ ਸੋ ਜੱਧ ਨਿਸੰਗ ਸਾਜਿਓ ਹੈ।
ਮਾਰ ਮਹਾਂ ਰਨ ਮੱਧ ਭਈ, ਪਹਰੇਕ ਲਉ ਸਾਰ ਸੋ ਸਾਰ ਬਾਜਿਓ ਹੈ।

ਸ੍ਰਉਨਤ ਬਿੰਦ ਗਿਰਿਓ ਧਰਨੀ ਪਰ, ਇਉਂ ਅਸਿ ਸੋ ਅਰਿ-ਸੀਸ ਭਜਿਓ ਹੈ।
ਮਾਨੋ ਅਤੀਤ ਕਰਿਯੋ ਚਿਤ ਕੋ, ਧਨਵੰਤ ਸਭੈ ਨਿਜ ਮਾਲ ਤਜਿਓ ਹੈ।੧੭੧

ਛੇਵੇਂ ਅਧਿਆਇ ਦੀ ਪਦ ਸੰਖਿਆ 30 ਹੈ। ਇਸ ਵਿਚ ਵਰਣਨ ਕੀਤਾ ਗਿਆ ਹੈ ਕਿ ਇਸ ਤਰ੍ਹਾਂ ਰਕਤਬੀਜ ਦੇ ਮਾਰੇ ਜਾਣ ਦਾ ਸੰਦੇਸ਼ ਸੁੰਭ ਅਤੇ ਨਿਸੁੰਭ ਕੋਲ ਭੇਜ ਦਿੱਤਾ ਜਾਂਦਾ ਹੈ। ਸੁੰਭ ਅਤੇ ਨਿਸੁੰਭ ਗੁੱਸੇ ਵਿਚ ਆ ਕੇ ਆਪਣੀ ਸ਼ਕਤੀਸ਼ਾਲੀ ਸੈਨਾ ਨਾਲ ਚੰਡੀ ਅਤੇ ਕਾਲੀ ਨਾਲ ਬੜਾ ਭਿਆਨਕ ਯੁੱਧ ਕਰਦੇ ਹਨ। ਇਹ ਯੁੱਧ ਇਤਨਾ ਘਮਾਸਾਨ ਦਾ ਸੀ ਕਿ ਦੋਹਾਂ ਦੇਵੀਆਂ ਦੀ ਸ਼ਕਤੀ ਉਨ੍ਹਾਂ ਰਾਖਸ਼ਾਂ ਦੇ ਮੁਹਰੇ ਬੜੀ ਘਟ ਜਾਪਣ ਲੱਗੀ। ਇਸ ਤੇ ਵਿਸ਼ਨੂੰ ਨੇ ਚੰਡੀ ਦੀ ਸਹਾਇਤਾ ਲਈ ਦੇਵਤਿਆਂ ਦੀਆਂ ਸ਼ਕਤੀਆਂ ਨੂੰ ਲੜਾਈ ਦੇ ਮੈਦਾਨ ਵਿਚ ਭੇਜਿਆ। ਇਹ ਸਾਰੀਆਂ ਸ਼ਕਤੀਆਂ ਦੇਵੀ ਵਿਚ ਆ ਕੇ ਸਮਾਅ ਜਾਂਦੀਆਂ ਹਨ। ਦੇਵੀ ਦਾ ਨਿਸੁੰਭ ਨਾਲ ਬੜਾ ਭਿਅੰਕਰ ਯੁੱਧ ਹੁੰਦਾ ਹੈ ਅਤੇ ਅੰਤ ਵਿਚ ਚੰਡੀ ਉਸ ਦਾ ਆਪਣੀ ਤਲਵਾਰ ਨਾਲ ਬਧ ਕਰ ਦਿੰਦੀ ਹੈ।

ਸੱਤਵੇਂ ਅਧਿਆਇ ਦੀ ਪਦ ਸੰਖਿਆ 9 ਹੈ। ਨਿਸੁੰਭ ਦੇ ਮਾਰੇ ਜਾਣ ਤੇ ਦੈਂਤ ਹਾਰ ਖਾ ਕੇ ਫਿਰ ਲੜਾਈ ਦੇ ਮੈਦਾਨ ਵਿਚ ਆ ਡਟਦੇ ਹਨ। ਸੁੰਭ ਆਪਣੇ ਭਰਾ ਨਿਸੁੰਭ ਦੀ ਮ੍ਰਿਤਕ ਦੇਹ ਵੇਖ ਕੇ ਬਹੁਤ ਦੁਖੀ ਹੁੰਦਾ ਹੈ। ਇਸ ਲੜਾਈ ਵਿਚ ਵੀ ਆਖਿਰ ਹਾਰ ਦੈਂਤਾਂ ਦੀ ਹੀ ਹੁੰਦੀ ਹੈ ਅਤੇ ਸੁੰਭ ਮਾਰਿਆ ਜਾਂਦਾ ਹੈ।

ਅੱਠਵੇਂ ਅਧਿਆਇ ਵਿਚ ਦੇਵੀ ਮਹਾਤਮ ਦਿੱਤਾ ਗਿਆ ਹੈ। ਦੇਵੀ ਸੰਤਾਂ ਦੀ ਰੱਖਿਆ ਅਤੇ ਦੁਸ਼ਟਾਂ ਦਾ ਨਾਸ਼ ਕਰਦੀ ਹੈ। ਸਾਰੇ ਦੇਵਤੇ ਉਸਦੀ ਅਰਾਧਨਾ ਕਰਦੇ ਹਨ। ਦੇਵੀ ਦਾ ਯਸ਼ ਤਿੰਨਾਂ ਲੋਕਾਂ ਵਿਚ ਪਸਰਿਆ ਹੋਇਆ ਹੈ:

ਮਿਲਿ ਕੈ ਸੁ ਦੇਵਨ ਬਡਾਈ ਕਰੀ ਕਾਲਿਕਾ ਕੀ
ਏਹੋ ਜਗ ਮਾਤ ਤੈ ਤੋ ਕਟਿਓ ਬਡੋ ਪਾਪੁ ਹੈ।
ਦੈਤਨ ਕੋ ਮਾਰ ਰਾਜ ਦੀਨੋ ਤੈ ਸੁਰੇਸ ਹੂੰ ਕੋ,
ਬਡੋ ਜਸੁ ਲੀਨੋ ਜਗਿ ਤੇਰੋ ਈ ਪ੍ਰਤਾਪੁ ਹੈ।
ਦੇਤ ਹੈ ਅਸੀਸ ਦਿਜ ਰਾਜ ਰਿਖਿ ਬਾਰਿ ਬਾਰਿ,
ਤਹਾ ਹੀ ਪੜਿਓ ਹੈ ਬ੍ਰਹਮ ਕਉਚ ਹੂੰ ਕੋ ਜਾਪੁ ਹੈ'
ਐਸੋ ਜਸੁ ਪੂਰ ਰਹਿਓ ਚੰਡਿਕਾ ਕੋ ਤੀਨ ਲੋਕਿ,
ਜੈਸੇ ਧਾਰ ਸਾਗਰ ਮੈ ਗੰਗਾ ਜੀ ਕੋ ਆਪੁ ਹੈ।।੨੩੭

ਇਸ ਤਰ੍ਹਾਂ ਚੰਡੀ ਚਰਿਤ੍ਰ ਸਾਹਿਤ ਵਿਚ ਯੁੱਧਾਂ ਦੇ ਇਹ ਬੜੇ ਹੀ ਭਿਆਨਕ ਵਰਣਨ ਰੌਦ੍ਰ ਰਸ ਭਰਪੂਰ ਹਨ। ਉਕਤਿ ਬਿਲਾਸ ਵਿਚ ਇਸੇ ਰੌਦ੍ਰ ਰਸ ਦਾ ਇਕ ਨਮੂਨਾ ਦੇਖਿਆ ਜਾ ਸਕਦਾ ਹੈ- ਵਿਸ਼ਨੂੰ ਨੇ ਦੈਂਤਾਂ ਦੇ ਸਿਰਾਂ ਨੂੰ ਆਪਣੇ ਪੱਟਾਂ ਤੇ ਰਖ ਕੇ ਸੁਦਰਸ਼ਨ ਚੱਕ੍ਰ ਨਾਲ ਕੱਟ ਦਿੱਤਾ: 'ਧਾਰਿ ਉਰੂ ਪਰਿ ਚਕ੍ਰ ਸੌ ਕਾਟ ਕੈ'। ਇਸੇ ਤਰ੍ਹਾਂ ਮਹਿਖਾਸੁਰ ਦੈਂਤ ਦੇ ਲਹੂ ਨਾਲ ਭਿੱਜੇ ਹੋਏ ਸਰੀਰ ਦੀ ਬੜੀ ਅਦਭੁਤ ਪ੍ਰਤੀਕ ਯੋਜਨਾ ਪੇਸ਼ ਹੋਈ ਹੈ:

ਸ੍ਰਉਣਤ ਰੰਗ ਸਨਿਓ ਨਿਸਰਿਓ
ਜਸੁ ਇਆ ਛਬਿਕੋ ਮਨ ਮੈਂ ਇਹਿ ਆਇਓ।।

ਮਾਰਿ ਕੈ ਛਤ੍ਰਨਿ ਕੁੰਡਕੈ ਛੇਤ੍ਰ ਮੈ, ਮਾਨਹੁ
ਪੈਠਿ ਕੈ ਰਾਮਜੂ ਨ੍ਹਾਇਓ।।

ਤਲਵਾਰ ਲਗਣ ਨਾਲ ਸਿਰ ਕੱਟ ਕੇ ਦੂਰ ਜਾ ਡਿੱਗਾ ਹੈ, ਗੁਰੂ ਸਾਹਿਬ ਨੇ ਇਸ ਦੀ ਉਪਮਾ ਹਵਾ ਚਲਣ ਨਾਲ ਬ੍ਰਿਛ ਨਾਲੋਂ ਅੰਬ ਟੁੱਟ ਕੇ ਧਰਤੀ ਤੇ ਡਿੱਗ ਪੈਣ ਨਾਲ ਦਿੱਤੀ ਹੈ। ਯੁੱਧ ਦੀ ਵਿਕਰਾਲਤਾ ਤੇ ਲਾਸ਼ਾਂ ਦੇ ਢੇਰ ਦਾ ਚਿਤ੍ਰਣ ਕਮਾਲ ਦੀਆਂ ਉਪਮਾਵਾਂ ਨਾਲ ਸਾਕਾਰ ਕੀਤਾ ਗਿਆ ਹੈ : "ਗਿੱਦੜ, ਜੋਗਨੀਆਂ ਤੇ ਗਿਰਝਾਂ ਇਹ ਮਜ਼ਦੂਰ ਹਨ, ਲਹੂ ਦਾ ਗਾਰਾ ਹੈ, ਜਿਸ ਵਿਚ ਸ਼ਿਵ ਜੀ ਘਾਣੀ ਕਰਨ ਵਾਲਾ ਬਣ ਕੇ ਨੱਚ ਰਿਹਾ ਹੈ ਜੋ ਸੂਰਮਿਆਂ ਦੀਆਂ ਲੋਥਾਂ ਤੇ ਲੋਥਾਂ ਚੜ੍ਹੀਆਂ ਹਨ ਇਹ ਕੰਧ ਬਣੀ ਹੈ, ਚਿੱਟੀ ਰਤਬੂਤ ਤੇ ਚਰਬੀ ਦੀ ਕੰਧ ਤੇ ਚਿੱਟਾ ਪਲਸਤਰ ਹੋਇਆ ਹੈ। ਇਹ ਰਣਭੂਮੀ ਨਹੀਂ ਜਾਪਦੀ, ਇਹ ਤਾਂ ਇਉਂ ਪ੍ਰਤੀਤ ਹੋ ਰਿਹਾ ਹੈ, ਜਿਵੇਂ ਵਿਸ਼ਕਰਮਾ ਨੇ ਬੜੀ ਸੁੰਦਰ ਤਸਵੀਰ ਬਣਾਈ ਹੈ।"

ਇਸ ਤਰ੍ਹਾਂ 'ਉਕਤਿ ਬਿਲਾਸ' ਵਿਚ ਵਰਤੀਆਂ ਗਈਆਂ ਇਹ ਅਨੇਕਾਂ ਨਵੀਆਂ, ਨਵੇਕਲੀਆਂ, ਭਾਵ ਤੇ ਰਸ ਦੇ ਅਨੁਸਾਰੀ ਅਦਭੁਤ ਉਪਮਾਵਾਂ, ਅਲੰਕਾਰ ਅਤੇ ਸ਼ਬਦਾਂ ਦੀ ਅਨੁਨਾਸਿਕ ਧੁਨੀ ਜੁਗਤ ਕਲਾ-ਕੌਸ਼ਲਤਾ ਦੇ ਦ੍ਰਿਸ਼ਟੀਕੋਣ ਤੋਂ ਖਾਸੀ ਮਹੱਤਵਪੂਰਨ ਹੈ। ਗੁਰੂ ਸਾਹਿਬ ਦਾ ਸਵੈ ਕਥਨ ਹੈ :

ਚੰਡ ਚਰਿਤ੍ਰ ਕਵਿੱਤਨ ਮੈ, ਬਰਨਿਓ
ਸਭ ਹੀ ਰਸਰੁਦ੍ਰ ਮਈ ਹੈ।।
ਏਕ ਤੇ ਏਕ ਰਸਾਲ ਭਇਓ, ਨਖ ਤੇ
ਸਿਖ ਲਉ ਉਪਮਾ ਸੁ ਨਈ ਹੈ।।੨੩੧।।

ਚੰਡੀ ਚਰਿਤ੍ਰ (ਦੂਜਾ) ਦੇ ਅੱਠ ਅਧਿਆਇ ਅਤੇ 262 ਪਦ ਹਨ। ਇਸ ਦੀ ਕਾਵਿ ਸ਼ੈਲੀ 'ਉਕਤਿ ਬਿਲਾਸ' ਤੋਂ ਭਿੰਨ ਹੈ। 'ਉਕਤਿ ਬਿਲਾਸ' ਵਿਚ ਕੇਵਲ ਸਵੈਯਾ ਛੰਦ ਸੀ ਜਦਕਿ ਇਸ ਵਿਚ ਕਬਿੱਤ, ਦੋਹਾ, ਚੌਪਈ ਆਦਿ ਦਾ ਪ੍ਰਯੋਗ ਹੈ ਅਤੇ ਕੁਲ 17 ਛੰਦ ਹਨ। ਇਸ ਰਚਨਾ ਦਾ ਕਥਾਨਕ ਦੇਵੀ ਭਾਗਵਤ ਸਕੰਧ 21, ਅਧਿਆਇ 35 ਦੀ ਕਥਾ 'ਤੇ ਆਧਾਰਿਤ ਹੈ। ਦੂਜੇ ਪਾਸੇ ਇਹ ਸਾਰੀ ਰਚਨਾ 'ਉਕਤਿ ਬਿਲਾਸ' ਦਾ ਹੀ ਇਕ ਤਰ੍ਹਾਂ ਨਾਲ ਸੰਖੇਪ ਰੂਪ ਹੈ। ਸ਼ਾਇਦ ਇਹੋ ਕਾਰਣ ਹੈ ਕਿ ਇਸ ਰਚਨਾ ਵਿਚੋਂ ਮੰਗਲਾਚਰਣ ਗੈਰਹਾਜ਼ਰ ਹੈ। ਇਸ ਦਾ ਆਰੰਭ ਇਸ ਉਕਤੀ ਨਾਲ ਕੀਤਾ ਗਿਆ ਹੈ : "੧ੴ ਵਾਹਿਗੁਰੂ ਜੀ ਕੀ ਫਤਹ।। ਅਥ ਚੰਡੀ ਚਰਿਤ੍ਰ ਲਿਖਯਤੇ।"

ਇਸ ਰਚਨਾ ਦੇ ਕਥਾ ਬਿਰਤਾਂਤ ਦਾ ਵਰਣਨ ਕਰਦਿਆਂ ਪਹਿਲੇ ਅਧਿਆਇ ਵਿਚ ਮਹਿਖਾਸੁਰ ਦੇ ਮਾਰੇ ਜਾਣ ਦਾ ਪ੍ਰਸੰਗ ਹੈ। ਇਸ ਵਿਚ 38 ਪਦ ਹਨ। ਦੂਜੇ ਅਧਿਆਇ ਵਿਚ ਧੂਮ੍ਰਨੈਨ ਦਾ ਬਧ ਵਰਣਨ ਹੈ। ਪਦ ਸੰਖਿਆ 26 ਹੈ। ਮਹਿਖਾਸੁਰ ਦੇ ਮਾਰ ਦਿੱਤੇ ਜਾਣ ਤੋਂ ਉਪਰੰਤ ਸਾਰੇ ਪਾਸੇ ਅਮਨ ਚੈਨ ਹੋ ਜਾਂਦਾ ਹੈ। ਦੇਵਤੇ ਪ੍ਰਸੰਨ ਰਹਿਣ ਲੱਗ ਪਏ। ਬਹੁਤ ਸਮਾਂ ਪਾ ਕੇ ਸੁੰਭ ਅਤੇ ਨਿਸੁੰਭ ਦੈਂਤ ਦੇਵਤਿਆਂ ਨੂੰ ਜਿੱਤ ਲੈਂਦੇ ਹਨ। ਸ਼ੇਸ਼ਨਾਗ ਆਪਣੇ ਮੁਕਟ ਦੀ ਮਣੀ ਤੋਂ ਹੱਥ ਧੋ ਬੈਠਦਾ ਹੈ। ਦੇਵਤੇ ਚਿੰਤਾਗ੍ਰਸਤ ਹੋ ਜਾਂਦੇ ਹਨ। ਅੰਤ ਵਿਚ ਉਹ ਆਪਣੀ ਬਿਰਥਾ ਲੈ ਕੇ ਦੇਵੀ ਕੋਲ ਸਹਾਇਤਾ ਲਈ ਜਾਂਦੇ ਹਨ। ਦੇਵਤਿਆਂ ਦੀ ਬੇਨਤੀ ਸੁਣ ਕੇ ਦੇਵੀ ਦੈਂਤਾਂ ਨਾਲ ਯੁੱਧ ਲਈ ਤਿਆਰ ਹੋ ਗਈ। ਧੂਮ੍ਰਲੋਚਨ ਦੈਂਤਾਂ

ਦੀ ਸੈਨਾ ਦਾ ਸੈਨਾਪਤੀ ਸੀ। ਚੰਡੀ ਅਤੇ ਉਸਦਾ ਸਿੰਘ ਜਾਂ ਸ਼ੇਰ ਸ਼ਤ੍ਰੂ ਸੈਨਾ ਦਾ ਸੰਘਾਰ ਕਰਨ ਲਗ ਪਿਆ। ਅੰਤ ਵਿਚ ਕਾਲੀ ਨੇ ਧੂਮ੍ਰਲੋਚਨ ਨੂੰ ਮਾਰ ਸੁੱਟਿਆ ਅਤੇ ਬਾਕੀ ਸੈਨਾ ਭੱਜ ਉੱਠੀ।

ਤੀਜੇ ਅਧਿਆਇ ਦਾ ਕਥਾ ਬਿਰਤਾਂਤ ਇਸ ਤਰ੍ਹਾਂ ਹੈ: ਧੂਮ੍ਰਲੋਚਨ ਦੇ ਮਾਰੇ ਜਾਣ ਦੀ ਖ਼ਬਰ ਸੁਣ ਕੇ ਚੰਡ ਅਤੇ ਮੁੰਡ ਨਾਂ ਦੇ ਰਾਖਸ਼ ਯੁੱਧ ਕਰਨ ਲਈ ਆਉਂਦੇ ਹਨ। ਇਸ ਅਧਿਆਇ ਵਿਚ ਯੁੱਧ ਵਰਣਨ ਬੜਾ ਹੀ ਸਜੀਵ ਹੈ। ਪ੍ਰਤੀਕਾਤਮਕਤਾ ਅਦਭੁਤ ਤਰ੍ਹਾਂ ਦੀ ਨਿਵੇਕਲੀ ਹੈ। ਮਿਸਾਲ ਵਜੋਂ ਪ੍ਰਤੀਕ ਪ੍ਰਯੋਗਾਂ ਦੇ ਹੇਠਲੇ ਵਰਣਨ ਵਿਚ ਯੁੱਧ ਖੇਤਰ ਦੀ ਭਿਆਨਕਤਾ ਸਾਕਾਰ ਹੋਈ ਜਾਪਦੀ ਹੈ। ਰਣਭੂਮੀ ਰੂਪੀ ਮਾਨਸਰੋਵਰ ਵਿਚ ਹਾਥੀਆਂ ਦੇ ਝੁੰਡ ਪਹਾੜਾਂ ਵਰਗੇ ਹਨ ਤੇ ਸੂਰਮਿਆਂ ਦੇ ਸਿਰ ਪੱਥਰਾਂ ਵਾਂਗੂੰ ਹਨ। ਸੂਰਮਿਆਂ ਦੀਆਂ ਟੇਢੀਆਂ ਹੋਈਆਂ ਬਾਹਾਂ ਤੰਦੂਏ ਵਾਂਗੂੰ ਸੋਭ ਰਹੀਆਂ ਹਨ ਤੇ ਰੱਥਾਂ ਦੇ ਪਹੀਏ ਕੱਛੂਆਂ ਵਰਗੇ ਜਾਪਦੇ ਹਨ। ਫਾਹੀਆਂ ਤੇ ਕੇਸ ਜਾਲੇ ਵਾਂਗੂੰ ਸ਼ੋਭ ਰਹੇ ਹਨ:

ਝਾਰਿ ਝਾਰਿ ਫਿਰੇ ਸਰੋਤਮ ਡਾਰਿ ਝਾਰਿ ਕ੍ਰਿਪਾਨ।
ਸੈਲ ਸੇ ਰਣਿ ਪੁੰਜ ਕੁੰਜਰ, ਸੂਰ ਸੀਸ ਬਖਾਨ॥
ਬੱਕ੍ਰ ਨੱਕ੍ਰ ਭੁਜਾ ਸੁਸੋਭਿਤ, ਚੱਕ੍ਰ ਸੇ ਰਥ-ਚੱਕ੍ਰ॥
ਕੇਸ ਪਾਸਿ ਸਿਬਾਲ ਸੋਹਤ, ਅਸਥ ਚੂਰ ਸਰੱਕ੍ਰ॥੭੧॥

ਇਸ ਅਧਿਆਇ ਵਿਚ ਸੁੰਭ ਤੇ ਨਿਸੁੰਭ ਕਾਲੀ ਦੁਆਰਾ ਮਾਰ ਦਿੱਤੇ ਜਾਂਦੇ ਹਨ।

ਚੌਥੇ ਅਧਿਆਇ ਦੇ ਅਗਲੇ ਬਿਰਤਾਂਤ ਵਿਚ ਚੰਡ ਅਤੇ ਮੁੰਡ ਤੋਂ ਉਪਰੰਤ ਰਕਤਬੀਜ ਨੂੰ ਯੁੱਧ ਲਈ ਭੇਜਿਆ ਜਾਂਦਾ ਹੈ। ਉਸਦੀ ਸੈਨਿਕ ਤਾਕਤ ਨੂੰ ਵੇਖ ਕੇ ਦੇਵ ਲੋਕ ਭੈਭੀਤ ਹੋ ਗਿਆ, ਜ਼ਮੀਨ ਕੰਬਣ ਲਈ ਪਈ, ਆਕਾਸ਼ ਹੈਰਾਨ ਰਹਿ ਗਿਆ :

ਰਕਤਬੀਜ ਦੈ ਚਲਯੋ ਨਗਾਰਾ॥
ਦੇਵ ਲੋਕ ਲਉ ਸੁਨੀ ਪੁਕਾਰਾ॥
ਕੰਪੀ ਭੂਮਿ ਗਗਨ ਥਹਰਾਨਾ॥
ਦੇਵਨ ਜੁਤਿ ਦਿਵਰਾਜ ਡਰਾਨਾ॥੮੦

ਇਥੇ ਵਰਣਨਾਂ ਦੀ ਪ੍ਰਵਾਹਮਈ ਸ਼ੈਲੀ ਦੇ ਰੂਪ ਵਿਚ ਯੁੱਧ ਦੇ ਸਜੀਵ ਸੰਗੀਤਬੱਧ ਧੁਨਿਮੂਲਕ ਸ਼ਬਦਾਂ ਦਾ ਇਕ ਸੋਮਾ ਫੁੱਟਦਾ ਜਾਪਦਾ ਹੈ। ਜਿਵੇਂ ਕਿ:

\- ਪਰੀ ਕੁੱਟ ਕੁੱਟੰ ਰੁਲੇ ਤੱਛ ਮੁੱਛੰ।
ਕਹੂੰ ਮੁੰਡ ਤੁੰਡੰ ਕਹੂੰ ਮਾਸੁ ਮੁੱਛੰ॥
ਭਯੋ ਚਾਰ ਸੈ ਕੋਸ ਲਉ ਬੀਰਖੇਤੰ॥
ਬਿਦਾਰੇ ਪਰ ਬੀਰ ਬ੍ਰਿੰਦੰ ਬਿਚੇਤੰ॥੮੯
\- ਡਕਾ ਡੱਕਡਾਕੈ॥ ਹਕਾਹੱਕ ਹਾਕੈਂ॥
ਭਕਾ ਭੁੰਕ ਭੇਰੀ॥ ਡਮਕ ਡਾਮ ਡੇਰੀ॥੧੦੭

ਇਸ ਅਧਿਆਇ ਵਿਚਲੀ ਭੁਜੰਗ ਪ੍ਰਯਾਤ ਛੰਦ ਦੀ ਵਰਤੋਂ ਅਨੂਠੀ ਹੈ। ਇਹ ਛੰਦ

ਸੰਗੀਤ ਦੀ ਲੈਅ ਤਾਰ ਨੂੰ ਮੁਖ ਰੱਖ ਕੇ ਰਚਿਆ ਜਾਂਦਾ ਹੈ ਅਤੇ ਇਸ ਛੰਦ ਦੇ ਸ਼ੁਰੂ ਦੇ ਸ਼ਬਦਾਂ ਦਾ ਕੋਈ ਖਾਸ ਅਰਥ ਨਹੀਂ ਹੁੰਦਾ। ਇਹ ਕੇਵਲ ਸੰਗੀਤਕ ਲੈਅ ਪੈਦਾ ਕਰਨ ਲਈ ਲਿਖੇ ਜਾਂਦੇ ਹਨ। ਮਿਸਾਲ ਵਜੋਂ:

ਕਾਗੜਦੰ ਕਾਤੀ, ਕਟਾਰੀ ਕੜਾਕੰ।
ਤਾਗੜਦੰ ਤੀਰੰ, ਤੁਪੱਕੰ ਤੜਾਕੰ।
ਝਾਗੜਦੰ ਨਾਗੜਦੰ ਬਾਗੜਦੰ ਬਾਜੇ।
ਗਾਗੜਦੰ ਗਾਜੀ, ਮਹਾਂ ਗਜ ਗਾਜੇ।।੧੧੨

ਪੰਜਵੇ ਅਤੇ ਛੇਵੇਂ ਅਧਿਆਇ ਵਿਚ ਵਾਰੀ ਵਾਰੀ ਨਿਸੁੰਭ ਦੇ ਸੁੰਭ ਨਾਲ ਯੁੱਧ ਦਾ ਵਰਣਨ ਹੈ। ਸੱਤਵੇਂ ਅਧਿਆਇ ਵਿਚ ਦੇਵੀ ਦੀ ਅਰਾਧਨਾ ਕਰਦਿਆਂ ਦੇਵੀ ਦੇ ਸਾਰੇ ਗੁਣਾਂ ਅਤੇ ਯੁੱਧਾਂ ਦਾ ਵਰਣਨ ਹੋਇਆ ਹੈ। ਇਸ ਵਿਚ ਯੁੱਧ ਸੰਬੰਧੀ ਨਵੀਂ ਸ਼ਬਦਾਵਲੀ ਅਤੇ ਵਿਸ਼ੇਸ਼ਣਾਂ ਦੀ ਵਰਤੋਂ ਅਨੋਖੀ ਅਤੇ ਕਾਵਿਮਈ ਹੈ:

ਨਮੋ ਜੁੱਧਨੀ ਕ੍ਰੁੱਧਨੀ ਕ੍ਰੂਰ ਕਰਮਾ।।
ਮਹਾਂ ਬੁੱਧਿਨੀ ਸਿੱਧਿਨੀ ਸੁੱਧ ਕਰਮਾ।।
ਪਰੀ ਪਦਮਿਨੀ ਪਾਰਬਤੀ ਪਰਮ ਰੂਪਾ।।
ਸਿਵੀ ਬਾਸਵੀ ਬ੍ਰਾਹਮੀ ਰਿੱਧ ਕੂਪਾ।।੨੨੮

ਅੱਠਵੇਂ ਅਧਿਆਇ ਦੇ ਛੇ ਪਦਾਂ ਵਿਚ ਚੰਡੀ ਦੇ ਗੁਣਾਂ ਦਾ ਗਾਇਨ ਹੈ ਅਤੇ ਪ੍ਰਸਤੁਤ ਪਾਠ ਦੇ ਪੜ੍ਹਨ-ਸੁਣਨ ਦਾ ਮਹਾਤਮ ਦੱਸਿਆ ਗਿਆ ਹੈ। ਗੁਰੂ ਸਾਹਿਬ ਦੇਵੀ ਨੂੰ ਸੰਬੋਧਨ ਕਰਦਿਆਂ ਕਥਨ ਕਰਦੇ ਹਨ ਕਿ ਹੈ ਦੁਰਗਾ ਮਾਤਾ : ਜਿਹੜੇ ਜਿਹੜੇ ਸੰਤ ਭਗਤ ਹਰ ਰੋਜ਼ ਅੰਮ੍ਰਿਤ ਵੇਲੇ ਉਠ ਕੇ ਤੇਰੀ ਅਰਾਧਨਾ ਕਰਨਗੇ, ਉਹ ਅੰਤ ਸਮੇਂ ਮੁਕਤੀ-ਫਲ ਨੂੰ ਪ੍ਰਾਪਤ ਕਰਨਗੇ ਤੇ ਪ੍ਰਭੂ ਵਿਚ ਅਭੇਦ ਹੋ ਕੇ ਜਨਮ ਮਰਨ ਤੋਂ ਛੁੱਟ ਜਾਣਗੇ :

ਜੇ ਜੇ ਤੁਮਰੇ ਧਿਆਨ ਕੋ ਨਿਤ ਉਠਿ ਧਿਐਹੈ ਸੰਤ।।
ਅੰਤ ਲਹੈਗੇ ਮੁਕਤਿ ਫਲੁ ਪਾਵਹਿਗੇ ਭਗਵੰਤ।।੨੬੨

ਚੰਡੀ ਚਰਿਤ੍ਰ ਸਾਹਿਤ ਦੀ ਤੀਜੀ ਰਚਨਾ 'ਚੰਡੀ ਦੀ ਵਾਰ' ਹੈ। ਇਸ ਕਿਰਤ ਨੂੰ 'ਭਗਉਤੀ ਦੀ ਵਾਰ' ਵੀ ਕਿਹਾ ਜਾਂਦਾ ਹੈ। ਅਕਾਲ ਪੁਰਖ ਦੇ ਇਕ ਸਰਬ ਸ੍ਰੇਸ਼ਠ ਚਿੰਨ੍ਹ ਦੇ ਰੂਪ ਵਿਚ ਅਨੇਕ ਥਾਵਾਂ ਤੇ ਭਗਉਤੀ ਅਰਥਾਤ ਸ਼ਕਤੀ ਨੂੰ ਪ੍ਰਸਤੁਤ ਕੀਤਾ ਗਿਆ ਹੈ। 'ਬਚਿਤ੍ਰ ਨਾਟਕ' ਦੇ ਪਹਿਲੇ ਦੋਹਰੇ ਵਿਚ ਉਲੇਖ ਹੈ:

ਨਮਸਕਾਰ ਸ੍ਰੀ ਖੜਗ ਕੋ, ਕਰੌਂ ਸੁ ਹਿਤੁ ਚਿਤੁ ਲਾਇ।।
ਪੂਰਨ ਕਰੋਂ ਗਿਰੰਥ ਇਹੁ, ਤੁਮ ਮੁਹਿ ਕਰਹੁ ਸਹਾਇ।।੧।।

ਇਥੇ 'ਖੜਗ' ਉਸ ਸ਼ਕਤੀ ਦਾ ਪ੍ਰਤੀਕ ਹੈ, ਜਿਸ ਰਾਹੀਂ ਅਕਾਲ ਪੁਰਖ ਨੇ ਆਪ ਸ੍ਰਿਸ਼ਟੀ ਦੀ ਸਾਜਨਾ ਕੀਤੀ ਹੈ:

ਖੰਡਾ ਪ੍ਰਥਮਿ ਮਨਾਇਕੈ ਜਿਨ ਸਭ ਸੈਸਾਰ ਉਪਾਇਆ।।
ਬ੍ਰਹਮਾ ਬਿਸ਼ਨੁ ਮਹੇਸ਼ ਸਾਜਿ ਕੁਦਰਤੀ ਦਾ ਖੇਲੁ ਬਣਾਇਆ।।

ਖੰਡਾ, ਖੰਡਨ ਦੇ ਭਾਵ ਅਰਥਾਂ ਵਿਚ ਅਦੈਵ ਦਾ ਲਖਾਇਕ ਹੈ। ਸ੍ਰਿਸ਼ਟੀ ਦੇ ਉਦਭਵ ਅਤੇ ਵਿਕਾਸ ਵਿਚਲੀ ਦਵੰਦਾਤਮਕਤਾ ਖੰਡਾ ਅਤੇ ਉਸਦੀ ਖੰਡਨਾਤਮਕਤਾ ਰਾਹੀਂ ਬੜੇ ਹੀ ਸਟੀਕ ਢੰਗ ਨਾਲ ਦਰਸਾਈ ਗਈ ਪ੍ਰਤੀਤ ਹੁੰਦੀ ਹੈ। ਖੰਡੇ ਦੀ ਪ੍ਰਤੀਕਾਤਮਕਤਾ ਇਸ ਗੱਲ ਵਿਚ ਵੀ ਹੈ ਕਿ ਇਹ ਇਕੋ ਹੀ ਸ਼ਕਤੀ ਦੇ ਦੋ ਟੁਕੜੇ ਕਰਕੇ ਚੰਗਿਆਈ ਅਤੇ ਬੁਰਾਈ ਦੇ ਵਰਤਾਰੇ ਦਾ ਪਾਸਾਰ ਕਰਦਾ ਹੈ। ਫਿਰ 'ਖੰਡਾ' ਹੀ ਦੋਹਾਂ ਦੇ ਹੱਥ ਵਿਚ ਹੋ ਕੇ ਚੰਡੀ ਬਣਦਾ ਹੈ-ਦੋ ਤਲਵਾਰਾਂ ਅਤੇ ਦੋਹਾਂ ਤਾਕਤਾਂ ਦਾ ਘੋਲ ਤੁਰ ਪੈਂਦਾ ਹੈ। ਖੰਡਾ ਹੀ ਦੈਵੀ ਤਾਕਤਾਂ ਦੇ ਟੁਕੜੇ ਵੀ ਕਰਦਾ ਹੈ ਅਤੇ ਦੈਂਤ ਤਾਕਤਾਂ ਨੂੰ ਘਾਇਲ ਕਰਦਾ ਹੈ। ਕਿਸੇ ਸਮੇਂ ਦੇਵ-ਤਾਕਤ ਜਿੱਤ ਜਾਂਦੀ ਹੈ, ਕਿਸੇ ਸਮੇਂ ਦੈਂਤ ਤਾਕਤ ਦਾ ਦਬਾਅ ਵਧ ਜਾਂਦਾ ਹੈ। ਇਹ ਘੋਲ ਸਦੀਵੀ ਹੈ ਅਤੇ ਇਸ ਸਿਲਸਿਲੇ ਵਿਚ ਹੀ ਸੰਸਾਰ ਦੀ ਗਤੀਸ਼ੀਲਤਾ ਦੀ ਪ੍ਰਕ੍ਰਿਆ ਬਣੀ ਹੋਈ ਹੈ।

ਇਸ ਵਿਰਾਟ ਦਾਰਸ਼ਨਿਕ ਪਿੱਠਭੂਮੀ ਦੇ ਕਾਰਣ 'ਚੰਡੀ ਦੀ ਵਾਰ' ਦੀ ਮਹੱਤਤਾ ਸਹਜ ਪ੍ਰਮਾਣਿਤ ਹੈ। ਮੰਗਲਾਚਰਣ ਵਜੋਂ ਅੰਕਿਤ ਪਹਿਲੀਆਂ ਦੋ ਪਉੜੀਆਂ ਨੂੰ ਨਿਤ-ਪ੍ਰਤਿ ਦੀ ਅਰਦਾਸ ਵਿਚ ਸ਼ਾਮਲ ਕਰਕੇ ਇਸ ਰਚਨਾ ਵਿਚਲੀ ਵਿਚਾਰਧਾਰਾ ਨੂੰ ਲੋਕ ਚੇਤਨਾ ਨੇ ਆਤਮਸਾਤ ਕਰ ਲਿਆ ਜਾਪਦਾ ਹੈ।

ਤੀਜੀ ਅਤੇ ਚੌਥੀ ਪਉੜੀ ਵਿਚਲੀ ਕਥਾ ਦਾ ਸੰਬੰਧ ਤ੍ਰੇਤੇ ਯੁਗ ਦੇ ਉਸ ਬਿਰਤਾਂਤ ਨਾਲ ਹੈ ਜਿਸ ਵਿਚ ਦੈਂਤਾਂ ਤੋਂ ਹਾਰ ਜਾਣ ਦੇ ਬਾਅਦ ਉਹ ਦੁਰਗਾ ਦੀ ਸ਼ਰਣ ਵਿਚ ਆ ਕੇ ਉਸ ਪਾਸੋਂ ਸਹਾਇਤਾ ਲਈ ਬੇਨਤੀ ਕਰਦੇ ਹਨ। ਇੱਕੀਵੀਂ ਪਉੜੀ ਤਕ ਮਹਿਖਾਸੁਰ ਦੈਂਤ ਨੂੰ ਮਾਰ ਕੇ ਇੰਦਰ ਨੂੰ ਮੁੜ ਰਾਜ ਦਿਵਾਉਣ ਦਾ ਵਰਣਨ ਹੈ। ਇਸ ਤੋਂ ਅੱਗੇ ਪੱਚੀਵੀਂ ਪਉੜੀ ਤਕ ਕਥਾ ਦਾ ਉਹ ਭਾਗ ਦਿੱਤਾ ਗਿਆ ਹੈ ਜਿਸ ਵਿਚ ਸੁੰਭ ਅਤੇ ਨਿਸੁੰਭ ਦੈਂਤ ਦੁਰਗਾ ਦੇ ਚਲੇ ਜਾਣ ਮਗਰੋਂ ਇੰਦਰ ਨੂੰ ਹਰਾ ਦਿੰਦੇ ਹਨ। ਇੰਦਰ ਫਿਰ ਦੁਰਗਾ ਕੋਲ ਜਾ ਕੇ ਮਦਦ ਦੀ ਫਰਿਆਦ ਕਰਦਾ ਹੈ। ਪਉੜੀ ਅਠਾਈਵੀਂ ਤੱਕ ਲੋਚਨਧੂਮ੍ਰ ਨਾਂ ਦੇ ਦੈਂਤ ਨਾਲ ਦੁਰਗਾ ਦਾ ਯੁੱਧ ਵਰਣਨ ਕੀਤਾ ਗਿਆ ਹੈ। ਪਉੜੀ ਬੱਤੀਵੀਂ ਤਕ ਚੰਡ ਤੇ ਮੁੰਡ ਨਾਲ ਯੁੱਧ ਦਾ ਵਰਣਨ ਹੈ। ਸ਼੍ਰਵਤ ਬੀਜ ਦੈਂਤ ਨਾਲ ਯੁੱਧ ਤਰਤਾਲੀਵੀਂ ਪਉੜੀ ਵਿਚ ਹੈ। ਅੱਗੇ 53 ਵੀਂ ਪਉੜੀ 32 ਵਿਚ ਸੁੰਭ ਅਤੇ ਨਿਸੁੰਭ ਦੈਂਤ ਦੁਰਗਾ ਨਾਲ ਯੁੱਧ ਕਰਦੇ ਹਨ। ਅਗਲੀ ਪਉੜੀ ਵਿਚ ਸੁੰਭ ਤੇ ਨਿਸੁੰਭ ਦੈਂਤਾਂ ਨੂੰ ਦੁਰਗਾ ਖਤਮ ਕਰ ਦਿੰਦੀ ਹੈ ਅਤੇ ਰਾਜੇ ਇੰਦਰ ਨੂੰ ਰਾਜ ਤਿਲਕ ਲਈ ਬੁਲਾ ਲਿਆ ਜਾਂਦਾ ਹੈ। ਅੰਤ ਵਿਚ ਇਸ ਵਾਰ ਦਾ ਮਹਾਤਮ ਅੰਕਿਤ ਹੈ:

ਦੁਰਗਾ - ਪਾਠ ਬਣਾਇਆ, ਸੱਭੇ ਪਉੜੀਆਂ।
ਫੇਰਿ ਨ ਜੂਨੀ ਆਇਆ, ਜਿਨਿ ਇਹ ਗਾਇਆ।੫੫

ਇਸ ਵਾਰ ਦਾ ਪਿੰਡਾ ਨਿਰੋਲ ਪੰਜਾਬੀ ਹੈ। ਇਸ ਵਿਚ ਵਿਦਵਤਾ ਪੂਰਨ ਸਾਹਿਤਕ ਸ਼ਬਦਾਂ ਦਾ ਭਰਪਰ ਪ੍ਰਯੋਗ ਕੀਤਾ ਗਿਆ ਹੈ ਜਿਵੇਂ ਸਰਗਾਮੀ, ਕੈਬਰ, ਸਲਲੇ, ਪਾਖਰਾ,

ਤੁਰਾ, ਸੰਘਰਿ, ਦਸਤ, ਕੂਰਮ, ਗਿਰਸੀਰਣ, ਆਦਿ ਫਾਰਸੀ ਤੇ ਸੰਸਕ੍ਰਿਤ ਦੇ ਸ਼ਬਦ ਹਨ। ਫਾਰਸੀ ਅਤੇ ਪੰਜਾਬੀ ਦੇ ਸ਼ਬਦ ਸਾਝੇ ਵਰਤਣ ਦੇ ਵੀ ਕਿਤੇ ਕਿਤੇ ਕੁਝ ਪ੍ਰਯੋਗ ਹਨ ਜਿਵੇਂ : 'ਖੱਬੇ ਦਸਤ ਨਚਾਈ ਸੀਹਣ-ਸਾਰਦੀ'। ਸ਼ਬਦਾਂ ਦੇ ਸਮਾਸ ਰੂਪ ਬੜੇ ਸੁਚੱਜੇ ਢੰਗ ਨਾਲ ਬਣਾਏ ਗਏ ਹਨ। ਸੰਗਲੀਆਲੇ, ਜਟਾਲੇ, ਮੁਛਲੀਆਲੇ ਆਦਿ। ਬ੍ਰਿਜੀ ਦੇ ਕ੍ਰਿਆ ਰੂਪਾਂ ਦਾ ਅਨੇਕ ਥਾਈਂ ਖੁਲ੍ਹੇ ਰੂਪ ਵਿਚ ਪ੍ਰਯੋਗ ਕੀਤਾ ਗਿਆ ਮਿਲਦਾ ਹੈ। ਬ੍ਰਿਜੀ ਦੇ ਬਹੁਤ ਸਾਰੇ ਪਦ ਵੀ ਹਨ। 'ਧ' ਦੀ ਵਰਤੋਂ ਵਿਚ ਦੁਆਬੀ ਉਪਭਾਖਾ ਦਾ ਪ੍ਰਭਾਵ ਦੇਖਿਆ ਜਾ ਸਕਦਾ ਹੈ। ਜਿਵੇਂ ਬਾਦ (ਵਾਦ), ਬੱੜੇ (ਵੱਡੇ), ਬਿੱਧਣ (ਵਿਧਣ), ਬਿਹਾਈਆਂ (ਵਿਹਾਈਆਂ), ਬੈਣ (ਵੈਣ), ਬੱਜੇ, (ਵੱਜੇ) ਆਦਿ।

ਕਲਾਤਮਕ ਪੱਖ ਤੋਂ ਜੇ ਵਿਚਾਰ ਕਰੀਏ ਤਾਂ 'ਚੰਡੀ ਦੀ ਵਾਰ' ਪੰਜਾਬੀ ਦੀ ਸਭ ਤੋਂ ਪਹਿਲੀ ਪ੍ਰਮਾਣਿਕ ਬੀਰ ਰਸੀ ਵਾਰ ਹੈ। ਇਸ ਵਾਰ ਵਿਚ ਕਾਵਿ ਪਰੰਪਰਾ ਨੂੰ ਹਰ ਪੱਖ ਤੋਂ ਨਿਭਾਇਆ ਗਿਆ ਹੈ। ਅਨੁਪਮ ਛੰਦ-ਚਾਲ, ਬੀਰ-ਰਸੀ ਸ਼ਬਦਾਵਲੀ, ਅਨੂਠੇ ਅਲੰਕਾਰਾਂ, ਗੂੰਜਦੇ ਨਾਦ ਚਿੱਤਰਾਂ, ਫਰਕਦੇ ਦ੍ਰਿਸ਼ ਚਿਤਰਾਂ, ਜੰਗੀ ਵਾਤਾਵਰਣ ਤੇ ਜੋਸ਼ ਭਰਪੂਰ ਬਿਆਨ ਦੇ ਕਾਰਣ ਇਹ ਕਿਰਤ ਗੌਰਵਸ਼ਾਲੀ ਮਹੱਤਵ ਦੀ ਧਾਰਣੀ ਹੈ।

ਸਮੁੱਚੇ ਤੌਰ ਤੇ ਚੰਡੀ ਚਰਿਤ੍ਰ ਸਾਹਿਤ, ਅਕਾਲ ਪੁਰਖ ਦੀ ਭਗਤੀ, ਸ਼ਕਤੀ ਰੂਪ ਭਗਵਤੀ ਦੀ ਅਰਾਧਨਾ ਅਤੇ ਦਵੰਦਾਤਮਕ ਪ੍ਰਤੀਕਾਤਮਕਤਾ ਦੀ ਅਤਿਅੰਤ ਕਲਾ-ਕੌਸ਼ਲ ਭਰਪੂਰ ਪੇਸ਼ਕਾਰੀ ਪ੍ਰਦਾਨ ਕਰਦਾ ਹੈ।

ਦੂਜੇ ਸ਼ਬਦਾਂ ਵਿਚ, ਅਕਾਲ ਪੁਰਖ ਅਤੇ ਉਸਦੀ ਅਦ੍ਵੈਤ ਰੂਪੀ ਸ਼ਕਤੀ ਦੀ, ਭਗਤੀ ਦੀ ਨੀਹ ਤੇ, ਇਸ ਸਾਹਿਤ ਨੇ ਰਚਨਾਕਾਰ ਦੇ ਕਾਰਜਸ਼ੀਲ ਮਨੋਰਥ ਲਈ, ਕਰਮ-ਖੇਤਰ ਉਸਾਰਿਆ ਜਾਪਦਾ ਹੈ।

7. ਚੰਡੀ ਚਰਿਤ੍ਰ

ੴ ਵਾਹਿਗੁਰੂ ਜੀ ਕੀ ਫਤਿਹ॥
ਅਥ ਚੰਡੀ ਚਰਿਤ੍ਰ ਉਕਤਿ[1] ਬਿਲਾਸ[2]

ਸ੍ਵੈਯਾ

ਆਦਿ ਅਪਾਰ ਅਲੇਖ ਅਨੰਤ, ਅਕਾਲ ਅਭੇਖ ਅਲੱਖ ਅਨਾਸਾ[3]।
ਕੈ[4] ਸ਼ਿਵ ਸ਼ਕਤ ਦਏ ਸ੍ਰੁਤਿ[5] ਚਾਰ, ਰਜੋ ਤਮ ਸਤੇ ਤਿਹੂੰ ਪੁਰ ਬਾਸਾ।
ਦਿਉਸ[6] ਨਿਸਾ ਸਸਿ ਸੂਰ ਕੇ ਦੀਪਕ
ਸ੍ਰਿਸਟਿ ਰਚੀ ਪੰਚ[7] ਤੱਤ ਪ੍ਰਕਾਸਾ।
ਬੈਰ ਬਢਾਇ ਲਰਾਇ ਸੁਰਾਸੁਰ[8] ਆਪਹਿ ਦੇਖਤ ਬੈਠ ਤਮਾਸ਼ਾ। ੧

ਦੋਹਰਾ

ਕ੍ਰਿਪਾ ਸਿੰਧੁ ਤੁਮਾਰੀ ਕ੍ਰਿਪਾ, ਜੋ ਕੁੱਝ ਮੋ ਪਰਿ ਹੋਏ।
ਰਚੋ ਚੰਡਿਕਾ ਕੀ ਕਥਾ ਬਾਣੀ ਸੁਭ ਸਭ ਹੋਇ। ੨
ਜੋਤਿ ਜਗਮਗੈ ਜਗਤ ਮੈ, ਚੰਡ ਚਮੁੰਡ ਪ੍ਰਚੰਡ।
ਭੁਜ ਦੰਡਨ[9] ਦੰਡਨਿ ਅਸੁਰ, ਮੰਡਨ[10] ਭੁਇ ਨਵ ਖੰਡ। ੩

ਸ੍ਵੈਯਾ

ਤਾਰਨ ਲੋਕ ਉਧਾਰਨ ਭੂਮਹਿ, ਦੈਤ ਸੰਘਾਰਨ ਚੰਡਿ ਤੁਹੀਂ ਹੈ।
ਕਾਰਨ ਈਸ ਕਲਾ ਕਮਲਾ ਹਰਿ,
ਅਦ੍ਰਸੁਤਾ[11] ਜਹ ਦੇਖੋ ਉਹੀ ਹੈ।
ਤਾਮਸਤਾ[12] ਮਮਤਾ ਨਮਤਾ ਕਵਿਤਾ,
ਕਵਿ ਕੇ ਮਨ ਮੱਧਿ ਗੁਹੀ[13] ਹੈ।
ਕੀਨੋ ਹੈ ਕੰਚਨ ਲੋਹ ਜਗਤ੍ਰ[14] ਮੈ,

---

1. ਹੁਣ 2. ਕਥਨ, ਵਚਨ 3. ਨਾਸ ਨਹੀਂ ਹੁੰਦਾ 4. ਅਜੇਹੇ 5. ਚਾਰ ਵੇਦ,ਜਿਹੜੇ ਸੁਣ ਕੇ ਯਾਦ ਕੀਤੇ ਜਾਂਦੇ ਸਨ 6. ਦਿਨ ਰਾਤ 7. ਪੰਜਾਂ ਤੱਤਾਂ ਦਾ ਪ੍ਰਕਾਸ਼ ਕੀਤਾ 8. ਸੁਰ ਅਸੁਰ, ਦੇਵਤੇ ਤੇ ਦੈਂਤ 9. ਦੈਂਤਾਂ ਨੂੰ ਦੰਡ ਦੇਣ ਵਾਲੀ 10. ਬਣਾਉਣ ਵਾਲੀ 11. ਆਦ੍ਰ (ਪਰਬਤ) ਦੀ ਪੁੱਤਰੀ, ਪਾਰਵਤੀ 12. ਤਾਮਸ ਗੁਣ 13. ਗੁੰਦੀ ਹੈ, ਪ੍ਰੋਈ ਹੈ 14. ਜਗਤ ਵਿਚ

ਪਾਰਸ ਮੂਰਤਿ. ਜਾਹਿ ਛੁਹੀ ਹੈ। ੪

ਦੋਹਰਾ

ਪ੍ਰਮੁਦ[15] ਕਰਨ ਸਭ ਭੈ ਹਰਨ ਨਾਮੁ ਚੰਡਿਕਾ ਜਾਸੁ।
ਰਚੋਂ ਚਰਿਤ੍ਰ ਬਚਿਤ੍ਰ ਤੁਅ, ਕਰੋ ਸਬੁੱਧਿ ਪ੍ਰਕਾਸ਼। ੫

ਪੁਨਹ

ਆਇਸ[16] ਅਬ ਜੋ ਹੋਇ, ਗ੍ਰੰਥ ਤਉ ਮੈਂ ਰਚੋ।
ਰਤਨ ਪ੍ਰਮੁਦ ਕਰ ਬਚਨ, ਚੀਨਿ ਤਾ ਮੈ ਗਚੋ[17]।
ਭਾਖਾ ਸੁਭ ਕਰ ਹੋ; ਧਰਿ ਹੋ ਕ੍ਰਿੱਤ ਮੈ।
ਅਦਭੁਤਿ ਕਥਾ ਅਪਾਰ, ਸਮਝ ਕਰਿ ਚਿੱਤ ਮੈ।

ਸ੍ਵੈਯਾ।

ਤ੍ਰਾਸ ਕੁਟੰਬ ਕੇ ਹੁਇ ਕੈ ਉਦਾਸ
ਅਵਾਸ ਕੋ ਤਿਆਗਿ ਬਸਿਓ ਬਨਿ ਰਾਈ।
ਨਾਮ ਸੁਰੱਥ ਮੁਨੀਸਰ ਬੇਖ, ਸਮੇਤ ਸਮਾਧਿ ਸਮਾਧਿ ਲਗਾਈ।
ਚੰਡ ਅਖੰਡ ਖੰਡੇ ਕਰ ਕੋਪ, ਭਈ ਸੁਰ ਰੱਛਨ ਕੋ ਸਮੁਹਾਈ।
ਬੁਝਹੁ ਜਾਇ ਤਿਨੈ ਤੁਮ ਸਾਧ,
ਅਗਾਧਿ ਕਥਾ ਕਿਹ ਭਾਂਤਿ ਸੁਨਾਈ। ੭

ਤੋਟਕ ਛੰਦ। ਮੁਨੀਸੁਰੋਵਾਚ

ਹਰਿ ਸੋਇ ਰਹੈ ਸਜਿ ਸੈਨ ਤਹਾਂ
ਜਲ ਜਾਲ ਕਰਾਲ ਬਿਸਾਲ ਜਹਾ।
ਭਯੋ ਨਾਭਿ-ਸਰੋਜ ਤੇ ਬਿਸੁ ਕਰਤਾ।
ਸ੍ਰੁਤ ਮੈਲ ਤੇ ਦੈਤ ਰਚੇ ਜੁਗਤਾ। ੮
ਮਧੁ ਕੈਟਭ ਨਾਮ ਧਰੇ ਤਿਨ ਕੇ।
ਅਤਿ ਦੀਰਘ ਦੇਹ ਭਏ ਜਿਨ ਕੇ।
ਤਿਨ ਦੇਖਿ ਲੁਕੇਸ ਡਰਿਓ ਹੀਅ ਮੈ।
ਜਗ ਮਾਤ ਕੋ ਧਿਆਨੁ ਧਰਿਓ ਜੀਅ ਮੈ। ੯

ਦੋਹਰਾ

ਛੁਟੀ ਚੰਡਿ ਜਾਗੇ ਬ੍ਰਹਮ ਕਰਿਓ ਜੁੱਧ ਕੋ ਸਾਜੁ
ਦੈਤ ਸਭੈ ਘਟਿ ਜਾਹਿ ਜਿਉ, ਬਢੈ ਦੇਵਤਨ ਰਾਜ। ੧੦

15 ਮਹਾਨ ਆਨੰਦ ਦੇਣ ਵਾਲੀ 16 ਆਗਿਆ 17 ਜੋੜਾਂਗਾ, ਮਿਲਾਵਾਂਗਾ

ਸ੍ਵੈਯਾ

ਜੁੱਧ ਕਰਿਓ ਤਿਨ ਸੋ ਭਗਵੰਤਿ,
ਨ ਮਾਰ ਸਕੈ ਅਤਿ ਦੈਂਤ ਬਲੀ ਹੈ।
ਸਾਲ ਭਏ ਤਿਨ ਪੰਚ ਹਜਾਰ,
ਦੁਹੂੰ ਲਰਤੇ ਨਹਿ ਬਾਂਹ ਟਲੀ ਹੈ।
ਦੈਤਨ ਰੀਝ ਕਹਿਓ ਬਰ ਮਾਂਗ,
ਕਹਿਓ ਹਰਿ ਸੀਸਨ ਦੇਹੁ ਭਲੀ ਹੈ।
ਧਾਰਿ ਉਰੂ ਪਰਿ ਚਕ੍ਰ ਸੋ ਕਾਟ ਕੈ,
ਜੋਤ ਲੈ ਆਪਨੈ ਅੰਗਿ ਮਲੀ ਹੈ। ੧੧

ਸੋਰਠਾ

ਦੇਵਨ ਥਾਪਿਓ ਰਾਜ, ਮਧੁ ਕੈਟਭ ਕੋ ਮਾਰ ਕੈ।
ਦੀਨੋ ਸਕਲ ਸਮਾਜ, ਬੈਕੁੰਠਗਾਮੀ ਹਰਿ ਭਏ। ੧੨

ਇਤਿ ਸ੍ਰੀ ਮਾਰਕੰਡੇ ਪੁਰਾਨੇ ਚੰਡੀ ਚਰਿਤ੍ਰ ਉਕਤਿ ਬਿਲਾਸ ਮਧੁ ਕੈਟਭ ਬਧਹਿ ਪ੍ਰਥਮ ਧਯਾਇ ਸਮਾਪਤ ਮਸਤੁ ਸੁਭ ਮਸਤੁ ॥ ੧॥

ਪੁਨਹਾ

ਬਹੁਰਿ ਭਇਓ ਮਹਖਾਸੁਰ ਤਿਨ ਤੇ ਕਿਆ ਕੀਆ।
ਭੁਜਾ ਜੋਰਿ ਕਰਿ ਜੁੱਧੁ, ਜੀਤ ਸਭ ਜਗੁ ਲੀਆ।
ਸੂਰ ਸਮੂਹ ਸੰਘਾਰੇ, ਰਣਹਿ ਪਚਾਰ ਕੈ।
ਟੂਕਿ ਟੂਕਿ ਕਰਿ ਡਾਰੇ, ਆਯੁਧ ਧਾਰ ਕੈ। ੧੩

ਸ੍ਵੈਯਾ

ਜੁਧ ਕਰਯੋ ਮਹਿਖਾਸੁਰ ਦਾਨਵ,
ਮਾਰਿ ਸਭੈ ਸੁਰ-ਸੈਨ ਗਿਰਾਇਓ।
ਕੈ ਕੈ ਦੁਟੂਕ ਅਰਿ ਖੇਤਿ, ਮਹਾਂ ਬਰਬੰਡ ਮਹਾ ਰਨ ਪਾਇਓ।
ਸ੍ਰਉਣਤ ਰੰਗ ਸਨਿਓ ਨਿਸਰਿਓ
ਜਸੁ ਇਆ ਛਬਿਕੋ ਮਨ ਮੈਂ ਇਹਿ ਆਇਓ।
ਮਾਰਿ ਕੈ ਛਤ੍ਰਨਿ ਕੁੰਡਕੈ ਛੇਤ੍ਰ ਮੈ,
ਮਾਨਹੁ ਪੈਠਿ ਕੈ ਰਾਮਜੂ ਨਾਇਓ। ੧੪

ਸ੍ਵੈਯਾ

ਲੈ ਮਹਖਾਸੁਰ ਅਸਤ੍ਰ ਸੁ ਸਸਤ੍ਰ ਸਭੈ
ਕਲਵਤ੍ਰ ਜਿਉ ਚੀਰ ਕੈ ਡਾਰੇ।

ਲੁੱਥ ਪੈ ਲੁੱਥ ਰਹੀ ਗੁੱਥਿ ਜੁਥਿ ਗਿਰੇ
ਗਿਰ ਸੇ ਰਥ ਸੈਂਧਵ ਭਾਰੇ।
ਗੂਦ ਸਨੇ ਸਿਤ ਲੋਹੂ ਮੈ ਲਾਲ
ਕਰਾਲ ਪਰੇ ਰਨ ਮੈ ਗਜ ਕਾਰੇ।
ਜਿਉ ਦਰਜੀ ਜਮ ਮ੍ਰਿਤ ਕੇ ਸੀਤ ਮੈ,
ਬਾਗੋ ਅਨੇਕ ਕਤਾ ਕਰਿ ਡਾਰੇ। ੧੫

ਸ੍ਵੈਯਾ

ਲੈ ਮੁਰ ਸੰਗ ਸਬੈ ਸੁਰਪਾਲ
ਸੁ ਕੋਪ ਕੇ ਸਤ੍ਰੂ ਕੀ ਸੈਨ ਪੈ ਧਾਏ।
ਦੈ ਮੁਖ ਢਾਰ ਲੀਏ ਕਰਵਾਰ,
ਹੁਕਾਰ ਪਚਾਰ ਪ੍ਹਾਰ ਲਗਾਏ।
ਸ੍ਰਉਨ ਮੈ ਦੈਤ ਸੁਰੰਗ ਭਏ,
ਕਬਿ ਨੇ ਮਨ ਭਾਉ ਇਹੈ ਛਬਿ ਪਾਏ
ਰਾਮ ਮਨੋ ਰਨ ਜੀਤ ਕੈ ਭਾਲਕ, ਦੈ ਸਿਰਪਾਉ ਸਬੈ ਪਹਰਾਏ। ੧੬

ਸ੍ਵੈਯਾ

ਘਾਇਲ ਘੂਮਤ ਹੈ ਰਨ ਮੈ ਇਕ, ਲੋਟਤ ਹੈ ਧਰਨੀ ਬਿਲਲਾਤੇ
ਦਉਰਤ ਬੀਚ ਕਬੰਧ ਫਿਰੈ,
ਜਿਹ ਦੇਖਤ ਕਾਇਰ ਹੈ ਡਰ ਪਾਤੇ।
ਇਯੋਂ ਮਹਿਖਾਸੁਰ ਜੁੱਧੁ ਕੀਯੋ,
ਤਬ ਜੰਬੁਕ ਗਿਰਝ ਭਏ ਰੰਗ ਰਾਤੇ।
ਸ੍ਰੌਨਪ੍ਰਵਾਹ ਮੈ ਪਾਇ ਪਸਾਰ ਕੈ,
ਸੋਏ ਹੈਂ ਸੂਰ ਮਨੋ ਮਦੁ ਮਾਤੇ। ੧੭

ਸ੍ਵੈਯਾ

ਜੁੱਧੁ ਕੀਓ ਮਹਖਾਸੁਰ ਦਾਨਵ,
ਦੇਖਤ ਭਾਨੁ ਚਲੈ ਨਹੀ ਪੰਥਾ।
ਸ੍ਰੌਨ ਸਮੂਹ ਚਲਿਓ ਲਖਿ ਕੈ,
ਚਤੁਰਾਨਨ ਭੂਲਿ ਗਏ ਸਭ ਗ੍ਰੰਥਾ।
ਮਾਸ ਨਿਹਾਰ ਕੈ ਗ੍ਰਿਝ ਰੜੈ,
ਚਟਸਾਰ ਪੜੈਂ ਜਿਮੁ ਬਾਰਕ ਸੰਥਾ।
ਸਾਰਸੁਤੀ ਤਟਿ ਲੈ ਭਟ ਲੋਥ,
ਸਿੰਗਾਲ ਕਿ ਸਿੱਧ ਬਨਾਵਤ ਕੰਥਾ। ੧੮

ਦੋਹਰਾ

ਅਗਨਤ ਮਾਰੇ ਗਨੈ ਕੋ ਭਜੈ ਜੁ ਸੁਰ ਕਰਿ ਤ੍ਰਾਸ।
ਧਾਰਿ ਧਿਆਨ ਮਨ ਸਿਵਾ ਕੋ ਤਕੀ ਪੁਰੀ ਕੈਲਾਸ। ੧੯

ਦੋਹਰਾ

ਦੇਵਨ ਕੋ ਧਨੁ ਧਾਮ ਸਭ, ਦੈਤਨ ਲੀਓ ਛਿਨਾਇ।
ਦਏ ਕਾਢਿ ਸੁਰ ਧਾਮ ਤੇ, ਬਸੇ ਸਿਵ ਪੁਰੀ ਜਾਇ। ੨੦

ਦੋਹਰਾ।

ਕਿਤਕਿ ਦਿਵਸ ਬੀਤੇ ਤਹਾਂ ਨ੍ਹਾਵਨ ਨਿਕਸੀ ਦੇਵਿ।
ਬਿਧਿ ਪੂਰਬ ਸਭ ਦੇਵਤਨ, ਕਰੀ ਦੇਵਿ ਕੀ ਸੇਵ। ੨੧

ਰੇਖਤਾ

ਕਰੀ ਹੈ ਹਕੀਕਤਿ ਮਾਲੂਮ ਖੁਦ ਦੇਵੀ ਸੇਤੀ
ਲੀਆ ਮਹਖਾਸੁਰ ਹਮਾਰਾ ਛੀਨ ਧਾਮ ਹੈ।
ਕੀਜੈ ਸੋਈ ਬਾਤ ਮਾਤ ਤੁਮ ਕਉ ਸੁਹਾਤ
ਸਭ ਸੇਵਕਿ ਕਦੀਮ ਤੱਕਿ ਆਏ ਤੇਰੀ ਸਾਮ ਹੈ।
ਦੀਜੈ ਬਾਜਿ ਦੇਸ ਹਮੈ ਮੇਟੀਐ ਕਲੇਸ ਲੇਸ,
ਕੀਜੀਏ ਅਭੇਸ ਉਨੈ ਬਡੋ ਯਹ ਕਾਮ ਹੈ।
ਕੂਕਰ ਕੋ ਮਾਰਤ ਨ ਕੋਊ ਨਾਮ ਲੈ ਕੈ ਤਾਹਿ,
ਮਾਰਤ ਹੈ ਤਾਕੋ ਲੈ ਕੈ ਖਾਵੰਦ ਕੋ ਨਾਮ ਹੈ। ੨੨

ਦੋਹਰਾ

ਸੁਨਤ ਬਚਨ ਏ ਚੰਡਿਕਾ, ਮਨ ਮੈਂ ਉਠੀ ਰਿਸਾਇ।
ਸਭ ਦੈਤਨ ਕੋ ਛੈ ਕਰਉ ਬਸਉ ਸਿਵਪੁਰੀ ਜਾਇ। ੨੩
ਦੈਤਨ ਕੇ ਬਧ ਕੋ ਜਬੈ, ਚੰਡੀ ਕੀਓ ਪ੍ਰਕਾਸ਼।
ਸਿੰਘ ਸੰਖ ਅਉ ਅਸਤ੍ਰ ਸਭ ਸਸਤ੍ਰ ਆਇਰੀ ਪਾਸਿ। ੨੪
ਦੈਤ ਸੰਘਾਰਨ ਕੇ ਨਮਿਤ, ਕਾਲ ਜਨਮੁ ਇਹ ਲੀਨ।
ਸਿੰਘ ਚੰਡਿ ਬਾਹਨ ਭਇਓ ਸਤ੍ਰਨ ਕਉ ਦੁਖੁ ਦੀਨ। ੨੫

ਸ੍ਵੈਯਾ

ਦਾਰੁਨ ਦੀਰਘੁ ਦਿੱਗਜ ਸੇ, ਬਲਿ ਸਿੰਘਹਿ ਕੇ ਬਲ ਸਿੰਘ ਧਰੇ ਹੈ।
ਰੋਮ ਮਨੋ ਸਰ ਕਾਲਹਿ ਕੇ ਜਨ ਪਾਹਨ ਪੀਤ ਪੈ ਬ੍ਰਿਛ ਹਰੇ ਹੈ।
ਮੇਰ ਕੋ ਸੌਧਿ ਮਨੋਜਮਨਾ ਲਰਿ. ਕੇਤਕੀ ਪੁੰਜ ਪੈ ਭ੍ਰਿੰਗ ਢਰੇ ਹੈ।
ਮਾਨੋ ਮਹਾ ਪ੍ਰਿਥ ਲੈ ਕੈ ਕਮਾਨ ਸੁ ਭੂਧਰ

ਭੂਮਿ ਤੇ ਨਿਆਏ ਕਰੇ ਹੈ। ੨੬

ਦੋਹਰਾ

ਘੰਟਾ ਗਦਾ ਤ੍ਰਿਸੂਲ ਅਸਿ ਸੰਖ ਸਰਾ ਸਨ ਬਾਨ।
ਚਕ੍ਰ ਬਕ੍ਰ ਕਰ ਮੈ ਲੀਏ, ਜਨੁ ਗ੍ਰੀਖਮ ਰਿਤੁ ਭਾਨੁ। ੨੭
ਚੰਡ ਕੋਪ ਕਰਿ ਚੰਡਿਕਾ ਏ ਆਯੁਧ ਕਰਿ ਲੀਨ।
ਨਿਕਟਿ ਬਿਕਟਿ ਪੁਰ ਦੈਤ ਕੇ ਘੰਟਾ ਕੀ ਧੁਨਿ ਕੀਨ। ੨੮

ਦੋਹਰਾ

ਸੁਨਿ ਘੰਟਾ ਕੇਹਰਿ ਸਬਦਿ, ਅਸੁਰਨ ਅਸਿਰਨ ਲੀਨ।
ਚੜ੍ਹੇ ਕੋਪ ਕੈ ਜੂਥ ਹੁਇ, ਜਤਨ ਜੁੱਧ ਕੋ ਕੀਨ। ੨੯
ਪੈਤਾਲੀਸ ਪਦਮ ਅਸੁਰ, ਸਜਯੋ ਕਟਕ ਚਤੁਰੰਗਿ।
ਕਛੁ ਬਾਏ ਕਛੁ ਦਾਹਨੈ ਕਛੁ ਭਟ ਨ੍ਰਿਪ ਕੇ ਸੰਗਿ। ੩੦
ਭਏ ਇਕਠੇ ਦਲ ਪਦਮ, ਦਸ ਪੰਦ੍ਰਹ ਅਰੁਬੀਸ।
ਪੰਦ੍ਰਹ ਕੀਨੇ ਦਾਹਨੇ, ਦਸ ਬਾਏ ਸੰਗਿ ਬੀਸ। ੩੧

ਸ੍ਵੈਯਾ

ਦਉਰ ਸਬੈ ਇਕ ਬਾਰ ਹੀ ਦੈਤ ਸੁ,
ਆਏ ਹੈ ਚੰਡ ਕੇ ਸਾਮੁਹੇ ਕਾਰੇ।
ਲੈ ਕਰਿ ਬਾਨ ਕਮਾਨਨ ਤਾਨਿ,
ਘਨੇ ਅਰੁ ਕੋਪ ਸੋਂ ਸਿੰਘ ਪ੍ਰਹਾਰੇ।
ਚੰਡ ਸੰਭਾਰਿ ਤਬੈ ਕਰਵਾਰ,
ਹਕਾਰ ਕੈ ਸਤ੍ਰੁ ਸਮੂਹ ਨਿਵਾਰੇ।
ਖਾਂਡਵ ਜਾਰਨ ਕੋ ਅਗਨੀ ਤਿਹ,
ਪਾਰਥ ਨੈ ਜਨੁ ਮੇਘ ਬਿਡਾਰੇ। ੩੨

ਦੋਹਰਾ

ਦੈਤ ਕੋਪ ਇਕ ਸਾਮੂਹੇ ਗਇਓ ਤਰੰਗਮ ਡਾਰਿ।
ਸਨਮੁਖ ਦੇਵੀ ਕੇ ਭਇਓ, ਸਲਭ ਦੀਪ ਅਨੁਹਾਰ। ੩੩

ਸ੍ਵੈਯਾ

ਬੀਰ ਬਲੀ ਸਿਰਦਾਰ ਦੈਈਤ
ਸੁ ਕ੍ਰੁਧ ਕੈ ਮਿਯਾਨ ਤੇ ਖਗੁ ਨਿਕਾਰਿਓ।
ਏਕ ਦਇਓ ਤਨਿ ਚੰਡ ਪ੍ਰਚੰਡ ਕੈ
ਦੂਸਰ ਕੇਹਰਿ ਕੇ ਸਿਰ ਝਾਰਿਓ।

ਚੰਡ ਸੰਭਾਰਿ ਤਬੈ ਬਲੁ ਧਾਰਿ ਲਇਓ
ਗਹਿ ਨਾਰਿ ਧਰਾ ਪਰ ਮਾਰਿਓ।
ਜਿਉ ਧੁਬੀਆ ਸਰਤਾ ਤਟਿ ਜਾਇ ਕੈ ਲੈ
ਪਟ ਕੌ ਪਟ ਸਾਥ ਪਛਾਰਿਉ। ੩੪

ਦੋਹਰਾ

ਦੇਵੀ ਮਾਰਿਓ ਦੈਤ ਇਉਂ ਲਰਿਓ ਜੁ ਸਨਮੁਖ ਆਇ।
ਪੁਨਿ ਸਤ੍ਰਨਿ ਕੀ ਸੈਨ ਮੈ, ਧਸੀ ਸੁ ਸੰਖ ਬਜਾਇ। ੩੫

ਸ੍ਵੈਯਾ

ਲੈਕਰਿ ਚੰਡਿ ਕੁਵੰਡ ਪ੍ਰਚੰਡ ਮਹਾਂ ਬਰਬੰਡ ਤਬੈ ਇਹ ਕੀਨੋ।
ਏਕ ਹੀ ਬਾਰ ਨਿਹਾਰਿ ਹਕਾਰਿ ਸੁਧਾਰਿ ਬਿਦਾਰ ਸਭੈ ਦਲੁ ਦੀਨੋ।
ਦੈਤ ਘਨੇ ਰਨ ਮਾਹਿ ਹਨੇ ਲਖਿ ਸ੍ਰੋਨ ਸਨੇ ਕਵਿ ਇਉ ਮਨ ਚੀਨੋ।
ਜਿਉ ਖਗਰਾਜ ਬਡੋ ਅਹਿਰਾਜ,
ਸਮਾਜ ਕੈ ਕਾਟਿ ਕਤਾ ਕਰਿ ਲੀਨੋ। ੩੬

ਦੋਹਰਾ

ਦੇਵੀ ਮਾਰੇ ਦੈਤ ਬਹੁ ਪ੍ਰਬਲ ਨਿਬਲ ਸੇ ਕੀਨ।
ਸਸਤ੍ਰ ਧਾਰਿ ਕਰਿ ਕਰਨ ਮੈ, ਚਮੂੰ ਚਾਲ ਕਰਿ ਦੀਨ। ੩੭
ਭਜੀ ਚਮੂੰ ਮਹਖਾਸੁਰੀ, ਤਕੀ ਸ਼ਰਨਿ ਨਿਜ ਈਸ।
ਧਾਇ ਜਾਇ ਤਿਨ ਇਉ ਕਹਿਓ ਹਨਿਓ ਪਦਮ ਭਟ ਬੀਸ। ੩੮
ਸੁਨਿ ਮਹਖਾਸੁਰ ਮੂੜ ਮਤਿ, ਮਨ ਮੈ ਉਠਿਓ ਰਿਸਾਇ।
ਆਗਿਆ ਦੀਨੀ ਸੈਨ ਕੋ, ਘੇਰੋ ਦੇਵੀ ਜਾਇ। ੩੯

ਸ੍ਵੈਯਾ

ਬਾਤ ਸੁਨੀ ਪ੍ਰਭ ਕੀ ਸਭ ਸੈਨਹਿ,
ਸੂਰ ਮਿਲੇ ਇਕੁ ਮੰਤ੍ਰ ਕਰਿਓ ਹੈ।
ਜਾਇ ਪਰੈ ਚਹੂੰ ਓਰ ਤੇ ਧਾਇਕੈ,
ਠਾਟ ਇਹੈ ਮਨ ਮੱਧਿ ਕਰਿਓ ਹੈ।
ਮਾਰ ਹੀ ਮਾਰ ਪੁਕਾਰ ਪਰੇ,
ਅਸਿ, ਲੈ ਕਰਿ ਮੈ ਦਲੁ ਇਉ ਬਿਹਰਿਓ ਹੈ।
ਘੇਰਿ ਲਈ ਚਹੂੰ ਓਰ ਤੇ ਚੰਡਿ ਸੁ
ਚੰਦ ਮਨੋ ਪਰਵੇਖ ਪਰਿਓ ਹੈ। ੪੦

ਸ੍ਵੈਯਾ

ਦੇਖਿ ਚਮੂੰ ਮਹਖਾਸੁਰ ਕੀ, ਕਰਿ ਚੰਡ ਕਵੰਡ ਪ੍ਰਚੰਡ ਧਰਿਓ ਹੈ।

ਦੱਛਨ ਬਾਮ ਚਲਾਇ ਘਨੇ ਸਰ, ਕੋਪ ਭਯਾਨਕ ਜੁੱਧੁ ਕਰਿਓ ਹੈ।
ਭੰਜਨ ਭੇ ਅਰਿ ਕੇ ਤਨ ਤੇ, ਛੁਟ ਸ੍ਰਉਨ ਧਰਾਨਿ ਪਰਿਓ ਹੈ।
ਆਠਵੋ ਸਿੰਧੁ ਪਚਾਯੋ ਹੁਤੋ ਮਨੋ,
ਯਾ ਰਨ ਮੈ ਬਿਧਿ ਨੇ ਉਗਰਿਓ ਹੈ। ੪੧

ਦੋਹਰਾ

ਕੋਪ ਭਈ ਅਰਿਦਲ ਬਿਖੈ ਚੰਡੀ ਚੱਕ੍ਰ ਸੰਭਾਰਿ।
ਏਕ ਮਾਰਿ ਕੈ ਦੈ ਕੀਏ ਦੈ ਤੇ ਕੀਨੇ ਚਾਰ। ੪੨

ਸ੍ਵੈਯਾ

ਇਹ ਭਾਤਿ ਕੋ ਜੁੱਧੁ ਕਰਿਓ ਸੁਨਿ ਕੈ
ਕਵਲਾਸ ਮੈ ਧਿਆਨ ਛੁਟਿਓ ਹਰਿ ਕਾ।
ਪੁਨਿ ਚੰਡ ਸੰਭਾਰ ਉਭਾਰ ਗਦਾ,
ਧੁਨਿ ਸੰਖ ਬਜਾਇ ਕਰਿਓ ਖਰਕਾ।
ਸਿਰ ਸਤ੍ਰਨਿ ਕੋ ਪਰ ਚਕ੍ਰ ਪਰਿਓ,
ਛੁਟਿ ਐਸੋ ਬਹਿਓ ਕਰਿ ਕੇ ਬਰਕਾ।
ਜਨੁ ਖੇਲਨ ਕੋ ਸਰਤਾ ਤਟਿ ਜਾਇ,
ਚਲਾਵਤ ਹੈ ਛਿਛਲੀ ਲਰਕਾ। ੪੩

ਦੋਹਰਾ

ਦੇਖ ਚਮੂੰ ਮਹਿਖਾਸੁਰੀ ਦੇਵੀ ਬਲਹਿ ਸੰਭਾਰਿ।
ਕਛੁ ਸਿੰਘਹਿ ਕਛੁ ਚਕ੍ਰ ਸੋ ਡਾਰੇ ਸਭੈ ਸੰਘਾਰਿ। ੪੪
ਇਕ ਭਾਜੇ ਨ੍ਰਿਪ ਪੈ ਗਏ ਕਹਿਓ ਹਤੀ ਸਭ ਸੈਨ।
ਇਉ ਸੁਨਿ ਕੈ ਕੋਪਿਓ ਅਸੁਰ, ਚੜਿ ਆਇਓ ਰਨ-ਐਨ। ੪੫

ਸ੍ਵੈਯਾ

ਜੂਝ ਪਰੀ ਸਭ ਸੈਨ ਲਖੀ ਜਬ, ਤੌ ਮਹਖਾਸੁਰ ਖੱਗ ਸੰਭਾਰਿਓ।
ਚੰਡਿ ਪ੍ਰਚੰਡ ਕੇ ਸਾਮੁਹਿ ਜਾਇ,
ਭਇਆਨਕ ਭਾਲਕ ਜਿਉ ਭਭਕਾਰਿਓ।
ਮੁਗਦਰੁ ਲੈ ਅਪਨੇ ਕਰਿ ਚੰਡਿ ਸੁ ਕੈ
ਬਰਿ ਤਾਤਨ ਊਪਰਿ ਡਾਰਿਓ।
ਜਿਉ ਹਨੁਮਾਨ ਉਖਾਰਿ ਪਹਾਰ ਕੋ,
ਰਾਵਨ ਕੇ ਉਰ ਭੀਤਰ ਮਾਰਿਓ। ੪੬
ਫੇਰ ਸਰਾਸਨ ਕੋ ਗਹਿ ਕੈ ਕਰਿ
ਬੀਰ ਹਨੇ ਤਿਨ ਪਾਨਿ ਨ ਮੰਗੇ।

ਘਾਇਲ ਘੂਮ ਪਰੇ ਰਨ ਮਾਹਿ ਕਰਾਹਤ ਹੈ
ਗਿਰ ਸੇ ਗਜ ਲੰਗੇ।
ਸੂਰਨ ਕੇ ਤਨ ਕਉਚਨ ਸਾਥਿ,
ਪਰੇ ਧਰਿ ਭਾਉ ਉਠੇ ਤਹ ਚੰਗੇ।
ਜਾਨੋ ਦਵਾ ਬਨ ਮਾਝ ਲਗੇ ਤਹ ਕੀਟਨ
ਭੱਛ ਕੋ ਕੌ ਦਉਰੇ ਭੁਜੰਗੇ। ੪੭

ਸ੍ਵੈਯਾ

ਕੋਪ ਭਰੀ ਰਨਿ ਚੰਡਿ ਪ੍ਰਚੰਡ ਸੁ, ਪ੍ਰੇਰ ਕੇ ਸਿੰਘ ਧਸੀ ਰਨ ਮੈ।
ਕਰਵਾਰ ਲੈ ਲਾਲ ਕੀਏ ਅਰਿ ਖੇਤਿ,
ਲਗੀ ਬੜਵਾਨਲ ਜਿਉ ਬਨ ਮੈ।
ਤਬ ਘੇਰਿ ਲਈ ਚਹੂੰ ਓਰ ਤੇ ਦੈਤਨ,
ਇਉ ਉਪਮਾ ਉਪਜੀ ਮਨ ਮੈ।
ਮਨੁ ਤੇ ਤਨੁ ਤੇਜੁ ਚਲਿਓ ਜਗ ਮਾਤ ਕੋ
ਦਾਮਿਨ ਜਾਨ ਚਲੇ ਘਨ ਮੈ। ੪੮
ਫੂਟ ਗਈ ਧੁਜਨੀ ਸਗਰੀ, ਅਸਿ ਚੰਡ ਪ੍ਰਚੰਡ ਜਬੈ ਕਰਿ ਲੀਨੋ।
ਦੈਤ ਮਰੈ ਨਹਿ ਬੇਖ ਕਰੇ ਬਹੁ ਤਉ ਬਰਬੰਡ ਮਹਾਂ ਬਲ ਕੀਨੋ।
ਚਕ੍ਰ ਚਲਾਇ ਦਇਓ ਕਰਿ ਤੇ ਸਿਰ ਸਤ੍ਰੁ ਕੋ ਮਾਰ ਜੁਦਾ ਕਰ ਦੀਨੋ।
ਸ੍ਰਉਨਤ ਧਾਰ ਚਲੀ ਨਭ ਕੋ ਜਨੁ
ਸੂਰ ਕੋ ਰਾਮ ਜਲਾਜਲ ਦੀਨੋ। ੪੯

ਸ੍ਵੈਯਾ

ਸਬ ਸੂਰ ਸੰਘਾਰ ਦਏ ਤਿਹ ਖੇਤਿ, ਮਹਾਂ ਬਰਬੰਡ ਪਰਾਕ੍ਰਮ ਕੈ।
ਤਹ ਸ੍ਰਉਨਤ ਸਿੰਧੁ ਭਇਓ ਧਰਨੀ
ਪਰਿ ਪੁੰਜ ਗਿਰੇ ਅਸਿ ਕੈ ਧਮ ਕੈ।
ਜਗ ਮਾਤ ਪ੍ਰਤਾਪ ਹਨੇ ਸੁਰਤਾਪ ਸੁ, ਦਾਨਵ ਸੈਨ ਗਈ ਜਮ ਕੈ।
ਬਹੁਰੋ ਅਰਿ ਸਿੰਧੁਰ ਕੇ ਦਲ ਪੈਠ ਕੈ,
ਦਾਮਿਨਿ ਜਿਉ ਦੁਰਗਾ ਦਮਕੈ। ੫੦

ਦੋਹਰਾ

ਜਬ ਮਹਖਾਸੁਰ ਮਾਰਿਓ, ਸਬ ਦੈਤਨ ਕੋ ਰਾਜ।
ਤਬ ਕਾਇਰ ਭਾਜੇ ਸਬੈ, ਛਾਡਿਓ ਸਕਲ ਸਮਾਜ। ੫੧

ਕਬਿੱਤ

ਮਹਾਂਬੀਰ ਕਹਰੀ ਦੁਪਹਰੀ ਕੋ ਭਾਨੁ ਮਾਨੋ,

ਦੇਵਨ ਕੇ ਕਾਜ ਦੇਵੀ ਡਾਰਿਓ ਦੈਤ ਮਾਰਿ ਕੈ।
ਅਉਰ ਦਲੁ ਭਾਜਿਓ ਜੈਸੇ ਪਉਨ ਹੂੰ ਤੇ ਭਾਜੇ।
ਮੇਘ ਇੰਦ੍ਰ ਦੀਨੋ ਰਾਜ ਬਲੁ ਆਪਨੋ ਸੋ ਧਾਰਿ ਕੈ।
ਦੇਸ ਦੇਸ ਕੇ ਨਰੇਸ ਡਾਰੇ ਹੈ ਸੁਰੇਸ ਪਾਇ
ਕੀਨੋ ਅਭਖੇਕ ਸੁਰਮੰਡਲ ਬਿਚਾਰਿ ਕੈ।
ਈਹਾਂ ਪਈ ਗੁਪਤਿ ਪ੍ਰਗਟਿ ਜਾਇ ਤਹਾਂ ਭਈ,
ਜਹਾਂ ਬੈਠੇ ਹਰਿ ਹਰਿਅੰਬਰਿ ਕੋ ਡਾਰਿ ਕੈ। ੫੨

ਇਤਿ ਸ੍ਰੀ ਮਾਰਕੰਡੇ ਪੁਰਾਨੇ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸ ਮਹਖਾਸੁਰਬਧਹਿ ਨਾਮ ਦੁਤੀ ਅਧਿਆਇ ਸਮਾਪਤਮ ਸਤੁ ਸਭ ਮਸਤੁ॥ ੨॥

ਦੋਹਰਾ

ਲੋਪ ਚੰਡਕਾ ਹੋਇ ਗਈ; ਸੁਰਪਤਿ ਕੌ ਦੇ ਰਾਜ।
ਦਾਨਵ ਮਾਰਿ ਅਭੇਖ ਕਰਿ ਕੀਨੋ ਸੰਤਨ ਕਾਜ। ੫੩

ਸ੍ਵੈਯਾ

ਯਾਤੇ ਪ੍ਰਸੰਨ ਭਏ ਮਹਾਂ ਮੁਨ, ਦੇਵਨ ਤੇ ਤਪ ਮੈ ਸੁਖ ਪਾਵੈ।
ਜੱਗਯ ਕਰੈ ਇਕ ਬੇਦ ਰਰੈ ਭਵਤਾਪ ਹਰੈ ਮਿਲਿ ਧਿਆਨਹਿ ਲਾਵੈ।
ਝਾਲਰ ਤਾਲ ਮ੍ਰਿਦੰਗ ਉਪੰਗ, ਰਬਾਬ ਲੀਏ ਸੁਰ ਸਾਜ ਮਿਲਾਵੈ।
ਕਿੰਨਰ ਗੰਧ੍ਰਬ ਗਾਨ ਕਰੈ ਗਨਿ
ਜੱਛ ਅਪੱਛਰ ਨਿਰਤ ਦਿਖਾਵੈ। ੫੪
ਸੰਖਨ ਕੀ ਧੁਨ ਘੰਟਨਿ ਕੀ ਕਰਿ ਫੂਲਨ ਕੀ ਬਰਖਾ ਬਰਖਾਵੈ।
ਆਰਤੀ ਕੋਟ ਕਰੈ ਸੁਰ-ਸੁੰਦਰਿ, ਪੇਖ ਪੁਰੰਦਰ ਕੇ ਬਲਿ ਜਾਵੈ।
ਦਾਨ ਤਛਨ ਦੈ ਕੈ ਪ੍ਰਦੱਛਨ, ਭਾਲ ਮੈ ਕੁੰਕਮ ਅੱਛਤ ਲਾਵੈ।
ਹੋਤ ਕੁਲਹਾਲ ਦੇਵਪੁਰੀ ਮਿਲਿ
ਦੇਵਨ ਕੇ ਕੁਲਿ ਮੰਗਲਿ ਗਾਵੈ। ੫੫

ਦੋਹਰਾ

ਐਸੇ ਚੰਡ ਪ੍ਰਤਾਪ ਤੇ, ਦੇਵਨ ਬਢਿਓ ਪ੍ਰਤਾਪ।
ਤੀਨ ਲੋਕ ਜੈ ਜੈ ਕਰੈ, ਰਰੈ ਠਾਮੁ ਸਤਿਜਾਪ। ੫੬
ਇਸੀ ਭਾਂਤਿ ਸੋ ਦੇਵਤਨ ਰਾਜ ਕੀਯੋ ਸੁਖ ਮਾਨਿ।
ਬਹੁਰ ਸੁੰਭ ਨੈਸੁੰਭ ਦੁਇ. ਦੈਤ ਬਡੇ ਬਲਿਵਾਨ। ੫੭

ਦੋਹਰਾ

ਇਦ੍ਰੰ ਲੋਕ ਕੇ ਰਾਜ ਹਿਤ. ਚਤ੍ਰਿ ਧਾਏ ਨ੍ਰਿਪ ਸੰਭ।

ਸੈਨਾ ਚਤੁਰੰਗਨਿ ਰਚੀ, ਪਾਇਕ ਰਥ ਹੈ ਕੁੰਭ। ੫੮

ਸ੍ਵੈਯਾ

ਬਾਜਤ ਡੰਕ ਪਰੀ ਧੁਨ ਕਾਨਿ ਸੁ ਸੰਕਿ ਪੁਰੰਦਰ ਮੂੰਦਤ ਪਉਰੈ।
ਸੂਰ ਮੈ ਨਾਹਿ ਰਹੀ ਦੁਤਿ ਦੇਖਿ ਕੇ, ਜੁੱਧ ਕੋ ਦੈਤ ਭਏ ਇਕ ਠਉਰੈ।
ਕਾਂਪ ਸਮੁੰਦ੍ਰ ਉਠੇ ਸਿਗਰੇ, ਬਹੁ ਭਾਰ ਭਈ ਧਰਨੀ ਗਤਿ ਅਉਰੈ।
ਮੇਰੁ ਹਲਿਓ ਦਹਲਿਓ ਸੁਰ ਲੋਕ,
ਜਬੈ ਦਲ ਸੁੰਭ ਨਿਸੁੰਭ ਕੇ ਦਉਰੈ। ੫੯

ਦੋਹਰਾ

ਦੇਵ ਸਭੈ ਮਿਲਿ ਕੇ ਤਬੈ, ਗਏ ਸਕ੍ਰ ਪਹਿ ਧਾਇ।
ਕਹਿਓ ਦੈਤ ਆਏ ਪ੍ਰਬਲ, ਕੀਜੈ ਕਹਾ ਉਪਾਇ। ੬੦

ਦੋਹਰਾ॥

ਸੁਨਿ ਕੋਪਿਓ ਸੁਰਪਾਲ ਤਬ, ਕੀਨੋ ਜੁੱਧ ਉਪਾਇ।
ਸੇਖ ਦੇਵ ਗਨ ਜੇ ਹੁਤੇ, ਤੇ ਸਭ ਲੀਏ ਬੁਲਾਇ। ੬੧

ਸ੍ਵੈਯਾ

ਭੂਮਿ ਕੌ ਭਾਰ ਉਤਾਰਨ ਕੋ, ਜਗਦੀਸ ਬਿਚਾਰ ਕੈ ਜੁੱਧੁ ਠਟਾ।
ਗਰਿਜੈ ਮਦਮੱਤ ਕਰੀ ਬਦਰਾ ਬਗ ਪੰਤਿ ਲਸੈ ਜਨ ਦੰਤ-ਗਟਾ।
ਪਹਰੇ ਤਨਤ੍ਰਾਨ ਫਿਰੈ ਤਹ ਬੀਰ, ਲੀਏ ਬਰਛੀ ਕਰਿ ਬਿੱਜੁ ਛਟਾ।
ਦਲ ਦੈਤਨ ਕੋ ਅਰਿ ਦੇਵਨ ਪੈ;
ਉਮਡਿਓ ਮਾਨੋ ਘੋਰ-ਘਮੰਡ ਘਟਾ। ੬੨

ਦੋਹਰਾ

ਸਗਲ ਦੈਤ ਇਕਠੇ ਭਏ ਕਰਯੋ ਜੁੱਧ ਕੋ ਸਾਜ।
ਅਮਰਪੁਰੀ ਮਹਿ ਜਾਇਕੈ ਘੇਰਿ ਲੀਓ ਸੁਰ ਰਾਜ। ੬੩

ਸ੍ਵੈਯਾ

ਖੋਲ੍ਹਿ ਕੈ ਦੁਆਰ ਕਿਵਾਰ ਸਭੈ,
ਨਿਕਸੀ ਅਸੁਰਾਰਿ ਕੀ ਸੈਨ ਚਲੀ।
ਰਨ ਮੈ ਤਬ ਆਨਿ ਇਕੱਤ੍ਰ ਭਏ,
ਲਖਿ ਸੱਤ੍ਰ ਕੀ ਪੱਤ੍ਰਿ ਜਿਉਂ ਸੈਨ ਹਲੀ।
ਦ੍ਰੁਮ ਦੀਰਘ ਜਿਉ ਗਜ ਬਾਜ ਹਲੇ,
ਰਥ ਪਾਇਕ ਜਿਉ ਫਲ ਫੂਲ ਕਲੀ।

ਦਲ ਸੁੰਭ ਕੋ ਮੇਘ ਬਿਡਾਰਨ ਕੋ;
ਨਿਕਸਿਉ ਮਘਵਾ ਮਾਨੋ ਪਉਨ ਬਲੀ।੬੪
ਇਹ ਕੋਪ ਪੁਰੰਦਰ ਦੇਵ ਚੜੇ, ਉਤ ਜੁੱਧ ਕੋ ਸੁੰਭ ਚੜੇ, ਰਨ ਮੈ।
ਕਰ ਬਾਨ ਕਮਾਨ ਕ੍ਰਿਪਾਨ ਗਦਾ,
ਪਹਿਰੇ ਤਨ-ਤ੍ਰਾਨ ਤਬੈ ਤਨ ਮੈ।
ਤਬ ਮਾਰ ਮਚੀ ਦੁਹੂੰ ਓਰਨ ਤੇ;
ਨ ਰਹਿਓ ਭ੍ਰਮ ਸੂਰਨ ਕੇ ਮਨ ਮੈ।
ਬਹੁ ਜੰਬੁਕ ਗ੍ਰਿਝ ਚਲੇ ਸੁਨਿ ਕੈ
ਅਤਿ ਮੋਦ ਬਢਿਓ ਸਿਵ ਕੇ ਗਨ ਮੈ। ੬੫
ਰਾਜ ਪੁਰੰਦਰ ਕੋਪ ਕੀਓ ਇਤਿ,
ਜੁੱਧ ਕੋ ਦੈਤ ਜੁਰੇ ਉਤ ਕੈਸੇ।
ਸਿਆਮ ਘਟਾ ਘੁਮਰੀ ਘਨ ਘੋਰ ਕੈ,
ਘੇਰਿ ਲੀਓ ਹਰਿ ਕੇ ਰਵਿ ਤੈਸੇ।
ਸਕ੍ਰ ਕ੍ਰਮਾਨ ਕੋ ਬਾਨ ਲਗੇ;
ਸਰ ਫੋਕ ਲਸੈ ਅਰਿ ਕੇ ਉਰਿ ਐਸੇ।
ਮਾਨੋ ਪਹਾਰ ਕਰਾਰ ਮੈ ਚੋਂਚ ਪਸਾਰਿ,
ਰਹੇ ਸਿਸੁ ਸਾਰਕ ਜੈਸੇ। ੬੬

ਸ੍ਵੈਯਾ

ਬਾਨ ਲਗੇ ਲਖ ਸੁੰਭ ਦਈਤ,
ਧਸੇ ਰਨ ਲੈ ਕਰਵਾਰਨ ਕੋ।
ਰੰਗਭੂਮਿ ਮੈ ਸਤ੍ਰ ਗਿਰਾਇ ਦਏ,
ਬਹੁ ਸ੍ਰਉਨ ਬਹਿਓ ਅਸੁਰਾਰਨ ਕੋ।
ਪ੍ਰਗਟੇ ਗਨ ਜੰਬੁਕ ਗ੍ਰਿਝੇ ਪਿਸਾਚ,
ਸੁ ਯੋ ਰਨ ਭਾਂਤਿ ਪੁਕਾਰਨ ਕੋ।
ਸੁ ਮਨੋ ਭਟ ਸਾਰਸੁਤੀ ਤਟਿ ਨਾਤ ਹੈ;
ਪੂਰਬ ਪਾਪ ਉਤਾਰਨ ਕੋ। ੬੭
ਜੁੱਧ ਨਿਸੁੰਭ ਭਇਆਨ ਰਚਿਓ,
ਅਸ ਆਗੇ ਨ ਦਾਨਵ ਕਾਹੂ ਕਰਿਓ ਹੈ।
ਲੋਥਨ ਊਪਰਿ ਲੋਥ ਪਰੀ,
ਤਹ ਗੀਧ ਸ੍ਰਿੰਗਾਲਨਿ ਮਾਸੁ ਚਰਿਓ ਹੈ।
ਗੂੰਦ ਬਹੈ ਸਿਰ ਕੇਸਨ ਤੇ,
ਸਿਤ ਪੁੰਜ ਪ੍ਰਵਾਹ ਧਰਾਨਿ ਪਰਿਓ ਹੈ।
ਮਾਨਹੁ ਜਟਾ ਧਰ ਕੀ ਜਟ ਤੇ,

ਜਨੁ ਰੋਸ ਕੈ ਰੰਗ ਕੋ ਨੀਰ ਢਰਿਓ ਹੈ। ੬੮
ਬਾਰ ਸਿਵਾਰ ਭਏ ਤਿਹ ਠਉਰ,
ਸੁਫੇਨ ਜਿਉ ਛਤ੍ਰ ਫਿਰੇ ਤਰਤਾ।
ਕਰ-ਅੰਗੁਲਕਾ ਸਫਰੀ ਤਲਫੈ,
ਭੁਜ ਕਾਟਿ ਭੁਜੰਗ ਕਰੇ ਕਰਤਾ।
ਹਯ ਨਕ੍ਰ ਪੁਜਾ ਦ੍ਰਮ ਸ੍ਰਉਣਤ ਨੀਰ ਮੈ,
ਚਕ੍ਰ ਜਿਉਂ ਚਕ੍ਰ ਫਿਰੈ ਗਰਤਾ।
ਤਬ ਸੁੰਭ ਨਿਸੁੰਭ ਦੁਹੂੰ ਮਿਲਿ ਦਾਨਵ,
ਮਾਰ ਕਰੀ ਮਨ ਮੈ ਸਰਤਾ। ੬੯

ਦੋਹਰਾ

ਸੁਹਾਰੇ ਜੀਤੇ ਅਸੁਰ, ਲੀਨੋ ਸਕਲ ਸਮਾਜ।
ਦੀਨੋ ਇੰਦ੍ਰ ਭਜਾਇ ਕੈ; ਮਹਾਂ ਪ੍ਰਬਲ ਦਲ ਸਾਜਿ। ੭੦

ਸ੍ਵੈਯਾ

ਛੀਨ ਭੰਡਾਰ ਲਇਓ ਹੈ ਕੁਬੇਰ ਤੇ ਸੇਸ ਹੂੰ ਤੇ ਮਨਿ ਮਾਲ ਛਡਾਈ।
ਜੀਤ ਲੁਕੇਸ ਦਿਨੇਸ ਨਿਸੇਸ, ਗਨੇਸ ਜਲੇਸ ਦੀਓ ਹੈ ਭਜਾਈ।
ਲੋਕ ਕੀਏ ਤਿਨ ਤੀਨਹੁ ਆਪਨੇ;
ਦੈਤ ਪਠੈ ਤਹ ਦੈ ਠਕੁਰਾਈ।
ਜਾਇ ਬਸੇ ਸੁਰ ਧਾਮ ਤੇਊ,
ਤਿਨ ਸੁੰਭ ਨਿਸੁੰਭ ਕੀ ਫੇਰੀ ਦੁਹਾਈ। ੭੧

ਦੋਹਰਾ

ਖੇਤ ਜੀਤ ਦੈਤਨ ਲੀਓ, ਗਏ ਦੇਵਤੇ ਭਾਜ।
ਇਹੈ ਬਿਚਾਰਿਓ ਮਨ ਬਿਖੈ; ਲੇਹੁ ਸਿਵਾ ਤੇ ਰਾਜ। ੭੨

ਸ੍ਵੈਯਾ

ਦੇਵ ਸੁਰੇਸ ਦਿਨੇਸ ਨਿਸੇਸ, ਮਹੇਸ ਪੁਰੀ ਮਹਿ ਜਾਇ ਬਸੇ ਹੈ।
ਭੇਸ ਬੁਰੇ ਤਹਾਂ ਜਾਇ ਦੁਰੇ, ਸਿਰ ਕੇਸ ਜੁਰੇ ਰਨ ਤੇ ਜੁ ਤ੍ਰਸੇ ਹੈ।
ਹਾਲ ਬਿਹਾਲ ਮਹਾਂ ਬਿਕਰਾਲ ਸੰਭਾਲ ਨਹੀਂ ਜਨੁ ਕਾਲ ਗ੍ਰਸੇ ਹੈ।
ਬਾਰ ਹੀ ਬਾਰ ਪੁਕਾਰ ਕਰੀ ਅਤਿ ਆਰਤਵੰਤ ਦਰੀਨਿ ਧਸੇ ਹੈ।੭੩
ਕਾਨ ਸੁਨੀ ਧੁਨਿ ਦੇਵਨ ਕੀ ਸਭ ਦਾਨਵ ਮਾਰਨ ਕੋ ਪ੍ਰਨ ਕੀਨੋ।
ਹੋਇ ਕੈ ਪ੍ਰਤੱਛ ਮਹਾ ਬਰ ਚੰਡਿ. ਸੁ ਕ੍ਰੁੱਧ ਹ੍ਵੈ ਜੁੱਧ ਬਿਖੈ ਮਨ ਦੀਨੋ।

ਭਾਲ ਕੋ ਫੇਰ ਕੈ ਕਾਲੀ ਭਈ,
ਲਖਿ ਤਾਂ ਛਬਿ ਕੋ ਕਬਿ ਕੋ ਮਨ ਭੀਨੋ।
ਦੈਤ ਸਮੂਹਿ ਬਿਨਾਸਨ ਕੋ;
ਜਮ ਰਾਜ ਤੇ ਮ੍ਰਿਤ ਮਨੋ ਭਵ ਲੀਨੋ। ੭੪

ਸ੍ਵੈਯਾ

ਪਾਨ ਕ੍ਰਿਪਾਨ ਧਰੇ ਬਲਵਾਨ,
ਸੁ ਕੋਪ ਕੈ ਬਿੱਜੁਲ ਜਿਉਂ ਗਰਜੀ ਹੈ।
ਮੇਰੁ ਸਮੇਤ ਹਲੇ ਗਰੂਏ ਗਿਰ ਸੇਸ ਕੇ ਸੀਸ ਧਰਾ ਲਰਜੀ ਹੈ।
ਬ੍ਰਹਮ ਧਨਸ ਦਿਨੇਸ ਡਰਿਓ ਸੁਨ ਕੈ
ਹਰਿ ਕੀ ਛਤੀਆ ਤਰਜੀ ਹੈ।
ਚੰਡ ਪ੍ਰਚੰਡ ਅਖੰਡ ਲੀਏ ਕਰਿ ਕਾਲ ਕਾ
ਕਾਲ ਹੀ ਜਿਉ ਅਰਜੀ ਹੈ। ੭੫

ਦੋਹਰਾ

ਨਿਰਖ ਚੰਡਕਾ ਤਾਸ ਕੋ, ਤਬੈ ਬਚਨ ਇਹ ਕੀਨ।
ਹੇ ਪੁੱਤ੍ਰੀ ਤੂੰ ਕਾਲਿਕਾ, ਹੋਹੁ ਜੁ ਮੁਝ ਮੈ ਲੀਨ। ੭੬
ਸੁਨਤ ਬਚਨ ਯਹ ਚੰਡਿ ਕੋ, ਤਾਂ ਮਹਿ ਗਈ ਸਮਾਇ।
ਜਿਉਂ ਗੰਗਾ ਕੀ ਧਾਰ ਮੇ ਜਮੁਨਾ ਪੈਠੀ ਧਾਇ। ੭੭

ਸ੍ਵੈਯਾ

ਬੈਠ ਤਬੈ ਗਿਰਿਜਾ ਅਰੁ ਦੇਵਨ,
ਬੁੱਧਿ ਇਹੈ ਮਨ ਮੱਧਿ ਬਿਚਾਰੀ।
ਜੁਧ ਕੀਏ ਬਿਨੁ ਫੇਰ ਫਿਰੈ ਨਹਿ,
ਭੂਮਿ ਸਭੈ ਅਪਨੀ ਅਵਧਾਰੀ।
ਇੰਦ੍ਰ ਕਹਿਓ: "ਅਬ ਢੀਲ ਬਨੇ ਨਹਿ,
ਮਾਤ ਸੁਨੋ ਯਹ ਬਾਤ ਹਮਾਰੀ।"
ਦੈਤਨ ਕੇ ਬਧ ਕਾਜ ਚਲੀ ਰਣਿ;
ਚੰਡ ਪ੍ਰਚੰਡ ਭੁਜੰਗਨਿ ਕਾਰੀ। ੭੮

ਸ੍ਵੈਯਾ

ਕੰਚਨ ਸੇ ਤਨ ਖੰਜਨ ਸੇ ਦ੍ਰਿਗ;
ਕੰਜਨ ਕੀ ਸੁਖਮਾ ਸਕੁਚੀ ਹੈ।
ਲੈ ਕਰਤਾਰ ਸੁਧਾ ਕਰ ਮੈ,
ਮਧ ਮੂਰਤਿ ਸੀ ਅੰਗ ਅੰਗ ਰਚੀ ਹੈ।

ਆਨਨ ਕੀ ਸਰ ਕੋ ਸਸਿ ਨਾਹਿਨ,
ਅਉਰ ਕਛੂ ਉਪਮਾ ਨ ਬਚੀ ਹੈ।
ਸ੍ਰਿੰਗ ਸੁਮੇਰ ਕੇ ਚੰਡਿ ਬਿਰਾਜਤ,
ਮਾਨੋ ਸਿੰਘਾਸਨ ਬੈਠੀ ਸਚੀ ਹੈ। ੭੯

ਦੋਹਰਾ

ਐਸੇ ਸ੍ਰਿੰਗ ਸੁਮੇ ਕੇ, ਸੋਭਤ ਚੰਡਿ ਪ੍ਰਚੰਡ।
ਚੰਦ੍ਰਹਾਸ ਕਰਿ ਬਰ ਧਰੇ ਜਨ ਜਮ ਲੀਨੇ ਦੰਡ। ੮੦
ਕਿਸੀ ਰਾਜ ਕੋ ਦੈਤ ਇਕ ਆਇਓ ਹੈ ਤਿਹ ਠਾਇ।
ਨਿਰਖ ਰੂਪ ਬਰੁ ਚੰਡਿ ਕੋ ਗਿਰਿਓ ਮੂਰਛਾ ਖਾਇ। ੮੧
ਉਠਿ ਸੰਭਾਰਿ ਕਰ ਜੋਰ ਕੈ, ਕਹੀ ਚੰਡ ਸੋ ਬਾਤ।
"ਨ੍ਰਿਪਤਿ ਸੁੰਭ ਕੋ ਭ੍ਰਾਤ ਹੈ, ਕਹਯੋ ਬਚਨ ਸੁਕਚਾਤ। ੮੨
ਤੀਨ ਲੋਕ ਜਿਨਿ ਬਸਿ ਕੀਏ, ਅਤਿ ਬਲ ਭੁਜਾ ਅਖੰਡ।
ਐਸੋ ਭੂਪਤਿ ਸੁੰਭ ਹੈ, ਤਾਹਿ ਬਰੇ ਬਰਿ ਚੰਡ"। ੮੩
ਸੁਨਿ ਰਾਕਸ ਕੀ ਬਾਤਕੋ, ਦੇਵੀ ਉੱਤਰ ਦੀਨ।
"ਜੁੱਧ ਕਰੈ ਬਿਨੁ ਨਹਿ ਬਰੋ, ਸੁਨਹੁ ਦੈਤ ਮਤਹੀਨ"। ੮੪

ਦੋਹਰਾ

ਇਹ ਸੁਨਿ ਦਾਨਵ ਚਪਲ ਗਤਿ ਗਇਓ ਸੁੰਭ ਕੇ ਪਾਸ।
ਪਰਿ ਪਾਇਨ ਕਰ ਜੋਰ ਕੈ, ਕਰੀ ਏਕ ਅਰਦਾਸ। ੮੫
ਅਉਰ ਰਤਨ ਨ੍ਰਿਪ ਧਾਮ ਤੁਅ, ਤ੍ਰੀਆ ਰਤਲ ਤੇ ਹੀਨ।
ਬਧੂ ਏਕ ਬਨ ਮੈ ਬਸੈ, ਤਿਹ ਤੁਮ ਬਰੋ ਪ੍ਰਬੀਨ। ੮੬

ਸੋਰਠਾ

ਸੁਨੀ ਮਨੋਹਰਿ ਬਾਤ ਨ੍ਰਿਪ ਬੂਝਿਓ ਪੁਨਿ ਤਾਹਿ ਕੋ।
ਮੋਸੋ ਕਹਿਯੈ ਭ੍ਰਾਤ ਬਰਨਨ ਤਾਹਿ ਸਰੀਰ ਕੋ।੮੭

ਸ੍ਵੈਯਾ

ਹਰਿ ਸੋ ਮੁਖ ਹੈ ਹਰਿਤੀ ਦੁਖ ਹੈ ਅਲਿਕੈ
ਹਰਿ ਹਾਰ ਪ੍ਰਭਾਹਰਿਨੀ ਹੈ।
ਲੋਚਨ ਹੈ ਹਰਿ ਸੇ ਸਰਸੇ ਹਰਿ ਸੇ
ਭਰੁਟੇ ਹਰਿਸੀ ਬਰੁਨੀ ਹੈ।
ਕੇਹਰਿ ਸੋ ਕਰਿਹਾ ਚਲਬੋ ਹਰਿ ਪੈ
ਹਰਿ ਕੀ ਹਰਿਨੀ ਤਰਨੀ ਹੈ।
ਹੈ ਕਰ ਮੈ ਹਰਿ ਪੈ ਹਰਿ ਸੋ,

ਹਰਿ ਰਪ ਕੀਏ ਹਰਿਕੀ ਧਰਨੀ ਹੈ। ੮੮

ਕਬਿਤ

ਮੀਨ ਮੁਰਝਾਨੇ ਕੰਜ ਖੰਜਨ ਖਿਸਾਨੇ
ਅਲਿ ਫਿਰਤ ਦਿਵਾਨੇ, ਬਲਿ ਡੋਲੈ ਜਿਤ ਤਿਤ ਹੀ।
ਕੀਰ ਅਉ ਕਪੋਤ, ਬਿੰਬ ਕੋਕਿਲਾ ਕਲਾਪੀ ਬਨਿ ਲੂਟੇ ਫੂਟੇ ਫਿਰੈ,
ਮਨਿ ਚੈਨ ਹੂੰ ਨ ਕਿਤ ਹੀ।
ਦਾਰਿਮ[18] ਦਰਕ[19] ਗਇਓ,
ਪੇਖਿ ਦਸਨਨਿ[20]-ਪਾਤਿ ਰੂਪ ਹੀ ਕੀ ਕ੍ਰਾਤਿ,
ਜਗਿ ਫੈਲ ਰਹੀ ਸਿਤ[21] ਹੀ।
ਐਸੀ ਗੁਨ-ਸਾਗਰ, ਉਜਾਗਰ ਸੁ ਨਾਗਰਿ[22] ਹੈ,
ਲੀਨੋ ਮਨ ਮੇਰੋ ਹਰਿ,
ਨੈਨ ਕੋਰਿ[23] ਚਿਤ ਹੀ। ੮੯

ਦੋਹਰਾ

ਬਾਤ ਦੈਤ ਕੀ ਸੁੰਭ ਸੁਨਿ ਬੋਲਿਓ ਕਛੁ ਮੁਸਕਾਤ।
"ਚਤੁਰ ਦੂਤ ਕੋਊ ਭੇਜੀਏ, ਲਖਿ ਆਵੈ ਤਿਹ ਘਾਤ। ੯੦

ਦੋਹਰਾ

ਬਹੁਰਿ ਕਹੀ ਉਨ ਦੈਤ: ਅਬ ਕੀਜੈ ਏਕ ਬਿਚਾਰ।
ਜੋ ਲਾਇਕ ਭਟ ਸੈਨ ਮੈ, ਭੇਜਹੁ ਦੈ ਅਧਿਕਾਰ। ੯੧

ਸ੍ਵੈਯਾ

ਬੈਠੋ ਹੁਤੋ ਨ੍ਰਿਪ ਮਧਿ ਸਭਾ, ਉਠਿ ਕੈ ਕਰਿ ਜੋਰਿ ਕਹਿਓ ਮਮ ਜਾਊ।
ਬਾਤਨ ਤੇ ਰਿਝਵਾਇ ਮਿਲਾਇ ਹੋ,
ਨਾਤਰਿ ਕੇਸਨ ਤੇ ਗਹਿ ਲਿਆਊ।
ਕ੍ਰੁੱਧ ਕਰੈ ਤਬ ਜੁੱਧੁ ਕਰ,
ਰਣਿ ਸ੍ਰਉਣਤ ਕੀ ਸਰਤਾਨ ਬਹਾਊ।
ਲੋਚਨ ਧੂਮ ਕਹੈ; ਬਲ ਆਪਨੋ ਸ੍ਵਾਸਨ
ਸਾਥ ਪਹਾਰ ਉਡਾਊ। ੯੨

ਦੋਹਰਾ

ਉਠੇ ਬੀਰ ਕੋ ਦੇਖ ਕੈ, ਸੁੰਭ ਕਹੀ ਤੁਮ ਜਹੁ ।

---

18. ਅਨਾਰ 19 ਤਿੜਕ ਗਿਆ, ਪਾਟ ਗਿਆ 20 ਦੰਦਾਂ ਦੀਆਂ ਪੰਕਤੀਆਂ 21 ਚਾਨਣੀ 22 ਚਤਰ
23 ਤਿਰਛੀ ਅੱਖ ਨਾਲ

ਰੀਝੈ ਆਵੈ ਆਨੀਓ ਖੀਝੇ ਜੁੱਧ ਕਰਾਹੁ। ੯੩
ਤਹਾਂ ਧੂਮ੍ਰ ਲੋਚਨ ਚਲੇ; ਚਤੁਰੰਗਨ ਦਲੁ ਸਾਜਿ।
ਗਿਰ ਘੇਰਿਓ ਘਨ ਘਟਾ ਜਿਉਂ, ਗਰਜ ਗਰਜ ਗਜ ਰਾਜ। ੯੪
ਧੂਮ੍ਰ ਨੈਨ ਗਿਰ ਰਾਜ ਤਟਿ, ਊਚੇ ਕਹੀ ਪੁਕਾਰਿ।
ਕੈ ਬਰੁ ਸੁੰਭ ਨ੍ਰਿਪਾਲ ਕੋ; ਕੈ ਲਰੁ ਚੰਡਿ ਸੰਭਾਰਿ। ੯੫
ਰਿਪੁ ਕੇ ਬਚਨ ਸੁਨੰਤ ਹੀ ਸਿੰਘ ਭਈ ਅਸਵਾਰ।
ਗਿਰ ਤੇ ਉਤਰੀ ਬੇਗ ਦੈ ਕਰਿ ਆਯੁਧ ਸਭ ਧਾਰਿ। ੯੬

ਸ੍ਵੈਯਾ

ਕੋਪ ਕੈ ਚੰਡ ਪ੍ਰਚੰਡ ਚੜੀ, ਇਤ ਕ੍ਰੁਧ ਕੈ ਧੂਮ੍ਰ ਚੜੈ, ਉਤਿ ਸੈਨੀ।
ਬਾਨ ਕ੍ਰਿਪਾਨਨ ਮਾਰ ਮਚੀ ਤਬ, ਦੇਵੀ ਲਈ ਬਰਛੀ ਕਰਿ ਪੈਨੀ।
ਦਉਰ ਦਈ ਅਰਿ ਕੈ ਮੁਖਿ ਮੈ ਕਟਿ ਓਠ ਦਏ ਜਿਮੁ ਲੋਹ ਕੋ ਛੈਨੀ।
ਦਾਂਤ ਗੰਗਾ, ਜਮੁਨਾ ਤਨ ਸਿਆਮ ਸੋ
ਲੋਹੂ ਬਹਿਓ ਤਿਨ ਮਾਹਿ ਤ੍ਰਿਬੈਨੀ। ੯੭
ਘਾਉ ਲਗੈ ਰਿਸਕੈ ਦ੍ਰਿਗ ਧੂਮ੍ਰਸੁ ਕੈ ਬਲਿ ਆਪਨੋ ਖੱਗੁ ਸੰਭਾਰਿਓ।
ਬੀਸ ਪਚੀਸਕੁ ਵਾਰ ਕਰੇ ਤਿਨ, ਕੇਹਰਿ ਕੋ ਪਗੁ ਨੈਕੁ ਨ ਹਾਰਿਓ।
ਧਾਇ ਗਦਾ ਗਹਿ ਫੇਰਿ ਕੈ ਫਉਜ ਕੋ,
ਘਾਉ ਸ਼ਿਵਾ ਸਿਰਿ ਦੈਤ ਕੇ ਮਾਰਿਓ।
ਸ੍ਰਿੰਗ ਧਰਾਧਰ ਊਪਰ ਕੋ,
ਜਨੁ ਕੋਪ ਪੁਰੰਦ੍ਰ ਨੈ ਬੱਜ੍ਰ ਪ੍ਰਹਾਰਿਓ। ੯੮
ਲੋਚਨ ਧੂਮ ਉਠੈ ਕਿਲਕਾਰ; ਲਏ ਸੰਗ ਦੈਤਨ ਕੇ ਕੁਰਮਾ।
ਗਹਿ ਪਾਨਿ ਕ੍ਰਿਪਾਨ ਅਚਾਨਕ
ਤਾਨਿ ਲਗਾਈ ਹੈ ਕੇਹਰਿ ਕੇ ਉਰ ਮਾ।
ਹਰਿ ਚੰਡਿ ਲਇਓ ਬੀਰ ਕੈ ਕਰ ਤੇ,
ਅਰੁ ਮੂੰਡ ਕਟਿਓ ਅਸੁਰੰ ਪੁਰ ਮਾ।
ਮਾਨੋ ਆਧੀ ਬਹੇ ਧਰਨੀ ਪਰ ਛੂਟਿ,
ਖਜੂਰ ਤੇ ਟੂਟ ਪਰਿਓ ਖੁਰਮਾ। ੯੯

ਦੋਹਰਾ

ਧੂਮ੍ਰ ਨੈਨ ਜਬ ਮਾਰਿਓ, ਦੇਵੀ ਇਹ ਪਰਕਾਰ।
ਅਸੁਰ ਸੈਨ ਬਿਨੁ ਚੈਨ ਹੁਇ, ਕੀਨੋ ਹਾਹਾਕਾਰ। ੧੦੦

ਸ੍ਵੈਯਾ

ਸ਼ੋਰ ਸੁਨਿਓ ਜਬ ਦੈਤਨ ਕੋ, ਤਬ ਚੰਡਿ ਪ੍ਰਚੰਡ ਤਚੀ ਅਖੀਆਂ।
ਹਰ ਧਿਆਨ ਛੁਟਿਓ ਮੁਨਿ ਕੋ ਸੁਨਿ ਕੈ,

ਧੁਨਿ ਟੂਟਿ ਖਗੇਸ ਗਈ ਪੱਖੀਆਂ।
ਦ੍ਰਿਗ ਜੁਆਲ ਬਢੀ ਬੜਵਾਨਲ ਜਿਉ,
ਕਵਿ ਨੈ ਉਪਮਾ ਤਿਹ ਕੀ ਲਖੀਆਂ।
ਸਭ੍ ਛਾਰ ਭਇਓ ਦਲੁ ਦਾਨਵ ਕੋ;
ਜਿਮੁ ਘੂਮਿ ਹਲਾਹਲ ਕੀ ਮੱਖੀਆਂ। ੧੦੧

ਦੋਹਰਾ

ਅਉਰ ਸਕਲ ਸੈਲਾ ਜਰੀ, ਬਚਿਓ ਸੁ ਏਕੈ ਪ੍ਰੇਤੁ।
ਚੰਡਿ ਬਚਾਇਓ ਜਾਨਿ ਕੈ, ਅਉਰਨ ਮਾਰਨ ਹੇਤੁ। ੧੦੨

ਇਤਿ ਸ੍ਰੀ ਮਾਰਕੰਡੇ ਪੁਰਾਣੇ, ਚੰਡੀ ਚਰਿਤ੍ਰ ਉਕਤਿ ਬਿਲਾਸ ਧੂਮ੍ਰ ਨੈਨ
ਬਧਹਿ ਨਾਮ ਤ੍ਰਿਤਿਆ ਧਿਆਇ ਸਮਾਪਤਮ
ਸਤ ਸੁਭਮ ਸਤੁ। ੩। ੫੦। ੧੦੨

ਦੋਹਰਾ

ਭਾਜਿ ਨਿਸਾਚਰ ਮੰਦ ਮਤਿ; ਕਹੀ ਸੁੰਭ ਪਹਿ ਜਾਇ।
"ਧੂਮ੍ਰ ਨੈਨ ਸੈਨਾ ਸਹਿਤ; ਡਾਰਿਓ ਚੰਡਿ ਖਪਾਇ। ੧੦੩
ਸਕਲ ਕਟੇ ਭਟ ਕਟਕ ਕੇ; ਪਾਇਕ ਰਥ ਹੈ ਕੁੰਭ।
"ਯੋ ਸੁਨਿ ਬਚਨ ਅਚਰਜ ਹ੍ਵੈ; ਕੋਪ ਕੀਓ ਨ੍ਰਿਪ ਸੁੰਭ। ੧੦੪
ਚੰਡ ਮੁੰਡ ਦ੍ਵੈ ਦੈਤ ਤਬ, ਲੀਨੇ ਸੁੰਭਿ ਹਕਾਰਿ।
ਚਲਿ ਆਏ ਨ੍ਰਿਪ ਸਭਾ ਮਹਿ; ਕਰਿ ਲੀਨੇ ਅਸਿ ਢਾਰ। ੧੦੫
ਅਭ ਬੰਦਨ ਦੋਨੇ ਕੀਓ; ਬੈਠਾਏ ਨ੍ਰਿਪ ਤੀਰਿ।
ਪਾਨ ਦਏ ਮੁਖ ਤੇ ਕਹਿਓ; "ਤੁਮ ਦੋਨੋ ਮਮ ਬੀਰ।" ੧੦੬
ਨਿਜ ਕਟ ਕੋ ਫੈਂਟਾ ਦਇਓ ਅਰੁ ਜਮਧਰ ਕਰਵਾਰ।
"ਲਿਆਵਹੁ ਚੰਡੀ ਬਾਧ ਕੈ; ਨਾਤਰ ਡਾਰੋ ਮਾਰ"। ੧੦੭

ਸ੍ਵੈਯਾ

ਕੋਪ ਚੜ੍ਹੇ ਰਨਿ ਚੰਡ ਅਉ ਮੁੰਡ ਸੁ; ਲੈ ਚਤੁਰੰਗਨ ਸੈਨ ਭਲੀ।
ਤਬ ਸੇਸ ਕੇ ਸੀਸ ਧਰਾ ਲਰਜੀ; ਜਨੁ ਮਧਿ ਤਰੰਗਨਿ ਨਾਵ ਹਲੀ।
ਖੁਰ ਬਾਜਨ ਧੂਰ ਉਡੀ ਨਭਿ ਕੋ; ਕਵਿ ਕੇ ਮਨ ਤੇ ਉਪਮਾ ਨ ਟਲੀ।
ਭਵ ਭਾਰ ਅਪਾਰ ਨਿਵਾਰਨ ਕੋ;
ਧਰਨੀ ਮਨੋ ਬ੍ਰਹਮ ਕੇ ਲੋਕ ਚਲੀ। ੧੦੮

ਦੋਹਰਾ

ਚੰਡ ਮੁੰਡ ਦੈਤਨ ਦੁਹੂੰ; ਸਬਲ ਪ੍ਰਬਲ ਦਲੁ ਲੀਨ।
ਨਿਕਟਿ ਜਾਇ ਗਿਰ ਘੇਰਿ ਕੈ ਮਹਾਂ ਕੁਲਾਹਲ ਕੀਨ। ੧੦੯

ਸ੍ਵੈਯਾ

ਜਬ ਕਾਨ ਸੁਨੀ ਧੁਨਿ ਦੈਤਨ ਕੀ;
ਤਬ ਕੋਪੁ ਕੀਓ ਗਿਰਜਾ ਮਨ ਮੈ।
ਚੜ੍ਹਿ ਸਿੰਘ ਸੁ ਸੰਖ ਬਜਾਇ ਚਲੀ;
ਸਭਿ ਆਯੁਧ ਧਾਰ ਤਬੈ ਤਨ ਮੈ।
ਗਿਰ ਤੇ ਉਤਰੀ ਦਲ ਬੈਰਨ ਕੇ,
ਪਰ ਯੋ ਉਪਮਾ ਉਪਜੀ ਮਨ ਮੈ।
ਨਭ ਤੇ ਬਹਰੀ ਲਖਿ ਛੂਟ ਪਰੀ,
ਜਨੁ ਕੂਕ ਕੁਲੰਗਨ ਕੇ ਗਨ ਮੈ। ੧੧੦
ਚੰਡ ਕੁਵੰਡ ਤੇ ਬਾਨ ਛੁਟੇ,
ਇਕ ਤੇ ਦਸ, ਸਉ ਤੇ ਸਹੰਸ ਤੱਹ ਬਾਢੇ।
ਲੱਛਕੁ ਹੁਇ ਕਰਿ ਜਾਇ ਲਗੇ,
ਤਨ ਦੈਤਨ ਮਾਂਝ ਰਹੇ ਗਡਿ ਗਾਢੇ।
ਕੋ ਕਵਿ ਤਾਹਿ ਸਰਾਹ ਕਰੈ,
ਅਤਿਸੈ, ਉਪਮਾ ਜੁ ਭਈ ਬਿਨੁ ਕਾਢੇ।
ਫਾਗੁਨਿ ਪਉਨ ਕੇ ਗਉਨ ਭਏ ਜਨੁ,
ਪਾਤੁ ਬਿਹੀਨ ਰਹੇ ਤਰੁ ਠਾਢੇ। ੧੧੧

ਸ੍ਵੈਯਾ

ਮੁੰਡ ਲਈ ਕਰਵਾਰ ਹਕਾਰ ਹੈ; ਕੇਹਰਿ ਕੇ ਅੰਗ ਅੰਗ ਪ੍ਰਹਾਰੇ।
ਫਿਰ ਦਈ ਤਨ ਦਉਰ ਕੇ ਗਉਰਿ ਕੋ,
ਘਾਇਲ ਕੈ ਨਿਕਸੀ ਅੰਗ ਧਾਰੇ।
ਸ੍ਰਉਨ ਭਰੀ ਥਹਰੈ ਕਰਿ ਦੈਤ ਕੇ,
ਕੋ ਉਪਮਾ ਕਵਿ ਅਉਰ ਬਿਚਾਰੇ।
ਪਾਨ ਗੁਮਾਨ ਸੋ ਖਾਇ ਅਘਾਇ ਮਨੋ
ਜਮੁ ਆਪੁਨੀ ਜੀਭ ਨਿਹਾਰੇ। ੧੧੨
ਘਾਉ ਕੈ ਦੈਤ ਚਲਿਓ ਜਬ ਹੀ;
ਤਬ ਦੇਵੀ ਨਿਖੰਗ ਤੇ ਬਾਨ ਸੁ ਕਾਢੇ।
ਕਾਨ ਪ੍ਰਮਾਨ ਲਉ ਖੈਂਚ ਕਮਾਨ,
ਚਲਾਵਤ ਏਕ ਅਨੇਕ ਹੁਇ ਬਾਢੇ।
ਮੁੰਡ ਲੈ ਢਾਲ ਦਈ ਮੁਖ ਓਟਿ;
ਧਸੇ ਤਿਹ ਮੱਧਿ ਰਹੇ ਗਡਿ ਗਾਢੇ।
ਮਾਨਹੁ ਕੂਰਮ ਪੀਠ ਪੈ ਨੀਠ ਭਏ ਹੈ,
ਸਹਸ ਫਨਿ ਕੇ ਫਨ ਠਾਢੇ। ੧੩੩
ਸਿੰਘਹਿ ਪ੍ਰੇਰ ਕੈ ਆਗੈ ਭਈ;

ਕਰਿ ਮੈ ਅਸਿ ਲੈ ਬਰ ਚੰਡ ਸੰਭਾਰਿਓ।
ਮਾਰਿ ਕੈ ਧੂਰਿ ਕੀਏ ਚਕਚੂਰ,
ਗਿਰੇ ਅਰਿ ਪੂਰ ਮਹਾਂ ਰਨ ਪਾਰਿਓ।
ਫੇਰਿ ਕੈ ਘੇਰਿ ਲਇਓ ਰਨ ਮਾਹਿ,
ਸੁ ਮੁੰਡ ਕੋ ਮੁੰਡ ਜੁਦਾ ਕਰਿ ਮਾਰਿਓ।
ਐਸੇ ਪਰਿਓ ਧਰਿ ਊਪਰ ਜਾਇ;
ਜਿਉ ਬੇਲਹਿ ਤੇ ਕਦੂਆ ਕਟਿ ਡਾਰਿਓ। ੧੧੪

ਸ੍ਵੈਯਾ

ਸਿੰਘ ਚੜ੍ਹੀ ਮੁਖ ਸੰਖ ਬਜਾਵਤ,
ਜਿਉ ਘਨ ਮੈ ਤੜਤਾਦੁਤਿ ਮੰਡੀ।
ਚਕ੍ਰ ਚਲਾਇ ਗਿਰਾਇ ਦਇਓ ਅਰਿ,
ਭਾਜਤ ਦੈਤ ਬਢੇ ਬਰਬੰਡੀ।
ਭੂਤ ਪਿਸਾਚਨਿ ਮਾਸ ਅਹਾਰ;
ਕਰੈ ਕਿਲਕਾਰ ਖਿਲਾਰ ਕੈ ਝੰਡੀ।
ਮੁੰਡ ਕੋ ਮੁੰਡ ਉਤਾਰ ਦਇਓ,
ਅਬ ਚੰਡ ਕੋ ਹਾਥ ਲਗਾਵਤ ਚੰਡੀ। ੧੧੫

ਸ੍ਵੈਯਾ

ਮੁੰਡ ਮਹਾਂ ਰਨ ਮੱਧਿ ਹਨਿਓ; ਫਿਰ ਕੈ ਬਰ ਚੰਡਿ ਤਬੈ ਇਹ ਕੀਨੋ।
ਮਾਰਿ ਬਿਦਾਰ ਦਈ ਸਭ ਸੈਣ ਸੁ;
ਚੰਡਿਕਾ ਚੰਡ ਸੋ ਆਹਵ ਕੀਨੋ।
ਲੈ ਬਰਛੀ ਕਰ ਮੈ ਅਰਿ ਕੋ ਸਿਰ ਕੈ
ਬਰੁ ਮਾਰਿ ਜੁਦਾ ਕਰਿ ਦੀਨੋ।
ਲੈ ਕੈ ਮਹੇਸ ਤ੍ਰਿਸੂਲ ਗਨੇਸ਼ ਕੋ;
ਰੁੰਡ ਕੀਓ ਜਨੁ ਮੁੰਡ ਬਿਹੀਨੋ। ੧੧੬

ਇਤਿ ਸ੍ਰੀ ਬਿਚਿੱਤ੍ਰ ਨਾਟਕੇ, ਸ੍ਰੀ ਚੰਡੀ ਚਰਿਤ੍ਰੇ ਚੰਡ ਮੁੰਡ ਬਧਹਿ,
ਚਤ੍ਰਥ ਧਯਾਇ।
ਸਮਾਪਤਮਸਤੁ ਸੁਭੰ ਮਸਤੁ।। ੪

ਸੋਰਠਾ

ਘਾਇਲ ਘੂਮਤ ਕੋਟਿ; ਜਾਇ ਪੁਕਾਰੇ ਸੁੰਭ ਪੈ।
ਮਾਰੇ ਦੇਵੀ ਘੋਟਿ; ਸੁਭਟ ਕਟਕ ਕੇ ਬਿਕਟ ਅਤਿ। ੧੧੭

ਦੋਹਰਾ

ਰਾਜ ਗਾਤ ਕੇ ਬਾਤਿ ਇਹ ਕਹੀ ਜੁ ਤਾਹੀ ਠਉਰ।

ਮਰਿ ਹੋ ਜੀਅਤਿ ਨ ਛਾਡਿ ਹੋ, ਕਹਿਓ ਸਤਿ ਨਹਿ ਅਉਰ। ੧੧੮
ਤੁੰਡ ਸੁੰਭ ਕੇ ਚੰਡਿਕਾ, ਚਢਿ ਬੋਲੀ ਇਹ ਭਾਇ।
ਮਾਨੋ ਅਪਨੀ ਮ੍ਰਿਤ ਕੋ, ਲੀਨੋ ਅਸੁਰ ਬੁਲਾਇ। ੧੧੯

ਦੋਹਰਾ

ਸੁੰਭ ਨਿਸੁੰਭ ਸੁ ਦੁਹੂੰ ਮਿਲ, ਬੈਠਿ ਮੰਤ੍ਰ ਤਬ ਕੀਨ।
ਸੈਨਾ ਸਕਲ ਬੁਲਾਇ ਕੈ ਸੁਭਟ ਬੀਰ ਚੁਨ ਲੀਨ। ੧੨੦
ਰਕਤਬੀਜ ਕੌ ਭੇਜੀਏ, ਮੰਤ੍ਰਨ ਕਹੀ ਬਿਚਾਰ।
ਪਾਥਰ ਜਿਉ ਗਿਰਿ ਡਾਰ ਕੇ, ਚੰਡਹਿ ਹਨੈ ਹਕਾਰਿ। ੧੨੧

ਸੋਰਠਾ

ਭੇਜੋ ਕੋਊ ਦੂਤ, ਗ੍ਰਹ ਤੇ ਲਿਆਵੈ ਤਾਹਿ ਕੋ।
ਜੀਤਿਓ ਜਿਨਿ ਪੁਰਹੂਤ ਭੁਜਬਲਿ ਜਾਕੇ ਅਮਿਤ ਹੈ। ੧੨੨

ਦੋਹਰਾ

ਸ੍ਰੋਣਤ ਬਿੰਦ ਪੈ ਦੈਤ ਇੱਕੁ ਗਇਓ ਕਰੀ ਅਰਦਾਸਿ।
ਰਾਜ ਬੁਲਾਵਤ ਸਭਾ ਮੈ, ਬੇਗ ਚਲੋ ਤਿਹ ਪਾਸ। ੧੨੩
ਰਕਤ ਬੀਜ ਨ੍ਰਿਪ ਸੁੰਭ ਕੋ, ਕੀਨੋ ਆਨਿ ਪ੍ਰਨਾਮ।
ਅਸੁਰ ਸਭਾ ਮਧਿ ਭਾਉ ਕਰਿ, ਕਹਿਓ ਕਰਹੁ ਮਮ ਕਾਮ। ੧੨੪

ਸ੍ਵੈਯਾ

ਸ੍ਰਉਣਤ ਬਿੰਦ ਕੋ ਸੁੰਭ ਨਿਸੁੰਭ, ਬੁਲਾਇ ਬੈਠਾਇ ਕੈ ਆਦਰੁ ਕੀਨੋ।
ਦੈ ਸਿਰਤਾਜ ਬਡੇ ਗਜਰਾਜ ਸੁ ਬਾਜ ਦਏ ਰਿਝਵਾਇ ਕੈ ਲੀਨੋ।
ਪਾਨ ਲੈ ਦੈਤ ਕਹੀ ਇਹ ਚੰਡ ਕੋ, ਰੁੰਡ ਕਰੌ ਅਬ ਮੁੰਡ ਬਿਹੀਨੋ।
ਐਸੇ ਕਹਿਓ ਤਿਨ ਮਧਿ ਸਭਾ ਨ੍ਰਿਪ
ਰੀਝ ਕੈ ਮੇਘ ਅੰਡਬਰ ਦੀਨੋ। ੧੨੫
ਸ੍ਰੋਣਤ ਬਿੰਦ ਕੌ ਸੁੰਭ ਨਿਸੁੰਭ;
ਕਹਿਓ 'ਤੁਮ ਜਾਹੁ ਮਹਾ ਦਲੁ ਲੈ ਕੈ'।
ਛਾਰ ਕਰੋ ਗਰੂਏ ਗਿਰ ਰਾਜਹਿ;
ਚੰਡਿ ਪਚਾਰਿ ਹਨੌ ਬਲੁ ਕੈ ਕੈ।
ਕਾਨਨ ਮੈ ਨ੍ਰਿਭ ਕੀ ਸੁਨੀ ਬਾਤ,
ਰਿਸਾਤ ਚਲਿਓ ਚਢਿ ਊਪਰ ਗੈ ਕੈ
ਮਾਨੋ ਪ੍ਰਤੱਛ ਹੋਇ ਅੰਤਕ ਦੰਤਿ ਕੋ;
ਲੈ ਕੈ ਚਲਿਓ ਰਨਿ ਖੇਤ ਜੁ ਛੈ ਕੈ। ੧੨੬

ਸ੍ਵੈਯਾ

ਬੀਜ ਰਕਤ੍ਰ ਸੁ ਬੰਬ ਬਜਾਇ ਕੈ, ਆਗੈ ਕੀਏ ਗਜ ਬਾਜ ਰਥਈਆ।
ਏਕ ਤੇ ਏਕ ਮਹਾਂ ਬਲਿ ਦਾਨਵ, ਮੇਰ ਕੋ ਪਾਇਨ ਸਾਥ ਮਥਈਆ।
ਦੇਖਿ ਤਿਨੈ ਸੁਭ ਅੰਗ ਸੁ ਦੀਰਘ
ਕਉਚ ਸਜੇ ਕਟਿ ਬਾਂਧਿ ਭਥਈਆ।
ਲੀਨੇ ਕਮਾਨਨ ਬਾਨ ਕ੍ਰਿਪਾਨ,
ਸਮਾਨ ਕੈ ਸਾਥ ਲਏ ਜੁ ਸਥਈਆ। ੧੨੭

ਦੋਹਰਾ

ਰਕਤ ਬੀਜ ਦਲ ਸਾਜ ਕੈ, ਉਤਰੇ ਤਟਿ ਗਿਰਿ ਰਾਜ।
ਸ੍ਰਵਣਿ ਕੁਲਾਹਲ ਸੁਨਿ ਸ਼ਿਵਾ ਕਰਿਓ ਜੁੱਧ ਕੋ ਸਾਜ। ੧੨੮

ਸੋਰਠਾ

ਹੁਇ ਸਿੰਘਹਿ ਅਸਵਾਰ, ਗਾਜ ਗਾਜ ਕੈ ਚੰਡਿਕਾ।
ਚਲੀ ਪ੍ਰਬਲ ਅਸਿ ਧਾਰਿ, ਰਕਤਿ ਬੀਜ ਕੇ ਬਧ ਨਮਿੱਤ। ੧੨੯

ਸ੍ਵੈਯਾ

ਆਵਤ ਦੇਖ ਕੈ ਚੰਡਿ ਪ੍ਰਚੰਡ ਕੋ ਸ੍ਰੋਣਤਬਿੰਦ ਮਹਾਂ ਹਰਖਿਓ ਹੈ।
ਆਗੈ ਹ੍ਵੈ ਸਤ੍ਰ ਧਰੇ ਰਨ ਮੱਧਿ,
ਸੁ ਕ੍ਰੁੱਧ ਕੈ ਜੁੱਧਹਿ ਕੋ ਸਰਖਿਓ ਹੈ।
ਲੈ ਉਮਡਿਓ ਦਲੁ ਬਾਦਲੁ ਸੋ,
ਕਵਿ ਨੇ ਜਸੁ ਇਆ ਛਬਿ ਕੋ ਪਰਖਿਓ ਹੈ।
ਤੀਰ ਚਲੇ ਇਮ ਬੀਰਨ ਕੇ,
ਬਹੁ ਮੇਘ ਮਨੋ ਬਲੁ ਕੈ ਬਰਖਿਓ ਹੈ। ੧੩੦

ਸ੍ਵੈਯਾ-

ਬੀਰਨ ਕੇ ਕਰ ਤੇ ਛੁਟਿ ਤੀਰ,
ਸਰੀਰਨ ਚੀਰ ਕੈ ਪਾਰਿ ਪਰਾਨੇ।
ਤੋਰ ਸਰਾਸਨ ਫੋਰ ਕੈ ਕਉਚਨ,
ਮੀਨਨ ਕੇ ਰਿਪੁ ਜਿਉ ਥਹਰਾਨੇ।
ਘਾਉ ਲਗੋ ਤਨ ਚੰਡਿ ਅਨੇਕ ਸੁ.
ਸ੍ਰਉਣ ਚਲਿਓ ਬਹਿ ਕੈ ਸਰਤਾਨੇ।
ਮਾਨਹੁ ਫਾਰਿ ਪਹਾਰ ਹੂੰ ਕੋ ਸਤ. ਤਛਕ ਕੇ ਨਿਕਸੇ ਕਰਬਾਨੇ। ੧੩੧
ਬੀਰਨ ਕੇ ਕਰ ਤੇ ਛੁਟਿ ਤੀਰ ਸੁ.
ਚੰਡਿਕਾ ਸਿੰਘਨ ਜਿਓ ਭਭਕਾਰੀ।

ਲੈ ਕਰਿ ਬਾਨ ਕਮਾਨ ਕ੍ਰਿਪਾਨ ਗਦਾ
ਗਹਿ ਚਕ੍ਰ ਛੁਰੀ ਅਉ ਕਟਾਰੀ।
ਕਾਟ ਕੈ ਦਾਮਨ ਛੇਦ ਕੈ ਭੇਦ ਕੈ,
ਸਿੰਧੁਰ ਕੀ ਕਰੀ ਭਿੰਨ ਅੰਬਾਰੀ।
ਮਾਨਹੁ ਆਗ ਲਗਾਇ ਹਨੂ ਗੜ ਲੰਕ,
ਅਵਾਸ ਕੀ ਡਾਰੀ ਅਟਾਰੀ। ੧੩੨
ਤੋਰ ਕੈ ਮੋਰ ਕੈ ਦੈਤਨ ਕੇ ਮੁਖ ਘੋਰ,
ਕੈ ਚੰਡਿ ਮਹਾ ਅਸਿ ਲੀਨੋ।
ਜੋਰ ਕੈ ਕੋਰ ਕੈ ਠੋਰ ਕੈ ਬੀਰ,
ਸੁ ਰਾਛਸ ਕੋ ਹਤਿ ਕੈ ਤਿਹ ਤੀਨੋ।
ਖੋਰ ਕੈ ਤੋਰ ਕੈ ਬੋਰ ਕੈ ਦਾਨਵ,
ਲੈ ਤਿਨ ਕੇ ਕਰੇ ਹਾਡ ਚਬੀਨੋ।
ਸ੍ਰਉਣ ਕੋ ਪਾਨ ਕਰਿਓ ਜਿਉਂ ਦਵਾਹਰਿ;
ਸਾਗਰ ਕੋ ਜਲ ਜਿਉ ਰਿਖਿ ਪੀਨੋ। ੧੩੩

ਸ੍ਵੈਯਾ

ਚੰਡਿ ਪ੍ਰਚੰਡ ਕੁਵੰਡ ਕਰੰ ਗਹਿ
ਜੁੱਧ ਕਰਿਓ ਨ ਗਨੇ ਭਟ ਆਨੇ।
ਮਾਰਿ ਦਈ ਸਭ ਦੈਤ ਚਮੂੰ,
ਤਿਹ ਸ੍ਰਉਣਤ ਜੰਬੁਕ ਗ੍ਰਿਝ ਅਘਾਨੇ।
ਭਾਲ ਭਇਆਨਕ ਦੇਖਿ ਭਵਾਨੀ ਕੋ,
ਦਾਨਵ ਇਉਂ ਰਨ ਛਾਡਿ ਪਰਾਨੇ।
ਪਉਨ ਕੇ ਗਉਨ ਕੇ ਤੇਜ ਪ੍ਰਤਾਪ ਤੇ,
ਪੀਪਰ ਕੇ ਜਿਉ ਪਾਤ ਉਡਾਨੇ। ੧੩੪

ਸ੍ਵੈਯਾ

ਆਹਵ ਮੈ ਖਿਝ ਕੈ ਬਰਚੰਡ
ਕਰੰ ਧਰ ਕੈ ਹਰਿ ਪੈ ਅਰਿ ਮਾਰੇ।
ਏਕਨ ਤੀਰਨ ਚਕ੍ਰ ਗਦਾ ਹਤਿ,
ਏਕਨ ਕੇ ਤਨ ਕੇਹਰਿ ਫਾਰੇ।
ਹੈ ਦਲ ਗੈ ਦਲ ਪੈਦਲ ਘਾਇ ਕੈ,
ਮਾਰ ਰਥੀ ਬਿਰਥੀ ਕਰ ਡਾਰੇ।
ਸਿੰਧੁਰ ਐਸੇ ਪਰੇ ਤਿਹ ਠਉਰ,
ਜਿਉ ਭੂਮ ਮੈ ਭੂਮਿ ਗਿਰੇ ਗਿਰ ਭਾਰੇ। ੧੩੫

ਦੋਹਰਾ

ਰਕਤ ਬੀਜ ਕੀ ਚਮੂੰ ਸਭ ਭਾਗੀ ਕਰਿ ਤਿਹ ਤ੍ਰਾਸ।
ਕਹਿਓ ਦੈਤ ਪੁਨਿ ਘੇਰ ਕੈ, "ਕਰੋ ਚੰਡਿ ਕੋ ਨਾਸ਼"। ੧੩੬

ਸ੍ਵੈਯਾ

ਕਾਨਨ ਮੈ ਸੁਨ ਕੇ ਇਹ ਬਾਤ,
ਸੁ ਬੀਰ ਫਿਰੇ ਕਰ ਮੈ ਅਸਿ ਲੈ ਲੈ।
ਚੰਡਿ ਪ੍ਰਚੰਡ ਸੋ ਜੁੱਧੁ ਕਰਿਓ,
ਬਲਿ ਕੈ ਅਤ ਹੀ ਮਨ ਕ੍ਰੁਧਤ ਹ੍ਵੈਕੈ।
ਘਾਉ ਲਗੈ ਤਿਨ ਕੇ ਤਨ ਮੈ ਇਮ,
ਸ੍ਰਉਣ ਗਿਰਿਓ ਧਰਨੀ ਪਰੁ ਚੁਐ ਕੈ।
ਆਗ ਲਗੇ ਜਿਮੁ ਕਾਨਨ ਮੈ ਤਿਨ;
ਤਿਉਂ ਰਹੀ ਬਾਨਨ ਕੀ ਧੁਨਿ ਹ੍ਵੈ ਕੈ। ੧੩੭

ਸ੍ਵੈਯਾ

ਆਇਸ ਪਾਇ ਕੈ ਦਾਨਵ ਕੋ ਦਲ,
ਚੰਡਿ ਕੇ ਸਾਮੁਹੇ ਆਇ ਅਰਿਓ ਹੈ।
ਢਾਰ ਅਉ ਸਾਂਗ ਕ੍ਰਿਪਾਨਨਿ ਲੈ,
ਕਰ ਮੈ ਬਰ ਬੀਰਨ ਜੁੱਧ ਕਰਿਓ ਹੈ।
ਫੇਰ ਫ਼ਿਰੇ ਨਹਿ ਆਹਵ ਤੇ,
ਮਨ ਮਹਿ ਤਿਹ ਧੀਰਜ ਗਾਢੋ ਧਰਿਓ ਹੈ।
ਰੋਕ ਲਈ ਚਹੂੰ ਓਰ ਤੇ ਚੰਡਿ,
ਸੁ ਭਾਨ ਮਨੋ ਪਰਬੇਖ ਪਰਿਓ ਹੈ। ੧੩੮
ਕੋਪ ਕੈ ਚੰਡਿ ਪ੍ਰਚੰਡ ਕੁਵੰਡ,
ਮਹਾਂ ਬਲ ਕੈ ਬਲਵੰਡ ਸੰਭਾਰਿਓ।
ਦਾਮਿਨਿ ਜਿਉ ਘਨ ਸੇ ਦਲ ਪੈਠ ਕੈ,
ਕੈ ਪੁਰਜੇ ਪੁਰਜੇ ਦਲੁ ਮਾਰਿਓਂ।
ਬਾਨਨਿ ਸਾਥ ਬਿਦਾਰ ਦਏ ਅਰਿ,
ਤਾਛਬਿ ਕੋ ਕਵਿ ਭਾਉ ਬਿਚਾਰਿਓ।
ਸੂਰਜ ਕੀ ਕਿਰਨੇ ਸਰਮਾਸਹਿ,
ਰੇਨ ਅਨੇਕ ਤਹਾਂ ਕਰਿ ਡਾਰਿਓ। ੧੩੯

ਸ੍ਵੈਯਾ

ਚੰਡਿ ਚਮੂੰ ਬਹੁ ਦੈਤਨ ਕੀ ਹਤਿ, ਫੇਰਿ ਪ੍ਰਚੰਡ ਕੁਵੰਡ ਸੰਭਾਰਿਓ।
ਬਾਨਨ ਸੋ ਦਲ ਫੇਰ ਦਇਓ; ਬਲ ਕੈ ਬਰ ਸਿੰਘ ਮਹਾ ਭਭਕਾਰਿਓ।

ਮਾਰ ਦਏ ਸਿਰਦਾਰ ਬਡੇ ਧਰਿ ਸ੍ਰਉਣ ਬਹਾਇ ਬਡੋ ਰਨ ਪਾਰਿਓ।
ਏਕ ਕੇ ਸੀਸ ਦਇਓ ਧਨੁ ਯੌਂ,
ਜਨੁ ਕੋਪ ਕੈ ਗਾਜ ਨੇ ਮੰਡਪ ਮਾਰਿਓ। ੧੪੦

ਦੋਹਰਾ

ਚੰਡਿ ਚਮੂੰ ਸਭ ਦੈਤ ਕੀ; ਐਸੇ ਦਈ ਸੰਘਾਰਿ।
ਪਉਨ ਪੂਤ ਜਿਉਂ ਲੰਕ ਕੋ, ਡਾਰਿਓ ਬਾਗ ਉਖਾਰਿ। ੧੪੧

ਸ੍ਵੈਯਾ

ਗਾਜ ਕੈ ਚੰਡਿ ਮਹਾਬਲਿ ਮੇਘ ਸੀ;
ਬੂੰਦਨ ਜਿਉ ਅਰਿ ਪੈ ਸਰ ਡਾਰੇ।
ਦਾਮਿਨਿ ਸੋ ਖਗ ਲੈ ਕਰਿ ਮੈ;
ਬਹੁ ਬੀਰ ਅੰਧ ਧਰ ਕੈ ਧਰਿ ਮਾਰੇ।
ਘਾਇਲ ਘੂਮ ਪਰੇ ਤਿਹ ਇਉਂ ਉਪਮਾ
ਮਨ ਮੈ ਕਵਿਯੋ ਅਨੁਸਾਰੇ।
ਸ੍ਰਉਨ ਪ੍ਰਵਾਹ ਮਨੋ ਸਰਤਾ,
ਤਿਹ ਮਧਿ ਧਸੀ ਕਰਿ ਲੋਥ ਕਰਾਰੇ। ੧੪੨
ਐਸੇ ਪਰੇ ਧਰਨੀ ਪਰ ਬੀਰ ਸੁ;
ਕੈ ਕੈ ਦੁਖੰਡ ਜੁ ਚੰਡਿਹਿ ਡਾਰੇ।
ਲੋਥਨ ਉਪਰ ਲੋਥ ਗਿਰੀ;
ਬਹਿ ਸ੍ਰਉਣ ਚਲਿਓ ਜਨੁ ਕੋਟ ਪਨਾਰੇ।
ਲੈ ਕਰਿ ਬਿਯਾਲ ਸੋ ਬਿਯਾਲ ਬਜਾਵਤ,
ਸੋ ਉਪਮਾ ਕਵਿ ਯੋ ਮਨਿ ਧਾਰੇ।
ਮਾਨੋ ਮਹਾਂ ਪ੍ਰਲਏ ਬਹੇ ਪਉਨ ਸੋ
ਆਪਸਿ ਮੈ ਭਿਰ ਹੈਂ ਗਿਰਿ ਭਾਰੇ। ੧੪੩

ਸ੍ਵੈਯਾ

ਲੈ ਕਰ ਮੈ ਅਸਿ ਦਾਰੁਨ ਕਾਮ ਕਰੇ,
ਰਨ ਮੈ ਅਰਿ ਸੋ ਅਰਿਣੀ ਹੈ।
ਸੂਰ ਹਨੇ ਬਲਿ ਕੈ ਬਲੁਵਾਨ ਸੁ,
ਸ੍ਰਉਨ ਚਲਿਓ ਬਹਿ ਬੈਤਰਨੀ ਹੈ।
ਬਾਹ ਕਟੀ ਅਧਬੀਚ ਤੇ ਸੁੰਡ ਸੀ;
ਸੋ ਉਪਮਾ ਕਵਿ ਨੇ ਬਰਨੀ ਹੈ।
ਆਪਸਿ ਮੈ ਲਰ ਕੈ ਸੁ ਮਨੋ;
ਗਿਰਿ ਤੇ ਗਿਰੀ ਸਰਪ ਕੀ ਦੁਇ ਘਰਨੀ ਹੈ। ੧੪੪

ਦੋਹਰਾ

ਸਕਲ ਪ੍ਰਬਲ ਦਲ ਦੈਤ ਕੋ, ਚੰਡੀ ਦਇਓ ਭਜਾਇ।
ਪਾਪ ਤਾਪ ਹਰਿ ਜਾਪ ਤੇ, ਜੈਸੇ ਜਾਤ ਪਰਾਇ। ੧੪੫

ਸ੍ਵੈਯਾ

ਭਾਨੁ ਤੇ ਜਿਉ ਤਮ, ਪਉਨ ਤੇ ਜਿਉ ਘਨੁ,
ਮੋਰ ਤੇ ਜਿਉ ਫਨਿ ਤਿਉ ਸੁਕਚਾਨੇ।
ਸੂਰ ਤੇ ਕਾਤੁਰ, ਕੂਰ ਤੇ ਚਾਤੁਰ,
ਸਿੰਘ ਤੇ ਸਾਤੁਰ ਏਣਿ ਡਰਾਨੇ।
ਸੂਮ ਤੇ ਜਿਉ ਜਸੁ, ਬਿਓਗ ਤੇ ਜਿਉ ਰਸੁ,
ਪੂਤ ਕਪੂਤ ਤੇ ਜਿਉ' ਬੰਸੁ ਹਾਨੇ।
ਧਰਮ ਜਿਉ' ਕ੍ਰੁੱਧ ਤੇ ਭਰਮ ਸੁਬੁੱਧ ਤੇ,
ਚੰਡ ਕੇ ਜੁੱਧ ਤੇ ਦੈਤ ਪਰਾਨੇ। ੧੪੬
ਫੇਰ ਫਿਰੇ ਸਭ ਜੁੱਧ ਕੇ ਕਾਰਨ,
ਲੈ ਕਰਵਾਨ ਕ੍ਰੁੱਧ ਹੁਇ ਧਾਏ।
ਏਕ ਲੈ ਬਾਨ ਕਮਾਨਨ ਤਾਨ ਕੈ,
ਤੂਰਨ ਤੇਜ ਤੁਰੰਗ ਤੁਰਾਏ।
ਧੂਰਿ ਉਡੀ ਖੁਰ ਪੂਰਨ ਤੇ ਪਥ
ਊਰਧ ਹੁਇ ਰਵਿ ਮੰਡਲ ਛਾਏ।
ਮਾਨਹੁ ਫੇਰ ਰਚੇ ਬਿਧਿ ਲੋਕ,
ਧਰਾ ਖਟ ਆਠ ਅਕਾਸ਼ ਬਨਾਏ। ੧੪੭
ਚੰਡ ਪ੍ਰਚੰਡ ਕੁਵੰਡ ਲੈ ਬਾਨਨਿ
ਦੈਤਨ ਕੇ ਤਨ ਤੂਲਿ ਜਿਉ ਤੂੰਬੇ।
ਮਾਰ ਗੁਇੰਦ ਦਏ ਕਰਵਾਰ ਲੈ,
ਦਾਨਵ ਮਾਨ ਗਇਓ ਉਡ ਪੂੰਬੇ।
ਬੀਰਨ ਕੇ ਸਿਰ ਕੀ ਸਿਤ ਪਾਗ,
ਚਲੀ ਬਹਿ ਸ੍ਰੋਨਤ ਉਪਰ ਖੂੰਬੇ।
ਮਾਨਹੁ ਸਾਰਸੁਤੀ ਤੇ ਪ੍ਰਵਾਹ ਮੈ,
ਸੂਰਨ ਕੇ ਜਸ ਕੇ ਉਠੇ ਬੂੰਬੇ। ੧੪੮

ਸ੍ਵੈਯਾ

ਦੈਤਨ ਸਾਖ ਗਦਾ ਗਹਿ ਹਾਥਿ,
ਸੁ ਕ੍ਰੁੱਧ ਹ੍ਵੈ ਜੁੱਧੁ ਨਿਸੰਗ ਕਰਿਓ ਹੈ।
ਪਾਨਿ ਕ੍ਰਿਪਾਨ ਲਏ ਬਲਵਾਨ,
ਸੁ ਮਾਰ ਤਬੈ ਦਲ ਛਾਰ ਕਰਿਓ ਹੈ।

ਪਾਗ ਸਮੇਤ ਗਿਰਿਓ ਸਿਰ ਏਕ ਕੋ
ਭਾਉ ਇਹੇ ਕਬਿ ਤਾ ਕੋ ਧਰਿਓ ਹੈ।
ਪੂਰਨਿ ਪੁੰਨ ਭਏ ਨਭ ਤੇਸੁ ਮਨੋ
ਭੂਅ ਟੂਟਿ ਨਛੱਤ੍ਰ ਪਰਿਓ ਹੈ। ੧੪੯
ਬਾਰਿਦ ਬਾਰਨ ਜਿਉਂ ਨਿਰਵਾਰਿ,
ਮਹਾਂ ਬਲ ਧਾਰਿ ਤਬੇ ਇਹ ਕੀਆ।
ਪਾਨਿ ਲੈ ਬਾਨ ਕਮਾਨ ਕੋ ਤਾਨਿ,
ਸੰਘਾਰ ਸਨੇਹ ਤੇ ਸ੍ਰਉਨਤ ਪੀਆ।
ਏਕ ਗਏ ਕੁਮਲਾਇ ਪਰਾਇ ਕੈ,
ਏਕਨ ਕੋ ਧਰਕਿਓ ਤਨਿ ਹੀਆ।
ਚੰਡ ਕੋ ਬਾਨ ਕਿਧੋ ਕਰ ਭਾਨਹਿ,
ਦੇਖਿ ਕੈ ਦੈਤ ਗਈ ਦੁਤਿ ਦੀਆ। ੧੫੦
ਲੈ ਕਰ ਮੈ ਅਸਿ ਕੋਪ ਭਈ ਅਤਿ,
ਧਾਰ ਮਹਾਂ ਬਲ ਕੋ ਰਨ ਪਾਰਿਓ।
ਦਉਰ ਕੈ ਠਉਰ ਹਤੇ ਬਹੁ ਦਾਨਵ,
ਏਕ ਗਇੰਦ੍ਰ ਬਡੋ ਰਨਿ ਮਾਰਿਓ।
ਕਉਤਕਿ ਤਾ ਛਬਿ ਕੋ ਰਨ ਪੇਖਿ,
ਤਬੈ ਕਬਿ ਇਉ ਮਨ ਮਧਿ ਬਿਚਾਰਿਓ।
ਸਾਗਰ ਬਾਂਧਨ ਕੇ ਸਮਏਂ ਨਲ,
ਮਾਨੋ ਪਹਾਰ ਉਖਾਰ ਕੇ ਡਾਰਿਓ। ੧੫੧

ਦੋਹਰਾ

ਮਾਰ ਜਬੈ ਸੈਨਾ ਲਈ, ਤਬੈ ਦੈਤ ਇਹ ਕੀਨ।
ਸਸਤ੍ਰ ਧਾਰ ਕਰਿ ਚੰਡਿ ਕੇ, ਬਧਿਬੇ ਕੋ ਮਨ ਦੀਨ। ੧੫੨

ਸ੍ਵੈਯਾ

ਬਾਹਨਿ ਸਿੰਘ ਭਇਆਨਕ ਰੂਪ,
ਲਖਿਓ ਸਭ ਦੈਤ ਮਹਾਂ ਡਰ ਪਾਇਓ।
ਸੰਖ ਲੀਏ ਕਰਿ ਚੱਕ੍ਰ ਅਉ ਬਕ੍ਰ ਸਰਾਸਨ
ਪੱਤ੍ਰ ਬਿਚਿਤ੍ਰ ਬਨਾਇਓ।
"ਧਾਇ ਭੂਜਾ ਬਲ ਆਪਨ ਹ੍ਵੈ ਹਮ ਸੋ,
ਤਿਨ ਅਤਿ ਜੁੱਧੁ ਮਚਾਇਓ।
ਕ੍ਰੁੱਧ ਕੈ ਸ੍ਰਉਣਤ ਬਿੰਦ ਕਹੈ: ਰਨਿ,
ਇਆ ਹੀ ਤੇ ਚੰਡਿਕਾ ਨਾਮ ਕਹਾਇਓ। ੧੫੩
ਮਾਰਿ ਲਇਓ ਦਲਿ ਅਉਰ ਭਜਿਓ

ਤਬ ਕੋਪ ਕੈ ਆਪਨ ਹੀ ਸੁ ਭਿਰਿਓ ਹੈ।
ਚੰਡਿ ਪ੍ਰਚੰਡਿ ਸੋ ਜੁੱਧੁ ਕਰਿਓ,
ਅਸਿ ਹਾਥਿ ਛੁਟਿਓ ਮਨ ਨਾਹਿ ਗਿਰਿਓ ਹੈ।
ਲੈ ਕੈ ਕੁਵੰਡ ਕਰੰ ਬਲ ਧਾਰ ਕੈ,
ਸ੍ਰੋਨ ਸਮੂਹ ਮੈ ਐਸੇ ਤਰਿਓ ਹੈ।
ਦੇਵ ਅਦੇਵ ਸਮੁੰਦ੍ਰ ਮਥਿਓ,
ਮਾਨੋ ਮੇਰੁ ਕੋ ਮਧਿ ਧਰਿਓ ਸੁ ਫਿਰਿਓ ਹੈ। ੧੫੪
ਕ੍ਰੁਧ ਕੈ ਜੁੱਧ ਕੋ ਦੈਤ ਬਲੀ ਨਦ,
ਸ੍ਰੋਨ ਕੋ ਤੈਰ ਪਾਰ ਪਧਾਰਿਓ।
ਲੈ ਕਰਵਾਰ ਅਉ ਢਾਰ ਸੰਭਾਰ ਕੈ,
ਸਿੰਘ ਕੋ ਦਉਰ ਕੈ ਜਾਇ ਹਕਾਰਿਓ।
ਆਵਤ ਪੇਖ ਕੈ ਚੰਡਿ ਕੁਵੰਡ ਤੇ,
ਬਾਨ ਲਗਿਓ ਤਨ ਮੂਰਛ ਪਾਰਿਓ।
ਰਾਮ ਕੇ ਭ੍ਰਾਤਨ ਜਿਉਂ ਹਨੂਮਾਨ ਕੋ;
ਸੈਲ ਸਮੇਤ ਧਰਾ ਪਰ ਡਾਰਿਓ। ੧੫੫

ਸ੍ਵੈਯਾ

ਫੇਰ ਉਠਿਓ ਕਰਿ ਲੈ ਕਰਵਾਰ ਕੋ,
ਚੰਡ ਪ੍ਰਚੰਡ ਸਿਉ ਜੁੱਧ ਕਰਿਓ ਹੈ।
ਘਾਇਲ ਕੈ ਤਨ ਕੇਹਰ ਤੇ,
ਬਹਿ ਸ੍ਰਉਨ ਸਮੂਹ ਧਰਾਨਿ ਪਰਿਓ ਹੈ।
ਸੋ ਉਪਮਾ ਕਬਿ ਨੇ ਬਰਨੀ,
ਮਨ ਕੀ ਹਰਨੀ ਤਿਹ ਨਾਉ ਧਰਿਓ ਹੈ।
ਗੇਰੂ ਨਗੰ ਪਰ ਕੈ ਬਰਖਾ,
ਧਰਨੀ ਪਰਿ ਮਾਨਹੁ ਰੰਗ ਢਰਿਓ ਹੈ। ੧੫੬
ਸ੍ਰੋਣਤਬਿੰਦੁ ਸੋ ਚੰਡਿ ਪ੍ਰਚੰਡ,
ਸੁ ਜੁੱਧੁ ਕਰਿਓ ਰਨ ਮਧ ਰੁਹੇਲੀ।
ਪੈ ਦਲ ਮੈ ਦਲ ਮੀਜ ਦਇਓ,
ਤਿਲ ਤੇ ਜਿਮੁ ਤੇਲ ਨਿਕਾਰਤ ਤੇਲੀ।
ਸ੍ਰਉਣ ਪਰਿਓ ਧਰਨੀ ਪਰ ਚੈ
ਰੰਗਰੇਜ ਕੀ ਰੇਨੀ ਜਿਉ ਫੂਟ ਕੈ ਫੈਲੀ।
ਘਾਉ ਲਸੈ ਤਨ ਦੈਤ ਕੇ ਯੌ,
ਜਨੁ ਦੀਪਕ ਮਧਿ ਫਨੂਸ ਕੀ ਥੈਲੀ। ੧੫੭।
ਸ੍ਰਉਣਤ ਬਿੰਦ ਕੋ ਸ੍ਰਉਨ ਪਰਿਓ ਧਰਿ,
ਸ੍ਰਉਨਤ ਬਿੰਦ ਅਨੇਕ ਭਏ ਹੈ।

ਚੰਡਿ ਪ੍ਰਚੰਡ ਕੁਵੰਡਿ ਸੰਭਾਰਿ ਕੈ,
ਬਾਨਨ ਸਾਥਿ ਸੰਘਾਰ ਦਏ ਹੈ।
ਸ੍ਰਉਨ ਸਮੂਹ ਸਮਾਇ ਗਏ ਬਹੁਰੋ
ਸੁ ਭਏ ਹਤਿ ਫੇਰਿ ਲਏ ਹੈ।
ਬਾਰਿਦ ਧਾਰ ਪਰੈ ਧਰਨੀ ਮਾਨੋ,
ਬਿੰਬਰ ਹ੍ਵੈ ਮਿਟ ਕੈ ਜੁ ਹੋਇ ਹੈ। ੧੫੮

ਸ੍ਵੈਯਾ

ਜੇਤਕ ਸ੍ਰਉਨ ਕੀ ਬੂੰਦ ਗਿਰੈ ਰਨਿ,
ਤੇਤਕ ਸ੍ਰਉਨਤਬਿੰਦ ਹ੍ਵੈ ਆਈ।
ਮਾਰ ਹੀ ਮਾਰ ਪੁਕਾਰਿ ਹਕਾਰ ਕੈ,
ਚੰਡਿ ਪ੍ਰਚੰਡਿ ਕੇ ਸਾਮੁਹਿ ਧਾਈ।
ਪੇਖਿ ਕੈ ਕੌਤੁਕ ਤਾ ਛਿਨ ਮੈ
ਕਵਿ ਨੇ ਮਨ ਮੈ ਉਪਮਾ ਠਹਰਾਈ।
ਮਾਨਹੁ ਸੀਸ ਮਹੱਲ ਕੇ ਬੀਚ ਸੁ,
ਮੂਰਤਿ ਏਕ ਅਨੇਕ ਕੀ ਝਾਈ। ੧੫੯
ਸ੍ਰਉਨਤਬਿੰਦ ਅਨੇਕ ਉਠੇ ਰਨਿ,
ਕ੍ਰੁੱਧ ਕੈ ਜੁੱਧ ਕੋ ਫੇਰ ਜੁਟੇ ਹੈ।
ਚੰਡਿ ਪ੍ਰਚੰਡਿ ਕਮਾਨ ਤੇ ਬਾਨ ਸੁ,
ਭਾਨੁ ਕੀ ਅੰਸ਼ ਸਮਾਨ ਛੁਟੇ ਹੈ।
ਮਾਰਿ ਬਿਦਾਰ ਦਏ ਸੁ ਭਏ ਫਿਰਿ
ਲੈ ਮੂੰਗਰਾ ਜਿਮੁ ਧਾਨੁ ਕੁਟੇ ਹੈ।
ਚੰਡਿ ਦਏ ਸਿਰ ਖੰਡਿ ਜੁਦੇ ਕਰਿ,
ਬਿਲਨ ਤੇ ਜਨੁ ਬਿੱਲ ਤੁਟੇ ਹੈ। ੧੬੦
ਸ੍ਰਉਨਤ ਬਿੰਦ ਅਨੇਕ ਭਏ,
ਅਸਿ ਲੈ ਕਰਿ ਚੰਡਿ ਸੁ ਐਸੇ ਉਠੇ ਹੈ।
ਬੂੰਦਨ ਤੇ ਉਠਿ ਕੈ ਬਹੁ ਦਾਨਵ,
ਬਾਨਨ ਬਾਰਿਦ ਜਾਨੁ ਵੁਠੇ ਹੈ।
ਫੇਰਿ ਕੁਵੰਡਿ ਪ੍ਰਚੰਡਿ ਸੰਭਾਰ ਕੈ,
ਬਾਨ ਪ੍ਰਹਾਰ ਸਿੰਘਾਰ ਸੁਟੇ ਹੈ।
ਐਸੇ ਉਠੇ ਫਿਰਿ ਸ੍ਰਉਨ ਤੇ ਦੈਤ,
ਸੁ ਮਾਨਹੁ ਸੀਤ ਤੇ ਰੋਮ ਉਠੇ ਹੈ। ੧੬੧

ਸ੍ਵੈਯਾ

ਸ੍ਰਉਨਤਬਿੰਦ ਭਏ ਇਕਠੇ ਬਰ ਚੰਡਿ ਪ੍ਰਚੰਡ ਕੋ ਘੇਰਿ ਲਇਓ ਹੈ।

ਚੰਡਿ ਅਉ ਸਿੰਘ ਦੁਹੂੰ ਮਿਲ ਕੈ,
ਸਬ ਦੈਤਨ ਕੋ ਦਲ ਮਾਰ ਦਇਓ ਹੈ।
ਫੇਰਿ ਉਠੇ ਧੁਨਿ ਕੋ ਕਰਿ ਕੈ ਸੁਨਿ ਕੈ,
ਮੁਨਿ ਕੋ ਛੁਟਿ ਧਿਆਨੁ ਗਇਓ ਹੈ।
ਭੂਲ ਗਏ ਸੁਰ ਕੇ ਅਵਸਾਨ,
ਗੁਮਾਨ ਨ ਸ੍ਰਉਨਤਬਿੰਦ ਗਇਓ ਹੈ। ੧੬੨

ਦੋਹਰਾ

ਰਕਤਬੀਜ ਸੋ ਚੰਡਿਕਾ, ਇਉ ਕੀਨੋ ਬਹੁ ਜੁੱਧੁ।
ਅਗਨਤ ਭਏ ਦਾਨਵ ਤਬੈ,
ਕਛੁ ਨ ਬਸਾਇਓ ਕ੍ਰੁਧ ।੧੬੩

ਸ੍ਵੈਯਾ

ਪੇਖਿ ਦਸੋ ਦਿਸ ਤੇ ਬਹੁ ਦਾਨਵ, ਚੰਡਿ ਪ੍ਰਚੰਡ ਤਚੀ ਅੱਖੀਆਂ।
ਤਬ ਲੈਕੇ ਕ੍ਰਿਪਾਨ ਜੁ ਕਾਟ ਦਏ,
ਅਰਿ ਫੂਲ ਗੁਲਾਬਕੀ ਜਿਉ ਪਖੀਆਂ।
ਸ੍ਰਉਨ ਕੀ ਛੀਟ ਪਰੀ ਤਨ ਚੰਡਿ ਕੋ,
ਸੋ ਉਪਮਾ ਕਵਿ ਨੇ ਲਖੀਆਂ।
ਜਨੁ ਕੰਚਨ ਮੰਦਿਰ ਮੈ ਜਰੀਆਂ ਜ਼ਰਿ
ਲਾਲ ਮਨੀ ਜੁ ਬਨਾ ਰਖੀਆਂ। ੧੬੪
ਕ੍ਰੁੱਧ ਕੈ ਜੁੱਧ ਕਰਿਓ ਬਹੁ ਚੰਡਿ ਨ,
ਏਤੋ ਕਰਿਓ ਮਧੁ ਸੋ ਅਬਿਨਾਸੀ।
ਦੈਤਨ ਕੇ ਬਧ ਕਾਰਨ ਕੋ,
ਨਿਜ ਭਾਲ ਤੇ ਜੁਆਲ ਕੀ ਲਾਟ ਨਿਕਾਸੀ।
ਕਾਲੀ ਪ੍ਰਤੱਛ ਭਈ ਤਿਹ ਤੇ ਰਨਿ,
ਫੈਲ ਰਹੀ ਭਯ ਭੀਰੁ ਪ੍ਰਭਾ ਸੀ।
ਮਾਨਹੁ ਸ੍ਰਿੰਗ ਸੁਮੇਰ ਕੋ ਫੋਰਿ ਕੈ,
ਧਾਰ ਪਰੀ ਧਰਿ ਪੈ ਜਮੁਨਾ ਸੀ। ੧੬੫

ਸ੍ਵੈਯਾ

ਮੇਰੁ ਹਲਿਓ ਦਹਲਿਓ ਸੁਰਲੋਕੁ, ਦਸੋ ਦਿਸ ਭੂਧਰ ਭਾਜਤ ਭਾਰੀ।
ਚਾਲਿ ਪਰਿਓ ਤਿਹ ਚਉਦਹਿ ਲੋਕ ਮੈ,
ਬ੍ਰਹਮ ਭਇਓ ਮਨ ਮੈ ਭ੍ਰਮ ਭਾਰੀ।
ਧਿਆਨ ਰਹਿਓ ਨ ਜਟੀ ਸੁ ਫਟੀ ਧਰਿ,
ਯੋ ਬਲਿ ਕੈ ਰਨ ਮੈ ਕਿਲਕਾਰੀ।
ਦੈਤਨ ਕੇ ਬਧਿ ਕਾਰਨ ਕੋ,

ਕਰਿ ਕਾਲ ਸੀ ਕਾਲੀ ਕ੍ਰਿਪਾਨ ਸੰਭਾਰੀ। ੧੬੬

ਦੋਹਰਾ

ਚੰਡੀ ਕਾਲੀ ਦੁਹੂੰ ਮਿਲਿ, ਕੀਨੋ ਇਹੈ ਬਿਚਾਰ।
ਹਉ ਹਨਿ ਹੋ ਤੂੰ ਸ੍ਰਉਨ ਪੀ, ਅਰਿ ਦਲਿ ਡਾਰਹਿ ਮਾਰਿ। ੧੬੭

ਸ੍ਵੈਯਾ

ਕਾਲੀ ਅਉ ਕੇਹਰਿ ਸੰਗਿ ਲੈ ਚੰਡਿ,
ਸੁਘੇਰੇ ਸਬੈ ਬਨ ਜੈਸੇ ਦਵਾ ਪੈ।
ਚੰਡਿ ਕੇ ਬਾਨਨ ਤੇਜ ਪ੍ਰਭਾਵ ਤੇ, ਦੈਤ ਜਰੈ ਜੈਸੇ ਈਟ ਅਵਾ ਪੈ।
ਕਾਲਿਕਾ ਸ੍ਰਉਨ ਪੀਓ ਤਿਨ ਕੋ,
ਕਵਿ ਨੇ ਮਨ ਮੈ ਲੀਯੋ ਭਾਉ ਭਵਾ ਪੈ।
ਮਾਨਹੁ ਸਿੰਧੁ ਕੋ ਨੀਰ ਸਬੈ ਮਿਲਿ,
ਧਾਇ ਕੈ, ਜਾਇ ਪਰੋ ਹੈ ਤਵਾ ਪੈ। ੧੬੮
ਚੰਡਿ ਹਨੇ ਅਰੁ ਕਾਲਿਕਾ ਕੋਪ ਕੈ,
ਸ੍ਰਉਨਤ ਬਿੰਦਨ ਸੋ ਇਹ ਕੀਨੋ।
ਖਗ ਸੰਭਾਰ ਹਕਾਰ ਤਬੈ ਕਿਲਕਾਰ ਬਿਦਾਰ ਸਭੈ ਦਲੁ ਦੀਨੋ।
ਆਮਿਖ ਸ੍ਰੋਨ ਅਚਿਓ ਬਹੁ ਕਾਲਿਕਾ,
ਤਾਂ ਛਬਿ ਮੈ ਕਵਿ ਇਉ ਮਨਿ ਚੀਨੋ।
ਮਾਨੋ ਛੁਧਾ ਤਰੁ ਹੁਇ ਕੈ ਮਨੁਛ,
ਸੁ ਸਾਲਨ ਲਾਸਹਿ ਸੁ ਬਹੁ ਪੀਨੋ। ੧੬੯

ਸ੍ਵੈਯਾ

ਜੁੱਧ ਰਕਤ੍ਰ ਬੀਜ ਕਰਿਯੋ, ਧਰਨੀ ਪਰ ਸੈ ਸੁਰ ਦੇਖਤ ਸਾਰੇ।
ਜੇਤਕ ਸ੍ਰੋਨ ਕੀ ਬੂੰਦ ਗਿਰੈ,ਉਠਿ ਤੇਤਕ ਰੂਪ ਅਨੇਕਹਿ ਧਾਰੇ।
ਜੁਗਨਿ ਆਨਿ ਫਿਰੀ ਚਹੂੰ ਓਰ ਤੇ
ਸੀਸ ਜਟਾ ਕਰਿ ਖੱਪਰ ਭਾਰੇ।
ਸ੍ਰੋਨਤ ਬੂੰਦ ਪਰੈਂ ਅਚਵੈਂ ਸਭ,
ਖੱਗ ਲੈ ਚੰਡ ਪ੍ਰਚੰਡ ਸੰਘਾਰੇ। ੧੭੦
ਕਾਲੀ ਅਉ ਚੰਡਿ ਕੁਵੰਡ, ਸੰਭਾਰ ਕੇ,
ਦੈਤ ਸੋ ਜੁੱਧ ਨਿਸੰਗ ਸਜਿਓ ਹੈ।
ਮਾਰ ਮਹਾਂ ਰਨ ਮੱਧ ਭਈ,
ਪਰਹੋਕ ਲਉ ਸਾਰ ਸੋ ਸਾਰ ਬਜਿਓ ਹੈ।
ਸ੍ਰਉਨਤ ਬਿੰਦ ਗਿਰਿਓ ਧਰਨੀ ਪਰ,
ਇਉਂ ਅਸਿ ਸੋ ਅਰਿ-ਸੀਸ ਭਜਿਓ ਹੈ।
ਮਾਨੋ ਅਤੀਤ ਕਰਿਯੋ ਚਿਤ ਕੋ,

ਧਨਵੰਤ ਸਭੈ ਨਿਜ ਮਾਲ ਤਜਿਓ ਹੈ। ੧੭੧

ਸੋਰਠਾ

ਚੰਡੀ ਦਇਓ ਬਿਦਾਰ, ਸ੍ਰਉਨ ਪਾਨ ਕਾਲੀ ਕਰਿਓ।
ਛਿਨ ਮੈ ਡਾਰਿਓ ਮਾਰ, ਸ੍ਰਉਨਤ ਬਿੰਦ ਦਾਨਵ ਮਹਾ। ੧੭੨
ਇਤਿ ਸ੍ਰੀ ਮਾਰਕੰਡੇ ਪੁਰਾਣੇ, ਸ੍ਰੀ ਚੰਡੀ ਚਰਿਤ੍ਰ (ਉਕਤਿ ਬਿਲਾਸ)
ਰਕਤ ਬੀਜ ਬਧਹਿ ਨਾਮ, ਪੰਚਮੋ ਧਿਆਇ। ੫

ਸ੍ਵੈਯਾ

ਤੁੱਛ ਬਚੇ ਭਜ ਕੈ ਰਨ ਤਿਆਗ ਕੈ,
ਸੁੰਭ ਨਿਸੁੰਭ ਪੈ ਜਾਇ ਪੁਕਾਰੇ।
"ਸ੍ਰਉਨਤ ਬੀਜ ਹਨਿਓ ਦੁਹ ਨੈ ਮਿਲਿ,
ਅਉਰ ਮਹਾ ਭਟ ਮਾਰ ਬਿਦਾਰੇ।
ਇਉ ਸੁਨਿ ਕੈ ਉਨਿ ਕੇ ਮੁਖ ਤੇ,
ਤਬ ਬੋਲਿ ਉਠਿਓ ਕਰਿ ਖੱਗ ਸੰਭਾਰੇ।
ਇਉ ਹਨਿ ਹੌ ਬਰ ਚੰਡਿ ਪ੍ਰਚੰਡਿ
ਅਜਾ ਬਨ ਮੈ ਜਿਮ ਸਿੰਘ ਪਛਾਰੇ। ੧੭੩

ਦੋਹਰਾ

ਸਕਲ ਕਟਕ ਕੇ ਭਟਨ ਕੋ ਦਈਓ ਜੁੱਧ ਕੋ ਸਾਜ।
ਸਸਤ੍ਰ ਪਹਰ ਕੈ ਇਉਂ ਕਹਿਓ ਹਨਿਹੌ ਚੰਡਹਿ ਆਜ। ੧੭੪

ਸ੍ਵੈਯਾ

ਕੋਪ ਕੈ ਸੁੰਭ ਨਿਸੁੰਭ ਚਢੇ, ਧੁਨਿ ਦੁੰਦਭਿ ਕੀ ਦਸਹੂੰ ਦਿਸ ਪਾਈ।
ਪਾਇਕ ਅਗ੍ਰ ਭਏ ਮਧਿ ਬਾਜ, ਰਥੀ ਰਥ ਸਾਜ ਕੈ ਪਾਂਤਿ ਬਨਾਈ।
ਮਾਤੇ ਮਤੰਗ ਕੇ ਪੁੰਜਨ ਊਪਰਿ, ਸੁੰਦਰ ਤੁੰਗ ਧੁਜਾ ਫਹਰਾਈ।
ਸਕ੍ਰ ਸੋ ਜੁੱਧ ਕੇ ਹੇਤ ਮਨੋ,
ਧਰਿ ਛਾਡਿ ਸਪੱਛ ਉਡੇ ਗਿਰਰਾਈ। ੧੭੫

ਦੋਹਰਾ

ਸੁੰਭ ਨਿਸੁੰਭ ਬਨਾਇ ਦਲੁ ਘੇਰਿ ਲਇਓ ਗਿਰਰਾਜ।
ਕਵਚ ਅੰਗ ਕਸਿ ਕੋਪ ਕਰਿ,
ਉਠੇ ਸਿੰਘ ਜਿਉਂ ਗਾਜ। ੧੭੬

ਸ੍ਵੈਯਾ

ਸੁੰਭ ਨਿਸੁੰਭ ਸੁ ਬੀਰ ਬਲੀ, ਮਨਿ ਕੋਪ ਭਰੇ ਰਨ-ਭੂਮਹਿ ਆਏ।
ਦੇਖਨ ਮੈ ਸੁਭ ਅੰਗ ਉਤੰਗ,
ਤੁਰਾ ਕਰਿ ਤੇਜ ਧਰਾ ਪਰ ਧਾਏ।
ਧੂਰ ਉਡੀ ਤਬ ਤਾ ਛਿਨ ਮੈ,
ਤਿਹ ਕੋ ਕਨ ਤਾ ਪਗ ਸੋਂ ਲਪਟਾਏ।
ਠਉਰ ਅਡੀਠ ਕੇ ਜੇ ਕਰਬੇ ਕਹਿ,
ਤੇਜਿ ਮਨੋ ਮਨ ਸੀਖਨ ਆਏ। ੧੭੭

ਦੋਹਰਾ

ਚੰਡਿ ਕਾਲਿਕਾ ਸ੍ਰਵਨ ਮੈ ਤਨਿਕ ਭਨਕ ਸੁਨਿ ਲੀਨ।
ਉਤਰਿ ਸ੍ਰਿੰਗ ਗਿਰ-ਰਾਜ ਤੇ ਮਹਾਂ ਕੁਲਾਹਲਿ ਕੀਨ। ੧੭੮

ਸ੍ਵੈਯਾ

ਆਵਤ ਦੇਖਿ ਕੈ ਚੰਡ ਪ੍ਰਚੰਡਿ ਕੋ ਕੋਪ ਕਰਿਓ ਮਨ ਮੈ ਅਤਿ ਦਾਨੋ।
ਨਾਸ ਕਰੋਂ ਇਹ ਕੋ ਛਿਨ ਮੈ ਕਰਿ ਬਾਨ ਸੰਭਾਰ ਬਡੋ ਧਨੁ ਤਾਨੋ।
ਕਾਲੀ ਕੇ ਬਕ੍ਰ ਬਿਲੋਕਨ ਤੇ,
ਸੁ ਉਠਿਓ ਮਨ ਮੈ ਭ੍ਰਮ ਜਿਉਂ ਜਮ ਜਾਨੋ।
ਬਾਨ ਸਮੂਹ ਚਲਾਇ ਦਏ ਕਿਲਕਾਰ
ਉਠਿਓ ਜੁ ਪ੍ਰਲੈ ਘਨ ਮਾਨੋ। ੧੭੯
ਬੈਰਨ ਕੇ ਘਨ ਸੋ ਦਲ ਪੈਠਿ,
ਲਇਓ ਕਰਿ ਮੈ ਧਨੁ ਸਾਇਕੁ ਐਸੇ।
ਸਿਆਮ ਪਹਾਰ ਸੇ ਦੈਂਤ ਹਨੇ,
ਤਮ ਜੈਸੇ ਹਰੇ ਰਵਿ ਕੀ ਕਿਰਨੈਸੇ।
ਭਾਜ ਗਈ ਧੁਜਨੀ ਡਰਿ ਕੈ,
ਕਬਿ ਕੋਉ ਕਹੈ ਤਿਹ ਕੀ ਛਬਿ ਕੈਸੇ।
ਭੀਮ ਕੋ ਸ੍ਰਉਨ ਭਰਿਓ ਮੁਖ ਦੇਖਿ ਕੈ,
ਛਾਡਿ ਚਲੇ ਰਨ ਕਉਰਉ ਜੈਸੇ। ੧੮੦

ਕਬਿਤੁ

ਆਗਿਆ ਪਾਇ ਸੁੰਭ ਕੀ,
ਸੁ ਮਹਾਂ ਬੀਰ ਧੀਰ ਜੋਧੇ,
ਆਏ ਚੰਡਿ ਉਪਰ ਸੁ ਕ੍ਰੋਧ ਕੈ ਬਨੀ ਠਨੀ।
ਚੰਡਿਕਾ ਲੈ ਬਾਨ ਅਉ ਕਮਾਨ, ਕਾਲੀ ਕਿਰਪਾਨ,
ਛਿਨ ਮਧਿ ਕੈ ਕੈ ਬਲ ਸੁੰਭ ਕੀ ਹਨੀ ਅਨੀ।
ਡਰਤ ਜਿ ਖੇਤ ਮਹਾਂ ਪ੍ਰੇਤ ਕੀਨੇ ਬਾਨਨ ਸੋ,
ਬਿਚਲ ਬਿਥਰ ਐਸੇ ਭਾਜਗੀ ਅਨੀਕਿਨੀ।

ਜੈਸੇ ਬਾਰੂਥਲ ਮੈ ਸਬੂਹ ਬਹੈ ਪਉਨ ਹੂੰ ਕੈ,
ਧੂਰਿ ਉਡਿ ਚਲੇ ਹੁਇ ਕੈ ਕੌਟਿਕ ਕਨੀ ਕਨੀ। ੧੮੧

ਸ੍ਵੈਯਾ

ਖੱਗ ਲੈ ਕਾਲੀ ਅਉ ਚੰਡੀ ਕੁਵੰਡਿ,
ਬਿਲੋਕਿ ਕੈ ਦਾਨਵ ਇਉ ਦਬਟੇ ਹੈ।
ਕੇਤਕ ਚਾਬ ਗਈ ਮੁਖਿ ਕਾਲਿਕਾ,
ਕੇਤਿਨ ਕੇ ਸਿਰ ਚੰਡਿ ਕਟੇ ਹੈ।
ਸ੍ਰਉਨਤ ਸਿੰਧੁ ਭਇਓ ਧਰ ਮੈ,
ਰਨ ਛਾਡ ਗਏ ਇਕ ਦੈਂਤ ਫਟੇ ਹੈ।
ਸੁੰਭ ਪੈ ਜਾਇ ਕਹੀ ਤਿਨ ਇਉ ਬੀਰ,
ਮਹਾ ਤਿਹ ਠਉਰ ਲਟੇ ਹੈ। ੧੮੨

ਦੋਹਰਾ

ਦੇਖਿ ਭਇਆਨਕ ਜੁੱਧ ਕੋ,
ਕੀਨੋ ਬਿਸਨੁ ਬਿਚਾਰ।
ਸ਼ਕਤਿ ਸਹਾਇਤ ਕੇ ਨਮਿੱਤ,
ਭੇਜੀ ਰਨਹਿ ਮੱਝਾਰ। ੧੮੩

ਸ੍ਵੈਯਾ

ਆਇਸ ਪਾਇ ਸਭੈ ਸ਼ਕਤੀ,
ਚਲਿ ਕੈ ਤਹਾ ਚੰਡਿ ਪ੍ਰਚੰਡ ਪੈ ਆਈ।
ਦੇਵੀ ਕਹਿਓ ਤਿਨ ਕੋ ਕਰ ਆਦਰੁ,
ਆਈ ਭਲੇ ਜਨੁ ਬੋਲਿ ਪਠਾਈ।
ਤਾ ਛਬਿ ਕੀ ਉਪਮਾ ਅਤਿ ਹੀ,
ਕਵਿ ਨੇ ਅਪਨੇ ਮਨ ਮੈ ਲਖਿ ਪਾਈ।
ਮਾਨਹੁ ਸਾਵਨ ਮਾਸ ਨਦੀ ਚਲਿ ਕੈ,
ਜਲ ਰਾਸਿ ਮੈ ਆਨਿ ਸਮਾਈ। ੧੮੪

ਸ੍ਵੈਯਾ

ਦੇਖਿ ਮਹਾ ਦਲ ਦੇਵਨ ਕੋ,
ਬਰ ਬੀਰ ਸੁ ਸਾਮੁਹੇ ਜੁੱਧ ਕੋ ਧਾਏ।
ਬਾਨਨਿ ਸਾਥਿ ਹਨੇ ਬਲੁ ਕੈ,
ਰਨ ਮੈ ਬਹੁ ਆਵਤ ਬੀਰ ਗਿਰਾਏ।
ਦਾਰੁਨ ਸਾਥਿ ਚਬਾਇ ਗਈ ਕਲਿ,
ਅਉਰ ਗਹੇ ਚਹੂੰ ਓਰਿ ਬਗਾਏ।

ਰਾਵਨ ਸੋ ਰਿਸ ਕੈ ਰਨ ਮੈਂ,
ਪਤਿ ਭਾਲਕ ਜਿਉਂ ਗਿਰਰਾਜ ਚਲਾਏ। ੧੮੫
ਫੇਰ ਲੈ ਪਾਨਿ ਕ੍ਰਿਪਾਨ ਸੰਭਾਰ ਕੈ,
ਦੈਤਨ ਸੋ ਬਹੁ ਜੁੱਧੁ ਕਰਿਓ ਹੈ।
ਮਾਰ ਬਿਦਾਰ ਸੰਘਾਰ ਦਏ ਬਹੁ
ਭੂਮਿ ਪਰੇ ਭਟ ਸ੍ਰਉਨ ਝਰਿਓ ਹੈ।
ਗੂਦ ਬਹਿਓ ਅਰਿ ਸੀਸਨ ਤੇ,
ਕਵਿ ਨੇ ਤਿਹ ਕੋ ਇਹ ਭਾਉ ਧਰਿਓ ਹੈ।
ਮਾਨੋ ਪਹਾਰ ਕੇ ਸ੍ਰਿੰਗਹੁ ਤੇ,
ਧਰਨੀ ਪਰ ਆਨਿ ਤੁਸਾਰ ਪਰਿਓ ਹੈ। ੧੮੬

ਦੋਹਰਾ

ਭਾਜ ਗਈ ਧੁਜਨੀ ਸਭੈ, ਰਹਿਓ ਨ ਕਛੂ ਉਪਾਉ।
ਸੁੰਭ ਨਿਸੁੰਭਹਿ ਸੋ ਕਹਿਓ ਦਲ ਲੈ ਤੁਮ ਹੂੰ ਜਾਹੁ। ੧੮੭

ਸ੍ਵੈਯਾ

ਮਾਨ ਕੈ ਸੁੰਭ ਕੋ ਬੋਲ ਨਿਸੁੰਭੁ,
ਚਲਿਓ ਦਲ ਸਾਜਿ ਮਹਾਂ ਬਲਿ ਐਸੇ।
ਭਾਰਥ ਜਿਉਂ ਰਨ ਮੈ ਰਿਸਿ ਪਾਰਥਿ,
ਕ੍ਰੁੱਧ ਕੈ ਜੁੱਧੁ ਕਰਿਓ ਕਰਨੈ ਸੇ।
ਚੰਡਿ ਕੇ ਬਾਨ ਲਗੇ ਬਹੁ ਦੈਂਤ ਕਉ,
